# SIZE MATTERS


## ਆਓ $20,000* ਤੱਕ ਦੀ ਬੱਚਤ ਕਰੀਏ !


ਵੱਡੇ ਪ੍ਰਾਇਮਰੀ ਬੈੱਡਰੂਮ,ਵੱਡਾ ਮੇਨ ਫਲੋਰ, ਲਿਵਿੰਗ ਏਰੀਆ,ਵੱਡੇ ਗੈਰਾਜ,ਬੋਨਸ ਹੋਮ ਆਫਿਸ ਅਤੇ ਪਰਾਈਮ ਲੋਕੇਸਨ ਉੱਪਰ ਹੋਰ ਵੀ ਬਹੁਤ ਕੁੱਝ ਤੁਹਾਡੇ ਪੈਸੇ ਦੀ ਕਦਰ ਕਰਦਿਆਂ, ਵੈਸਟਾ ਦੀ ਆਫਰ ਵਿੱਚ ਸਾਮਿਲ ਹਨ!

ਇਹ ਸਾਰਾ ਕੁੱਝ ਮੁਕਾਬਲੇਬਾਜੀ ਵਾਲੀਆਂ ਕੀਮਤਾਂ ਵਿੱਚ ਸਾਮਿਲ ਹੈ!

**ਟਾਊਨ ਹੋਮ**
**$385,000 ਤੋਂ ਸ਼ੁਰੂ**









**ਰੋਅ ਹੋਮ**
**$485,000 ਤੋਂ ਸ਼ੁਰੂ**







| Vesta Townhomes | VS | Other Townhomes |
|---|---|---|
| 1,380 -1,885 sq.ft. | ਕੁੱਲ ਸਕੇਅਰ ਫੁੱਟ | 946 -1,345 sq.ft. |
| 9 ft | ਮੇਨ ਫਲੋਰ ਦੀ ਛੱਤ | 8 ft |
| 17'4 x 10'8 | ਬੈੱਡਰੂਮ | 9'5 x 9'1 |
| 15'2 x 11'1 | ਫਲੈਕਸ ਰੂਮ | 7'9 x 7'3 |
| 14'9 x 15'1 | ਕਿਚਨ | 12'7 x 13'8 |
| 14'4 x 8'2 | ਡੈੱਕ ਸਾਈਜ | 7'5 x 5'6 |

| Vesta Rowhomes | VS | Other Rowhomes |
|---|---|---|
| 1,599 -1,727 sq.ft. | ਕੁੱਲ ਸਕੇਅਰ ਫੁੱਟ | 1,170 - 1,300 sq.ft. |
| 777 - 833 sq.ft. | ਮੇਨ ਫਲੋਰ ਸਕੇਅਰ ਫੁੱਟ | 585 - 650 sq.ft. |
| 13'4 x 12'5 | ਪ੍ਰਾਇਮਰੀ ਬੈੱਡ ਰੂਮ | 12'5 x 11'5 |
| 9'4 x 6'3 | ਆਫਿਸ ਸਪੇਸ | No |
| 24' x 20' | ਗੈਰਾਜ ਸਾਈਜ | 20' x 20' |
| 2 car garage + 2 car driveway | ਪ੍ਰਾਈਵੇਟ ਪਾਰਕਿੰਗ | 2 car garage |

COPPERSTONE AT COPPERFIELD

**587.352.4266**
**COPPERSTONELIVING.COM**

SHOWHOMES & SALES CENTRE
1233 Copperfield Blvd SE,
Calgary, AB T2Z 5G1

SOUTHPOINT
A MASTER PLANNED COMMUNITY

**403.980.1979**
**VESTASOUTHPOINT.COM**

SHOWHOMES & SALES CENTRE
600 South Point Heath SW
Airdrie AB

VESTA PROPERTIES

* $20,000 off on select homes only. Home prices exclude GST.
All dimensions and sizes are approximate. Renderings and prices and subjects to change without notice. E. & O.E.

# ਕੈਲਗਰੀ ਵਿਖੇ ਗੁਰੂਦਵਾਰਾ ਦਸ਼ਮੇਸ਼ ਕਲਚਰਲ ਸੈਂਟਰ ਦੇ ਸਹਿਯੋਗ ਨਾਲ ਮਾਤਾ ਸਾਹਿਬ ਕੌਰ ਜੀ ਦੇ ਨਾਂ ਉੱਪਰ ਆਸਰਾ ਘਰ ਬਣੇਗਾ











## ਮੇਅਰ ਜੋਤੀ ਗੌਂਡੇਕ ਨੇ ਉਸਾਰੀ ਸ਼ੁਰੂ ਕਰਨ ਮੌਕੇ ਹਾਜਰੀ ਭਰੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿਖੇ ਘਰੇਲੂ ਹਿੰਸਾ ਦਾ ਸ਼ਿਕਾਰ ਹੋਈਆਂ ਬੇਸਹਾਰਾ ਔਰਤਾਂ ਅਤੇ ਬੱਚਿਆਂ ਲਈ ਗੁਰਦਵਾਰਾ ਦਸਮੇਸ ਕਲਚਰਲ ਸੈਂਟਰ ਵੱਲੋਂ ਸ਼ੁਰੂ ਕੀਤੇ ਉਪਰਾਲੇ ਸਦਕਾ ਸੈਡਲਰਿੱਜ ਟਰੇਨ ਸਟੇਸਨ ਦੇ ਨਜਦੀਕ ਮਾਤਾ ਸਾਹਿਬ ਕੌਰ ਜੀ ਟਰਾਂਜ਼ਿਸ਼ਨਲ ਹਾਊਸਿੰਗ ਦੀ ਉਸਾਰੀ ਸਬੰਧੀ ਇੱਕ ਸਮਾਗਮ ਹੋਇਆ। ਇਸ ਸਮਾਗਮ ਵਿੱਚ ਕੈਲਗਰੀ ਦੀ ਮੇਅਰ ਜੋਤੀ ਗੌਂਡੇਕ ਨੇ ਵਿਸ਼ੇਸ ਤੌਰ ਤੇ ਹਾਜਰੀ ਭਰੀ। ਇਸ ਮੌਕੇ ਬੋਲਦਿਆਂ ਉਹਨਾਂ ਆਖਿਆ ਕਿ ਸਾਡੇ ਭਾਈਚਾਰੇ ਸਮੇਤ ਹੋਰਾਂ ਨੂੰ ਵੀ ਅਜਿਹੇ ਸੈਂਟਰ ਦੀ ਲੋੜ ਸੀ। ਗੁਰੂਘਰ ਵੱਲੋਂ ਉਸਾਰੇ ਜਾ ਰਹੇ ਇਸ ਸੈਂਟਰ ਦੀ ਵਿਲੱਖਣਤਾ ਇਹ ਹੋਵੇਗੀ ਕਿ ਇਹ ਸਿਰਫ ਸਿੱਖ ਭਾਈਚਾਰੇ ਲਈ ਹੀ ਨਹੀਂ ਸਗੋਂ ਹੋਰਨਾਂ ਸਭ ਭਾਈਚਾਰਿਆਂ ਦੀਆਂ ਜਰੂਰਤਮੰਦ ਔਰਤਾਂ ਅਤੇ ਬੱਚਿਆਂ ਲਈ ਹੋਵੇਗਾ। ਸਾਬਕਾ ਪ੍ਰਧਾਨ ਸ਼ ਅਮਨਪ੍ਰੀਤ ਸਿੰਘ ਗਿੱਲ ਨੇ ਸਮੁੱਚੇ ਭਾਈਚਾਰੇ ਅਤੇ ਰਾਜਨੀਤਕ ਸਖ਼ਸੀਅਤਾਂ ਦਾ ਧੰਨਵਾਦ ਕੀਤਾ ਜਿਹਨਾਂ ਨੇ ਇਸ ਪ੍ਰੋਜੈਕਟ ਲਈ ਹਰ ਮੋੜ ਉੱਪਰ ਮੱਦਦ ਕੀਤੀ।

ਮੌਜੂਦਾ ਪ੍ਰਧਾਨ ਸ: ਬਲਜਿੰਦਰ ਸਿੰਘ ਗਿੱਲ ਨੇ ਮਨੁੱਖਤਾ ਦੇ ਭਲੇ ਵਿੱਢੇ ਇਸ ਕਾਜ ਦੀ ਮੁਬਰਾਕਬਾਦ ਦਿੱਤੀ ਅਤੇ ਸਿਟੀ ਆਫ ਕੈਲਗਰੀ ਦਾ ਧੰਨਵਾਦ ਕੀਤਾ ਜਿਹਨਾਂ ਨੇ ਇਹ ਜਗਾਹ ਮੁਹੱਈਆ ਕਰਵਾਈ ਹੈ। ਚੇਅਰਮੈਨ ਗੁਰਜੀਤ ਸਿੰਘ ਸਿੱਧੂ ਨੇ ਪਿਛਲੇ ਸਮੇਂ ਦੌਰਾਨ ਗੁਰੂਘਰ ਦੀ ਪਰਬੰਧਕੀ ਕਮੇਟੀ ਦਾ ਧੰਨਵਾਦ ਕੀਤਾ ਜਿਹਨਾਂ ਨੇ ਇਸ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਾਰਜ ਆਰੰਭੇ। ਐਮ ਐਲ ਏ ਰਾਜਨ ਸਾਹਨੀ ਨੇ ਆਖਿਆ ਕਿ ਅਜਿਹੇ ਉਪਰਾਲੇ ਬਹੁਤ ਸਾਰੇ ਲੋਕਾਂ ਦੀ ਜ਼ਿੰਦਗੀ ਵਿੱਚ ਬਦਲਾਅ ਲਿਆਉਣਗੇ। ਵਾਰਡ 5 ਤੋਂ ਕੌਂਸਲਰ ਰਾਜ ਧਾਲੀਵਾਲ ਨੇ ਇਸ ਪ੍ਰੋਜੈਕਟ ਲਈ ਭਵਿੱਖ ਵਿੱਚ ਵੀ ਨੇਪਰੇ ਚਾੜਨ ਤੱਕ ਹਰ ਸਹਿਯੋਗ ਦਾ ਵਿਸਵਾਸ ਦਿਵਾਇਆ। ਇਸ ਮੌਕੇ ਕੈਲਗਰੀ ਦੇ ਹੋਰ ਵੀ ਬਹੁਤ ਸਾਰੇ ਪਤਵੰਤੇ ਸੱਜਣ ਹਾਜਿਰ ਸਨ।

SUPERVISA
Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
Punjab Insurance Inc

Harpinder Sidhu
REGIONAL MANAGER
403 404 3500
sidhu.harpinder@gmail.com
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
SERVICES
- Life Insurance
- Mortgage Insurance
- Critical Illness Insurance
- Disability Insurance

Gurinder Chahal
MANAGER
587 707 7000
cgyquotes@gmail.com

A PLUS
- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।
A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2

Kewal Sangha
587 582 6666
- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।
A Plus
Immigration & NRI Solutions
nriservicecalgary@gmail.com


COLD IRON
TRUCK CENTER
SALE LEASING WARRANTY

212 - 6958 76 Ave NW, Edmonton
+1-416-560-2250, +1-780-904-0005
www.coldirontrucks.com
WE BUY, WE SELL
TRUCKS & TRAILERS

## ਸਾਡੇ ਦਬਾਅ ਕਾਰਨ ਕੰਪਨੀਆਂ ਨੇ ਖਾਣ ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਨਿਰਧਾਰਿਤ ਕੀਤੀਆਂ - ਜਗਮੀਤ ਸਿੰਘ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਐਨ ਡੀ ਪੀ ਲੀਡਰ ਜਗਮੀਤ ਸਿੰਘ ਨੇ ਪਿਛਲੇ ਦਿਨੀਂ ਫੈਡਰਲ ਸਰਕਾਰ ਕੋਲੋਂ ਮੰਗ ਕੀਤੀ ਸੀ ਕਿ ਵੱਡੇ ਵੱਡੇ ਗਰੋਸਰੀ ਸਟੋਰਾਂ ਵੱਲੋਂ ਖਾਣ ਪੀਣ ਦੀਆਂ ਚੀਜ਼ਾਂ ਦੇ ਲਗਾਤਾਰ ਵਧਾਈਆਂ ਜਾ ਰਹੀਆਂ ਕੀਮਤਾਂ ਦੀ ਜਾਂਚ ਕੀਤੀ ਜਾਵੇ। ਕਿਉਂਕਿ ਹੁਣ ਜਦੋਂ ਬਾਕੀ ਚੀਜ਼ਾਂ ਦੀਆਂ ਕੀਮਤਾਂ ਘੱਟ ਹੋ ਰਹੀਆਂ ਹਨ ਤਾਂ ਖਾਣ ਪੀਣ ਦੀਆਂ ਚੀਜ਼ਾਂ ਜਾਂ ਗਰੋਸਰੀ ਦੀਆਂ ਕੀਮਤਾਂ ਘੱਟ ਕਿਉਂ ਨਹੀਂ ਹੋ ਰਹੀਆਂ। ਜਗਮੀਤ ਸਿੰਘ ਨੇ ਆਖਿਆ ਕਿ ਉਨਾਂ ਦੇ ਦਬਾਅ ਕਾਰਨ ਗਰੋਸਰੀ ਸਟੋਰ ਚਲਾ ਰਹੀਆਂ ਕੰਪਨੀਆਂ ਨੇ ਕਈ ਚੀਜ਼ਾਂ ਦੀਆਂ ਕੀਮਤਾਂ ਨਿਰਧਾਰਿਤ ਕਰਨ ਅਤੇ ਇਨਾਂ ਕੀਮਤਾਂ 'ਚ ਵਾਧਾ ਨਾ ਕਰਨ ਦਾ ਐਲਾਨ ਕੀਤਾ ਹੈ। ਊਹਨਾ ਇਸ ਸਬੰਧੀ ਬਲਅੱਸ ਵੱਲੋਂ ਨੋ ਨੇਮ ਆਈਟਮਾਂ ਦੀਆਂ ਕੀਮਤਾਂ ਨਿਰਧਾਰਤ ਕਰਨ ਦੀ ਉਦਾਹਰਣ ਵੀ ਸਾਂਝੀ ਕੀਤੀ ਹੈ।


## ਟਾਊਨ ਹਾਲ ਮਿਲਣੀ ਦੌਰਾਨ ਐਮ ਐਲ ਏ ਇਰਫਾਨ ਸਾਬਿਰ ਅਤੇ ਹੋਰਨਾਂ ਮਾਹਿਰਾਂ ਨੇ ਨਸ਼ਿਆਂ ਅਤੇ ਮਾੜੇ ਘਰੇਲੂ ਹਾਲਾਤਾਂ ਨਾਲ ਨਜਿੱਠਣ ਸਬੰਧੀ ਜਾਣਕਾਰੀ ਸਾਂਝੀ ਕੀਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਗਰ ਪੰਜਾਬ ਦੀ ਧਰਤੀ ਤੋਂ ਬੈਠੇ ਨਜ਼ਰ ਮਾਰੀਏ ਤਾਂ ਕਨੇਡਾ ਇੱਕ ਬਹੁਤ ਹੀ ਸੋਹਣਾ ਖੁਸਹਾਲ ਅਤੇ ਤੰਦਰੁਸਤ ਸਮਾਜ ਵਾਲਾ ਦਿਖਾਈ ਦਿੰਦਾ ਹੈ ਪਰ ਅਸਲ ਵਿੱਚ ਸੱਚਾਈ ਕੁੱਝ ਹੋਰ ਹੈ । ਨਸ਼ਿਆਂ ਦਾ ਦੈਂਤ ਇਸ ਮੁਲਕ ਅੰਦਰ ਵੀ ਆਪਣੇ ਜਬਾੜੇ ਪੂਰੀ ਤਰਾਂ ਖੋਲਕੇ ਬੈਠਾ ਹੋਇਆ ਹੈ। ਆਰਥਿਕ ਦੌੜ ਅਤੇ ਆਪਣੇ ਆਲੇ ਦੁਆਲੇ ਅਸਥਿਰਤਾ ਕਾਰਣ ਮਾਨਸਿਕ ਪ੍ਰੇਸਾਨੀ ਨਾਲ ਵੀ ਸਮਾਜ ਦਾ ਵੱਡਾ ਹਿੱਸਾ ਇਸ ਵੇਲੇ ਜੂਝ ਰਿਹਾ ਹੈ। ਨਸ਼ਿਆਂ ਕਾਰਣ ਦਿਨ ਬਦਿਨ ਘਰੇਲੂ ਹਾਲਾਤਾਂ ਉੱਪਰ ਪੈਂਦੇ ਮਾੜੇ ਅਸਰ ਅਤੇ ਮਾਨਸਿਕ ਸਿਹਤ ਦੀ ਤੰਦਰੁਸਤੀ ਲਈ ਹਲਕਾ ਕੈਲਗਰੀ ਭੁੱਲਰ ਮੈਕਾਲ ਤੋਂ ਐਨ ਡੀ ਪੀ ਪਾਰਟੀ ਵੱਲੋਂ ਐਮ ਐਲ ਏ ਇਰਫਾਨ ਸਾਬਿਰ ਵੱਲੋਂ ਇੱਕ ਟਾਊਨ ਹਾਲ ਮਿਲਣੀ ਦਾ ਆਯੋਜਿਨ ਕੈਲਗਰੀ ਦੇ ਨਾਰਥ ਈਸਟ ਏਰੀਆਂ ਅੰਦਰ ਹੀ ਜੈਨੇਸਿਸ ਸੈਂਟਰ ਵਿਖੇ ਕੀਤਾ ਗਿਆ। ਕੈਲਗਰੀ ਪੁਲਿਸ, ਸਿਹਤ ਸਬੰਧੀ ਸੰਸਥਾਵਾਂ ਅਤੇ ਭਾਈਚਾਰੇ ਵੱਲੋਂ ਵੱਖੋ ਵੱਖ ਖੇਤਰਾਂ ਵਿੱਚ ਕੰਮ ਕਰਦੇ ਸਮਾਜ ਸੇਵੀ ਇਸ ਦਾ ਹਿੱਸਾ ਬਣੇ। ਘਰਾਂ ਅੰਦਰ ਨਸ਼ਿਆਂ ਕਾਰਣ ਬਣਦੇ ਐਮਰਜੈਂਸੀ ਹਾਲਤਾਂ ਨੂੰ ਮੌਕੇ ਸਿਰ ਕਿਵੇਂ ਸੰਭਾਲਣਾ ਹੈ,ਮੁਢਲੀ ਸਹਾਇਤਾ ਕਿਵੇਂ ਦੇਣੀ ਹੈ,ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਗਈ। ਵੱਖੋ ਵੱਖ ਮਾਹਿਰ ਬੁਲਾਰਿਆਂ ਤੋਂ ਇਲਾਵਾ ਕੈਲਗਰੀ ਭੁੱਲਰ ਮੈਕਾਲ ਹਲਕੇ ਤੋਂ ਐਮ ਐਲ ਏ ਇਰਫਾਨ ਸਾਬਿਰ, ਸ਼ਾਨ ਅਲੀ ਅਤੇ ਹੋਰਨਾਂ ਨੇ ਆਪਣੇ ਵਿਚਾਰ ਹਾਜਰੀਨ ਨਾਲ ਸਾਂਝੇ ਕੀਤੇ।





















# ਚੌਥੇ ਪੁਸਤਕ ਮੇਲੇ ਤੇ ਕੈਲਗਰੀ ਦੇ ਪਾਠਕਾਂ ਨੇ ਵੱਡੀ ਗਿਣਤੀ ਵਿੱਚ ਕਿਤਾਬਾਂ ਖਰੀਦੀਆਂ

## ਸੋਲੋ ਨਾਟਕ 'ਧਨੁ ਲੇਖਾਰੀ ਨਾਨਕਾ' 22 ਅਕਤੂਬਰ ਨੂੰ ਕੈਲਗਰੀ ਵਿਖੇ ਹੋਵੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਐਤਵਾਰ 16 ਅਕਤੂਬਰ, 2022 ਨੂੰ ਮਾਸਟਰ ਭਜਨ ਸਿੰਘ ਤੇ ਟੀਮ ਵੱਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਚੌਥਾ ਤੇ ਆਖ਼ਰੀ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ। ਇਸ ਮੌਕੇ ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਕਿਤਾਬਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਆਪਣੇ ਘਰਾਂ ਵਿੱਚ ਮਿੰਨੀ ਲਾਇਬ੍ਰੇਰੀਆਂ ਵੀ ਬਣਾਉਣ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਸਾਲ ਦਾ ਇਹ ਆਖਰੀ ਮੇਲਾ ਹੈ ਤੇ ਇਸ ਤੋਂ ਬਾਅਦ ਠੰਡ ਕਾਰਨ ਬਾਹਰ ਦੀਆਂ ਗਤੀਵਿਧੀਆਂ ਘਟ ਜਾਂਦੀਆਂ ਹਨ ਤਾਂ ਕਿਤਾਬਾਂ ਤੁਹਾਡੀਆਂ ਸਾਥੀ ਬਣ ਸਕਦੀਆਂ ਹਨ। ਇਹ ਮੇਲਾ ਬੇਸ਼ਕ ਆਖਰੀ ਹੈ, ਪਰ ਤੁਸੀ ਕਿਸੇ ਸਮੇਂ ਵੀ ਫ਼ੋਨ ਕਰਕੇ ਕਿਤਾਬਾਂ ਲੈ ਸਕਦੇ ਹੋ। ਉਨ੍ਹਾਂ ਪਾਠਕਾਂ ਨੂੰ ਸੁਝਾਅ ਦਿੱਤਾ ਕਿ ਸਾਨੂੰ ਆਪਣੇ ਬੱਚਿਆਂ ਵਿੱਚ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਪੈਦਾ ਕਰਨਾ ਚਾਹੀਦਾ ਹੈ। ਉਨ੍ਹਾਂ ਮੀਡੀਏ ਵੱਲੋਂ ਅੱਜ ਦੇ ਮੇਲੇ ਲਈ ਕਵਰੇਜ ਕਰਨ ਆਏ ਰਿਸ਼ੀ ਨਾਗਰ, ਰੈਡ ਐਫ ਐਮ ਰੇਡੀਉ, ਹਰਬੰਸ ਬੁੱਟਰ ਤੇ ਗਗਨ ਜਟਾਣਾ, ਪੰਜਾਬੀ ਅਖਬਾਰ ਤੇ ਪ੍ਰਾਈਮ ਏਸ਼ੀਆ ਟੀ ਵੀ, ਹਰਚਰਨ ਪ੍ਰਹਾਰ, ਸਿੱਖ ਵਿਰਸਾ ਦਾ ਸਹਿਯੋਗ ਲਈ ਧੰਨਵਾਦ ਕੀਤਾ।




ਇਸ ਪੁਸਤਕ ਮੇਲੇ ਦਾ ਉਦਘਾਟਨ ਪ੍ਰੋਗਰੈਸਿਵ ਕਲਾ ਮੰਚ ਦੇ ਕਲਾਕਾਰ ਕਮਲ ਸਿੱਧੂ ਵੱਲੋਂ ਕੀਤਾ ਗਿਆ। ਇੱਥੇ ਯਾਦ ਰਹੇ ਕਿ ਕਮਲ ਸਿੱਧੂ ਨੇ ਪੁਸਤਕ ਮੇਲਿਆਂ ਤੋਂ ਉਤਸ਼ਾਹਿਤ ਹੋ ਕੇ ਆਪਣੇ ਘਰ ਦੇ ਬਾਹਰ ਪਾਠਕਾਂ ਦੇ ਪੜ੍ਹਨ ਲਈ ਲਾਇਬ੍ਰੇਰੀ ਬਣਾਈ ਹੋਈ ਹੈ, ਜਿੱਥੋ ਕੋਈ ਵੀ ਪਾਠਕ ਕਿਤਾਬ ਲੈ ਸਕਦਾ ਹੈ ਤੇ ਪੜ੍ਹ ਕੇ ਉੱਥੇ ਵਾਪਿਸ ਰੱਖ ਸਕਦਾ ਹੈ। ਇੱਕ ਰੋਜ਼ਾ ਇਸ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਨਾ ਸਿਰਫ ਬੜੇ ਉਤਸ਼ਾਹ ਨਾਲ ਕਿਤਾਬਾਂ ਹੀ ਖਰੀਦੀਆਂ, ਸਗੋਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ, ਸਰੋਕਾਰਾਂ ਦੀ ਅਵਾਜ਼ ਵਲੋਂ ਸ਼ਨੀਵਾਰ 22 ਅਕਤੂਬਰ, 2022 ਨੂੰ ਡਾ ਸਾਹਿਬ ਸਿੰਘ ਦੇ ਕਰਵਾਏ ਜਾ ਰਹੇ ਸੋਲੋ ਨਾਟਕ 'ਧਨੁ ਲੇਖਾਰੀ ਨਾਨਕਾ' ਦੀਆਂ ਟਿਕਟਾਂ ਵੀ ਬੜੇ ਉਤਸ਼ਾਹ ਨਾਲ਼ ਖਰੀਦੀਆਂ। ਪ੍ਰਬੰਧਕਾਂ ਵਲੋਂ 22 ਅਕਤੂਬਰ ਦੇ ਨਾਟਕ ਸਮਾਗਮ ਵਿੱਚ ਪਹੁੰਚਣ ਦਾ ਸਭ ਨੂੰ ਖੁੱਲ੍ਹਾ ਸੱਦਾ ਦਿਤਾ। ਪੁਸਤਕ ਮੇਲੇ ਦੇ ਪ੍ਰਬੰਧਕਾਂ ਵਲੋਂ ਪਾਠਕਾਂ ਵਲੋਂ ਦਿਖਾਏ ਉਤਸ਼ਾਹ ਤੇ ਖੁਸ਼ੀ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਕਿ ਕੈਲਗਰੀ ਵਿੱਚ ਦਿਨੋਂ ਦਿਨ ਪਾਠਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵੱਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਬੇਸ਼ਕ ਇਹ ਇੱਕ ਰੋਜ਼ਾ ਪੁਸਤਕ ਮੇਲਾ ਸਮਾਪਤ ਹੋ ਗਿਆ ਸੀ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ। ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਤੇ ਨਾਟਕ ਦੀਆਂ ਟਿਕਟਾਂ ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ?




## ਹਿੰਮਤ ਦੀ ਹਿੰਮਤ ਦੇਖੋ! ਕਹਿੰਦਾ ਮੇਰੀ ਤਾਂ ਮਾਂ ਬੋਲੀ ਪੰਜਾਬੀ ਈ ਐ !!



ਇੰਗਲੈਂਡ ਵੱਸਦੇ ਸਾਡੇ ਯਾਰ ਬਾਈ ਮਨਦੀਪ ਖੁਰਮੀ ਹਿੰਮਤਪੁਰਾ ਦਾ ਪੁੱਤਰ ਹਿੰਮਤ ਖੁਰਮੀ ਹੁਣ ਮਨਦੀਪ ਦਾ ਪੁੱਤਰ ਨਹੀਂ ਸਗੋਂ ਉਹ ਤਾਂ ਹੁਣ ਪੰਜਾਬੀ ਮਾਂ ਬੋਲੀ ਦਾ ਪੁੱਤਰ ਅਖਵਾਉਣ ਲੱਗ ਗਿਐ। ਮੇਰੇ ਯਾਦ ਐ ਜਦੋਂ ਨਿੱਕਾ ਜਿਹਾ ਬਿਲਕੁੱਲ ਤੋਤਲੀ ਜ਼ੁਬਾਨ ਹੀ ਬੋਲਣ ਲੱਗਿਆ ਸੀ ਤਾਂ ਮਨਦੀਪ ਨੂੰ ਜਿੱਦ ਜਿਹੀ ਕਰਕੇ ਅੜੀ ਕਰ ਜਾਂਦਾ ਸੀ ਕਿ ਮੇਰੀ ਗੁਰਦਾਸ ਮਾਨ ਨਾਲ ਗੱਲ ਕਰਵਾ। ਇੱਕ ਬਾਰ ਮਨਦੀਪ ਨੇ ਮੈਨੂੰ ਫੋਨ ਲਾ ਲਿਆ ਕਿ ਯਾਰ ਆਹ ਮੇਰਾ ਖਹਿੜਾ ਨਹੀਂ ਛੱਡਦਾ ਲੈ ਮੈਂ ਇਸ ਨੂੰ ਫੋਨ ਫੜਾਉਂਦਾ ਹਾਂ ਤੇ ਤੂੰ ਆਖ ਦੇਵੀਂ ਕਿ ਹਾਂ ਮੈਂ ਗੁਰਦਾਸ ਮਾਨ ਹੀ ਬੋਲਦਾ ਹਾਂ । ਅਗਲੇ ਪਲ ਮੇਰੇ ਕੰਨੀ ਅਵਾਜ਼ ਪਈ !! ਕੌਂ ਦਾਸ ਬੋਦਾ(ਕੌਣ ਗੁਰਦਾਸ ਬੋਲਦਾ) ਮੈਂ ਕਿਹਾ ਹਾਂ ਪੁੱਤ ਮੈਂ ਉਹੀ ਹਾਂ । ਫਿਰ ਉਹੀ ਸਵਾਲ ---ਕੌਂ ਦਾਸ ਬੋਦਾ - --ਮੇਰੇ ਹਾਂ ਕਹਿਣ ਦੀ ਦੇਰ ਸੀ ਕਹਿੰਦਾ ਤੰਗਾ ਫੇ ਗੀਤ ਸਣਾ---- ਮੈਂ ਫਸ ਗਿਆ -ਮਸਾਂ ਖਹਿੜਾ ਛੁਡਾਇਆ ਪਰ ਉਹਦੀ ਸੂਈ ਤਾਂ ਉੱਥੇ ਈ ਅੜੀ ਹੋਈ ਸੀ ਹੁਣ ਪਤਾ ਲੱਗਾ ਕਿ ਪਿਓ ਦਾਦੇ ਵਾਂਗ ਹਿੰਮਤ ਦੇ ਕਲਾ ਵਾਲੀ ਸੂਈ ਅਜੇ ਵੀ ਅੜੀ ਹੀ ਹੋਈ ਹੈ ਤਾਂ ਹੀ ਤਾਂ ਕਹਿੰਦਾ ਹੈ ਕਿ ਮੇਰੀ ਮਾਂ ਬੋਲੀ ਪੰਜਾਬੀ ਐ। ਪੰਜਾਬੀ ਉਸਦੇ ਰਗ ਰਗ ਵਿੱਚ ਦੌੜਦੀ ਦਿਖਾਈ ਦਿੱਤੀ ਕਦੋਂ?

ਜਦੋਂ ਉਸਨੇ ਪੂਰਾ ਉੜਾ ਐੜਾ ਗਾਕੇ ਕਮਾਲ ਕਰ ਦਿੱਤੀ । ਇਉਂ ਭਲਾਂ ਤੁਹਾਨੂੰ ਕਿਵੇਂ ਪਤਾ ਲੱਗੂ।ਪਹਿਲਾਂ ਗਾਣਾ ਤਾਂ ਸੁਣਿਓ ਫਿਰ ਤੁਸੀਂ ਕਿੰਨੇ ਨੰਬਰ ਇਸ ਪੰਜਾਬੀ ਬੋਲੀ ਦੇ ਪੁੱਤਰ ਦੀ ਹੌਸਲਾ ਅਫਜਾਈ ਲਈ ਦਿੰਦੇ ਹੋ ਇਹ ਤਾਂ ਤੁਹਾਡੇ ਮਨ ਦੀ ਮੌਜ ਹੋਵੇਗੀ ਪਰ ਮੈਨੂੰ ਤਾਂ 100 ਦੀ ਉਮੀਦ ਐ

-ਹਰਬੰਸ ਬੁੱਟਰ ਸੰਪਾਦਕ ਪੰਜਾਬੀ ਅਖ਼ਬਾਰ ਕੈਨੇਡਾ

# ਸਾਊਥ ਏਸ਼ੀਅਨ ਕੈਨੇਡੀਅਨ ਐਸੋਸੀਏਸ਼ਨ ਦੀ ਮਹੀਨੇਵਾਰ ਇਕੱਤਰਤਾ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਕਤੂਬਰ ਮਹੀਨੇ ਦੇ ਪਹਿਲੇ ਹਫ਼ਤੇ ਸਾਕਾਂ ਦੇ ਪ੍ਰਧਾਨ ਸੈਮ ਸਹੋਤਾ ਦੀ ਪ੍ਰਧਾਨਗੀ ਹੇਠ ਮੈਂਬਰਾਂ ਦੀ ਇਕੱਤਰਤਾ ਸਾਕਾ ਦੇ ਦਫ਼ਤਰ ਵਿੱਚ ਹੋਈ ਸੀਨੀਅਰ ਮੀਤ ਪ੍ਰਧਾਨ ਹਰਦੀਪ ਸਿੰਘ ਸਿੱਧੂ ਨੇ ਸਾਰੇ ਮੈਂਬਰਾਂ ਨੂੰ ਜੀ ਆਇਆਂ ਆਖਦੇ ਹੋਏ ਜਨਮਦਿਨ ਦੀਆਂ ਵਧਾਈਆਂ ਦਿੱਤੀਆਂ ਆਉਣ ਵਾਲੇ ਸਮੇਂ ਲਈ ਤੰਦਰੁਸਤੀ ਦੀ ਕਾਮਨਾ ਕੀਤੀ ਸਾਕਾ ਦੀ ਵਿਚਲੀ ਮੈਂਬਰ ਹਰਮਿੰਦਰ ਕੌਰ ਚੁੱਘ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਵੀ ਧਾਰਨ ਕੀਤਾ ਗਿਆ ਅਸੀਂ ਦੁਨਿਆਵੀ ਜੀਵ ਮਾਨਵੀ ਦੁਖ ਸੁਖ ਦੋਵੇਂ ਇਕੱਠੇ ਹੀ ਚਲਦੇ ਹਨ ਮੈਂਬਰਾਂ ਦਾ ਕਾਫੀ ਭਰਵਾਂ ਇਕੱਠ ਸੀ ਕਿਉਂਕਿ ਜਨਮਦਿਨ ਮਨਾਉਣ ਦੀ ਉਡੀਕ ਵਿਚ ਬਹੁਤ ਤਾਂਘ ਰੱਖਦੇ ਹਨ



ਇਸ ਲਈ ਆਪਸੀ ਭਾਈਚਾਰੇ ਦੀ ਸਾਂਝ ਨੂੰ ਬਹੁਤ ਵੱਡਾ ਹੁੰਗਾਰਾ ਮਿਲਦਾ ਹੈ ਸਾਰਿਆਂ ਦੇ ਚਿਹਰਿਆਂ ਉਤੇ ਖੁਸ਼ੀ ਦੇ ਹਾਵ ਭਾਵ ਦਿਖਾਈ ਦਿੰਦੇ ਹਨ ਜਿਨ੍ਹਾਂ ਮੈਂਬਰਾਂ ਦਾ ਜਨਮਦਿਨ ਸਤੰਬਰ ਵਿੱਚ ਸੀ ਰਸਮੀ ਤੌਰ ਤੇ ਦਫ਼ਤਰ ਦੇ ਵਿੱਚ ਹੀ ਮਨਾਇਆ ਗਿਆ ਜਰਨੈਲ ਸਿੰਘ ਤੱਗੜ ਨੇ ਹਸਪਤਾਲਾਂ ਦੀ ਘਾਟ ਹੋਣ ਕਰਕੇ ਮਰੀਜ਼ਾਂ ਨੂੰ ਬਹੁਤ ਪ੍ਰੇਸ਼ਾਨੀ ਆਉਂਦੀ ਹੈ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਐਮ ਐਲ ਏ ਅਤੇ ਐਮ ਪੀ ਸਾਹਿਬਾਨ ਨੂੰ ਜਦੋਂ ਵੀ ਸਮਾਂ ਮਿਲੇ ਅਹਿਸਾਸ ਕਰਵਾਉਣਾ ਚਾਹੀਦਾ ਹੈ ਜਦੋਂ ਇਜਲਾਸ ਹੁੰਦਾ ਹੈ ਇਸ ਬਾਰੇ ਸਰਕਾਰ ਦੇ ਕੰਨੀਂ ਗੱਲ ਪਾਉਣੀ ਚਾਹੀਦੀ ਹੈ ਬਲਵਿੰਦਰ ਸਿੰਘ ਬਿਰਦੀ ਨੇ ਕੁਝ ਗਿਆਨ ਦੀਆਂ ਗੱਲਾਂ ਬਾਰੇ ਚਾਨਣਾ ਪਾਇਆ ਸੁਰਜੀਤ ਸਿੰਘ ਨਾਗਰਾ ਨੇ ਮਹਾਰਾਜਾ ਰਣਜੀਤ ਸਿੰਘ ਦੇ ਅੰਤਿਮ ਸਮੇਂ ਬਾਰੇ ਕਵੀਸ਼ਰੀ ਸੁਣਾਈ ਜਗਦੀਸ਼ ਕੌਰ ਸਰੋਆ ਨੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮਦਿਨ ਮਨਾਉਣ ਸਬੰਧੀ ਕਵਿਤਾ ਬੋਲੀ ਗੁਰਤੇਜ ਕੌਰ ਸਿੱਧੂ ਨੇ ਮਾਡਲ ਨੂੰਹ ਅਤੇ ਸੱਸ ਬਾਰੇ ਕਵਿਤਾ ਰਾਹੀਂ ਵਿਚਾਰ ਪੇਸ਼ ਕੀਤੇ ਹਰਜੀਤ ਕੌਰ ਜੌਹਲ ਨੇ ਸਹੇਲੀਆਂ ਦੀਆਂ ਪੁਰਾਣੀਆਂ ਸੱਭਿਆਚਾਰਕ ਬੋਲੀਆਂ ਅਤੇ ਗੀਤ ਪੇਸ਼ ਕੀਤਾ ਲਲਿਤਾ ਜੀ ਨੇ ਦਿਮਾਗੀ ਬੋਝ ਕਿਵੇਂ ਦੂਰ ਕੀਤਾ ਜਾ ਸਕਦਾ ਹੈ ਇਸ ਬਾਰੇ ਗਿਆਨ ਭਰਪੂਰ ਢੰਗ ਨਾਲ ਸਮਝਾਇਆ ਕਮੇਟੀ ਮੈਂਬਰ ਵਾਈਸ ਪ੍ਰਧਾਨ ਰਵਿੰਦਰਪਾਲ ਸਿੰਘ ਚਾਹਲ ਜਸਵੰਤ ਸਿੰਘ ਸਿੱਧੂ ਜਸਵੰਤ ਸਿੰਘ ਹੀਰ ਜਰਨੈਲ ਸਿੰਘ ਤੱਗੜ ਜਗਜੀਤ ਸਿੰਘ ਸੋਹੀ ਦਲਵੀਰ ਕੌਰ ਕੰਗ ਹਾਜ਼ਰ ਸਨ ਮੀਟਿੰਗ ਦੇ ਅਖੀਰ ਵਿੱਚ ਮੀਤ ਪ੍ਰਧਾਨ ਰਵਿੰਦਰਪਾਲ ਸਿੰਘ ਚਾਹਲ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਇਸ ਸਾਰੇ ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਡਿਊਟੀ ਗੁਰਮੇਲ ਸਿੰਘ ਸੰਧੂ ਨੇ ਨਿਭਾਈ।

# ਖਾਲਿਸਤਾਨੀ ਰਾਇਸ਼ੁਮਾਰੀ ਨੂੰ ਰੋਕਣ ਲਈ ਭਾਰਤ ਨੇ ਕੈਨੇਡਾ ਦੀ ਟਰੂਡੋ ਸਰਕਾਰ ਨੂੰ ਇਤਰਾਜ਼ ਪੱਤਰ ਭੇਜਿਆ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ 'ਚ 6 ਨਵੰਬਰ ਨੂੰ ਹੋਣ ਵਾਲੀ ਖਾਲਿਸਤਾਨੀ ਰਾਇਸ਼ੁਮਾਰੀ ਨੂੰ ਲੈ ਕੇ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਜਸਟਿਨ ਟਰੂਡੋ ਦੀ ਕਨੇਡੀਅਨ ਸਰਕਾਰ ਨੂੰ ਇਤਰਾਜ਼ ਪੱਤਰ ਭੇਜਿਆ ਹੈ। ਭਾਰਤ ਨੇ ਕੈਨੇਡਾ ਨੂੰ ਰਾਇਸ਼ੁਮਾਰੀ ਨੂੰ ਰੋਕਣ ਲਈ ਕਿਹਾ ਹੈ। ਭਾਰਤ ਸਰਕਾਰ ਨੇ ਕੈਨੇਡਾ ਸਰਕਾਰ ਨੂੰ ਕਿਹਾ ਹੈ ਕਿ ਇਹ ਰਾਇਸ਼ੁਮਾਰੀ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਨੂੰ ਚੁਣੌਤੀ ਦਿੰਦੀ ਹੈ। ਭਾਰਤ ਵੱਲੋਂ ਸਿੱਖ ਕੱਟੜਪੰਥੀ ਜੀ ਐਸ ਪੰਨੂ ਵੱਲੋਂ ਚਲਾਏ ਜਾ ਰਹੇ ਐਸ ਐਫ ਜੇ ਦਾ ਮੁੱਦਾ ਕੈਨੇਡੀਅਨ ਸਰਕਾਰ ਅਤੇ ਰਾਸ਼ਟਰੀ ਸੁਰੱਖਿਆ ਏਜੰਸੀਆਂ ਕੋਲ ਉਠਾਉਣ ਦੇ ਬਾਵਜੂਦ ਟਰੂਡੋ ਸਰਕਾਰ ਨੇ ਇੱਕ ਮਿਆਰੀ ਲਾਈਨ ਤਿਆਰ ਕੀਤੀ




ਹੈ ਕਿ ਉਨ੍ਹਾਂ ਦੇ ਦੇਸ਼ ਵਿੱਚ ਵਿਅਕਤੀਆਂ ਨੂੰ ਕਾਨੂੰਨ ਦੀ ਉਲੰਘਣਾ ਕੀਤੇ ਬਿਨਾਂ ਇਕੱਠੇ ਹੋਣ ਅਤੇ ਸ਼ਾਂਤੀਪੂਰਵਕ ਰਹਿਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਹੈ।

ਭਾਰਤੀ ਸੁਰੱਖਿਆ ਏਜੰਸੀਆਂ ਨੇ ਆਪਣੇ ਕੈਨੇਡੀਅਨ ਹਮਰੁਤਬਾ ਨੂੰ ਦੱਸ ਦਿੱਤਾ ਹੈ ਕਿ ਉਹ ਪੰਨੂ ਵਰਗੇ ਸਿੱਖ ਕੱਟੜਪੰਥੀਆਂ ਨੂੰ ਖਾਲਿਸਤਾਨ ਦੇ ਨਾਂ 'ਤੇ ਸਿੱਖ ਨੌਜਵਾਨਾਂ ਅਤੇ ਭਾਈਚਾਰੇ ਨੂੰ ਕੱਟੜਪੰਥੀ ਬਣਾਉਣ ਤੋਂ ਨਾ ਰੋਕ ਕੇ ਅੱਗ ਨਾਲ ਖੇਡ ਰਹੇ ਹਨ। ਤੱਥ ਇਹ ਹੈ ਕਿ ਸੀਨੀਅਰ ਭਾਰਤੀ ਅਧਿਕਾਰੀਆਂ ਨੇ ਆਪਣੇ ਕੈਨੇਡੀਅਨ ਹਮਰੁਤਬਾ ਨੂੰ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਜੇ ਟਰੂਡੋ ਸਰਕਾਰ ਨੇ ਕੱਟੜਪੰਥੀਆਂ ਨੂੰ ਨੌਜਵਾਨਾਂ ਦਾ ਬਰੇਨਵਾਸ਼ ਕਰਨ ਅਤੇ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਤੋਂ ਨਾ ਰੋਕਿਆ ਤਾਂ ਕੈਨੇਡਾ ਵਿੱਚ ਗਰਮ ਖਿਆਲੀ ਖਾਲਿਸਤਾਨ ਬਣਾ ਸਕਦੇ ਹਨ। ਹਾਲ ਹੀ ਵਿਚ ਕੱਟੜਪੰਥੀਆਂ ਨੇ ?ਂਟਾਰੀ? ਦੇ ਬਰੈਂਪਟਨ ਵਿੱਚ ਸਵਾਮੀ ਨਾਰਾਇਣ ਮੰਦਰ ਵਰਗੇ ਭਾਰਤੀ ਮੰਦਰਾਂ ਦੀ ਭੰਨ-ਤੋੜ ਕੀਤੀ ਹੈ। ਜਦ ਕਿ ਕੈਨੇਡੀਅਨ ਪੁਲਸ ਅਜੇ ਵੀ ਇਸ ਘਟਨਾ ਦੀ ਜਾਂਚ ਕਰ ਰਹੀ ਹੈ ਅਤੇ ਦੋਸ਼ੀ ਖਿਲਾਫ ਸਖ਼ਤ ਕਾਰਵਾਈ ਨਹੀਂ ਕਰ ਰਹੀ । ਓਨਟਾਰੀਓ ਦੇ ਇੱਕ ਸ਼ਹਿਰ ਵਿੱਚ 6 ਨਵੰਬਰ ਨੂੰ ਰਾਇਸ਼ੁਮਾਰੀ ਹੋ ਰਹੀ ਹੈ। ਪਹਿਲੀ ਰਾਇਸ਼ੁਮਾਰੀ 16 ਸਤੰਬਰ, 2022 ਨੂੰ ਓਨਟਾਰੀਓ ਦੇ ਬਰੈਂਪਟਨ ਵਿਚ ਹੋਈ ਸੀ। ਭਾਰਤ ਨੇ ਸਿੱਖ ਕੱਟੜਪੰਥੀ ਜੀ ਐਸ ਪੰਨੂ ਵੱਲੋਂ ਚਲਾਏ ਜਾ ਰਹੇ ਐਸ ਐਫ ਜੇ ਦਾ ਮੁੱਦਾ ਕੈਨੇਡੀਅਨ ਸਰਕਾਰ ਅਤੇ ਰਾਸ਼ਟਰੀ ਸੁਰੱਖਿਆ ਏਜੰਸੀਆਂ ਕੋਲ ਉਠਾਇਆ ਸੀ। ਇਸ ਦੇ ਬਾਵਜੂਦ ਕੈਨੇਡਾ ਵਿੱਚ ਖਾਲਿਸਤਾਨ ਲਈ ਰਾਇਸ਼ੁਮਾਰੀ ਕਰਵਾਈ ਗਈ। ਇਸ ਮਾਮਲੇ ਨਾਲ ਸਬੰਧਤ ਮਾਹਿਰਾਂ ਦਾ ਕਹਿਣਾ ਹੈ ਕਿ ਟਰੂਡੋ ਸਰਕਾਰ ਨੇ ਇਸ ਮਾਮਲੇ ਸਬੰਧੀ ਭਾਰਤ ਵਿਰੋਧੀ ਤਾਕਤਾਂ ਨੂੰ ਰੋਕਣ ਲਈ ਕੋਈ ਕਦਮ ਨਹੀਂ ਚੁੱਕਿਆ ਅਤੇ ਆਪਣੇ ਵੋਟ ਬੈਂਕ ਦੀ ਰਾਜਨੀਤੀ ਨੂੰ ਚਮਕਾਇਆ ਹੈ। ਤੱਥ ਇਹ ਹਨ ਕਿ ਅਖੌਤੀ ਰਾਇਸ਼ੁਮਾਰੀ ਨੂੰ ਕੱਟੜਪੰਥੀਆਂ ਵੱਲੋਂ ਭਾਰਤ ਵਿੱਚ ਸਿੱਖ ਕੌਮ ਨਾਲ ਹੋ ਰਹੇ ਅੱਤਿਆਚਾਰਾਂ ਦੇ ਨਾਂ 'ਤੇ ਅਮਰੀਕਾ, ਯੂ ਕੇ ਅਤੇ ਜਰਮਨੀ ਤੋਂ ਪੈਸਾ ਪ੍ਰਾਪਤ ਕਰਨ ਲਈ ਵਰਤਿਆ ਜਾਂਦਾ ਹੈ

## ਭਾਰਤੀ ਸਫਾਰਤਖਾਨੇ ਦੇ ਅਧਿਕਾਰੀ 6 ਨਵੰਬਰ ਵਾਲੇ ਦਿਨ ਖੁਦ ਕੈਲਗਰੀ ਆਕੇ ਭਾਰਤੀ ਮੂਲ ਦੇ ਲੋਕਾਂ ਨੂੰ ਲਾਈਫ ਸਰਟੀਫਿਕੇਟ ਜਾਰੀ ਕਰਨਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਮੂਲ ਦੇ ਲੋਕਾਂ ਨੂੰ ਜਿਹੜੇ ਸੇਵਾ ਮੁਕਤ ਹੋਣ ਉਪਰੰਤ ਵਿਦੇਸਾਂ ਵਿੱਚ ਰਹਿ ਰਹੇ ਹਨ ,ਉਹਨਾਂ ਨੂੰ ਆਪਣੀ ਪੈਨਸਨ ਜਾਰੀ ਰੱਖਣ ਲਈ ਹਰ ਸਾਲ ਆਪਣੇ ਜ਼ਿੰਦਾ ਹੋਣ ਦਾ ਸਬੂਤ ਦੇਣਾ ਪੈਂਦਾ ਹੈ। ਜਿਸ ਨੂੰ ਲਾਈਫ ਸਰਟੀਫਿਕੇਟ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਹਰ ਸਾਲ ਦੀ ਤਰਾਂ ਇਸ ਸਾਲ ਵੀ ਇੰਡੀਅਨ ਐਕਸ ਸਰਵਿਸਮੈਨ ਇੰਮੀਗ੍ਰਾਂਟ ਸਰਵਿਸ ਸੋਸਾਇਟੀ ਵਾਲੇ ਜਿਹਨਾਂ ਨੂੰ ਫੌਜੀਆਂ ਦੀ ਸੰਸਥਾ ਵੀ ਆਖਿਆ ਜਾਂਦਾ ਹੈ,ਉਹਨਾਂ ਵੱਲੋਂ ਇੱਕ ਦਿਨਾ ਵਿਸੇਸ ਕੈਂਪ ਦਾ ਆਯੋਜਿਨ ਕੀਤਾ ਗਿਆ ਹੈ । 6 ਨਵੰਬਰ ਵਾਲੇ ਦਿਨ ਭਾਰਤੀ ਸਫਾਰਤਖਾਨੇ ਦੇ ਅਧਿਕਾਰੀ ਕੈਲਗਰੀ ਵਿਖੇ ਖੁਦ ਆਕੇ ਲੋੜਵੰਦਾਂ ਨੂੰ ਲਾਈਫ ਸਰਟੀਫਿਕੇਟ ਜਾਰੀ ਕਰਨਗੇ। ਕੈਲਗਰੀ ਅਤੇ ਆਸਪਾਸ ਦੇ ਭਾਰਤੀ ਮੂਲ ਦੇ ਲੋਕਾਂ ਨੂੰ ਬੇਨਤੀ ਹੈ ਕਿ 25 ਅਕਤੂਬਰ 2022 ਤੋਂ ਪਹਿਲਾਂ ਪਹਿਲਾਂ ਸੋਸਾਇਟੀ ਵਿਖੇ ਆਪਣੇ ਫਾਰਮ ਭਰਵਾਕੇ ਰੱਖ ਲੈਣ ਤਾਂ ਕਿ ਉਸ ਦਿਨ ਸਮੇਂ ਸਿਰ ਤੁਹਾਨੂੰ ਲਾਈਫ ਸਰਟੀਫਿਕੇਟ ਜਾਰੀ ਕੀਤਾ ਜਾ ਸਕੇ। ਹੋਰ ਜਾਣਕਾਰੀ ਲਈ ਪ੍ਰਧਾਨ ਮਹਿੰਦਰ ਸਿੰਘ ਦਿਓਲ ਨਾਲ 587 894 0444 ਜਾਂ ਜਨਰਲ ਸਕੱਤਰ ਕੁਲਦੀਪ ਸਿੰਘ ਨਾਲ 403 619 3235 ਉਪਰ ਫੋਨ ਕਰਕੇ ਜਾਣਕਰੀ ਲਈ ਜਾ ਸਕਦੀ ਹੈ।












# ਔਰਤਾਂ ਦੀ ਜਥੇਬੰਦੀ ਦੀ ਇਹ ਮੀਟਿੰਗ ਅਕਤੂਬਰ ਮਹੀਨੇ ਦੇ ਤਿਉਹਾਰਾਂ ਅਤੇ ਡਾਕਟਰ ਬਲਵਿੰਦਰ ਕੌਰ ਬਰਾੜ ਨੂੰ ਮਿਲੇ ਸਨਮਾਨ ਨੂੰ ਸਮਰਪਿਤ ਰਹੀ

ਕੈਲਗਰੀ( ਪੰਜਾਬੀ ਅਖ਼ਬਾਰ ਬਿਉਰੋ) ਕੈਲਗਿਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਮਹੀਨਾ-ਵਾਰ ਮੀਟਿੰਗ 15 ਅਕਤੂਬਰ 2022 ਨੂੰ ਜੇਨੇਸਸ ਸੈਂਟਰ ਕੈਲਗਰੀ ਵਿਖੇ ਭੈਣਾਂ ਦੀ ਭਰਵੀਂ ਹਾਜ਼ਰੀ ਵਿੱਚ ਹੋਈ। ਮੀਟਿੰਗ ਦੀ ਸ਼ੁਰੂਆਤ ਵਿਚ ਸਭਾ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਦੇ ਜਨਮ ਦਿਨ ਨੂੰ ਮਨਾਉਦਿਆ ਕੇਕ ਕੱਟਿਆ ਗਿਆ ਅਤੇ ਮੈਂਬਰਾਂ ਨੇ ਗੀਤ ਗਾ ਉਨ੍ਹਾਂ ਨੂੰ ਵਧਾਈ ਦਿੱਤੀ। ਸਭਾ ਪ੍ਰਧਾਨ ਬਲਵਿੰਦਰ ਕੌਰ ਬਰਾੜ ਨੇ ਹਾਜ਼ਰੀਨ ਨੂੰ ਜੀ ਆਇਆਂ ਆਖਦਿਆਂ "ਪੰਜਾਬੀ ਸਾਹਿਤ ਅਤੇ ਸੱਭਿਆਚਾਰ ਸੰਮੇਲਨ" ਵਿੱਚ ਸ਼ਿਰਕਤ ਕਰਨ ਦੇ ਆਪਣੇ ਤਜ਼ਰਬੇ ਸਾਂਝੇ ਕੀਤੇ। ਸਭਾ ਦੇ ਮੈਂਬਰਾਂ ਵੱਲੋਂ ਡਾਕਟਰ ਬਲਵਿੰਦਰ ਕੌਰ ਬਰਾੜ ਨੂੰ ਸ੍ਰੀ ਵਿਖਸਨਮਾਨ ਮਿਲਣ ਉਪਰੰਤ ਵਧਾਈਆਂ ਦਿੱਤੀਆਂ ਗਈਆਂ । ਉਹਨਾਂ ਸਭ ਨੂੰ ਪਿਆਰ ਸਤਿਕਾਰ ਨਾਲ ਮਿਲ ਕੇ ਰਹਿਣ ਬਾਰੇ ਸੁਝਾਅ ਵੀ ਦਿੱਤੇ।ਸਭਾ ਮੈਂਬਰ ਹਰਮਿੰਦਰ ਚੁੱਗ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ ਦਾ ਦੁੱਖ ਪ੍ਰਗਟ ਕਰਦਿਆਂ ਵਿਛੜੀ ਰੂਹ ਨੂੰ ਸ਼ਰਧਾਂਜਲੀ ਦਿੱਤੀ ਗਈ। ਕੈਲਗਿਰੀ ਵੂਮੇਨ ਕਲਚਰਲ ਐਸੋਸੀਏਸ਼ਨ ਵੱਲੋਂ ਸਮੇਂ ਸਮੇਂ ਤੇ ਸੱਭਿਆਚਾਰਕ ਅਤੇ ਜਾਣਕਾਰੀ ਭਰਪੂਰ ਪ੍ਰੋਗਰਾਮ ਕਰਵਾਏ ਜਾਂਦੇ ਹਨ। 20ਨਵੰਬਰ 2022 ਨੂੰ ਟੈਂਪਲ ਕਮਿਉਨਿਟੀ ਸੈਂਟਰ ਵਿੱਚ ਸਭਾ ਵੱਲੋਂ ਮੈਂਟਲ ਹੈਲਥ ਸਬੰਧੀ ਇੱਕ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ। ਮੀਟਿੰਗ ਵਿੱਚ ਇਸ ਪ੍ਰੋਗਰਾਮ ਦੀ ਕਾਰਗੁਜ਼ਾਰੀ ਕਮੇਟੀਆਂ ਦੇ ਗਠਨ ਬਾਰੇ ਸਭਾ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਵੱਲੋਂ ਸਭਾ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਗਈ।ਕੈਲਗਿਰੀ ਵੂਮੇਨ ਕਲਚਰਲ ਐਸੋਸੀਏਸ਼ਨ ਆਪਣੀ ਸਭਾ ਦੇ ਹਰ ਮੈਂਬਰ ਦੀ ਕਲਾ ਤੇ ਭਾਵਨਾ ਦਾ ਸਤਿਕਾਰ ਕਰਦੀ ਹੈ। ਸਭਾ ਦੇ ਮੈਂਬਰ ਗੀਤ, ਬੋਲੀਆਂ, ਬਾਤਾਂ , ਚੁਟਕਲਿਆਂ ਰਾਹੀਂ ਆਪਣੇ ਵਿਚਾਰਾਂ ਦੀ ਸਾਂਝ ਪਾਉਂਦੇ ਹਨ।ਇਸ ਸਾਂਝ ਦੀ ਸ਼ੁਰੂਆਤ ਸਤਵਿੰਦਰ ਕੌਰ ਨੇ ਸ਼ਬਦ (ਨੀਵਾਂ ਹੋ ਕੇ ਕਰ ਬੰਦਨਾ) ਗਾ ਕੇ ਕੀਤੀ।

ਜੁਗਿੰਦਰ ਕੌਰ ਪੂਰਬਾ, ਅਮਰਜੀਤ ਕੌਰ ਸੱਗੂ ਤੇ ਹਰਬੰਸ ਕੌਰ ਵੱਲੋਂ ਬੋਲੀਆਂ ਗਾਈਆਂ ਗਈਆਂ। ਕਿਰਨ ਕਲਸੀ ਵੱਲੋਂ ਰਿਸ਼ਤਿਆਂ ਵਿੱਚ ਆਉਣ ਵਾਲੇ ਬਦਲਾਵ ਨੂੰ ਬਰਤਨਾਂ ਨਾਲ ਤੁਲਨਾ ਕਰ ਬਹੁਤ ਹੀ ਬਖ਼ੂਬੀ ਨਾਲ ਬਿਆਨਿਆ ਗਿਆ। ਸਭਾ ਵਿੱਚ ਨਵੇਂ ਆਏ ਮੈਂਬਰਾਂ ਗੁਰਮੇਲ ਕੌਰ, ਸੁਖਜਿੰਦਰ ਕੌਰ ਗੁਰਾਇਆ, ਕੁਲਦੀਪ ਕੌਰ ਤੇ ਗੀਤੂ ਪੁਰੀ ਦਾ ਸੁਆਗਤ ਕੀਤਾ ਗਿਆ।ਸਰਬਜੀਤ ਉੱਪਲ ਵੱਲੋਂ ਚਾਹ ਤੇ ਲੱਸੀ ਦੀ ਵਾਰਤਾਲਾਪ ਨੂੰ ਇੱਕ ਕਵਿਤਾ ਰਾਹੀਂ ਪੇਸ਼ ਕੀਤਾ ਗਿਆ। ਸੁਰਜੀਤ ਕੌਰ ਢਿੱਲੋਂ ਨੇ "ਪਤਾ ਹੀ ਨਹੀਂ ਚਲਾ" ਹਿੰਦੀ ਕਵਿਤਾ ਰਾਹੀਂ ,ਹਵਾ ਵਾਂਗ ਉੱਡ ਰਹੇ ਪਲ ਪਲ ਤੇ ਸਮੇਂ ਨਾਲ ਢਲ ਰਹੀ ਉਮਰ ਬਾਰੇ ਵਿਚਾਰ ਪੇਸ਼ ਕੀਤੇ। ਸਭਾ ਉਪ ਪ੍ਰਧਾਨ ਗੁਰਦੀਸ਼ ਕੌਰ ਗਰੇਵਾਲ ਵੱਲੋਂ ਦੁਸਹਿਰੇ ਤੇ ਰਾਵਣ ਬਾਰੇ ਬਹੁਤ ਹੀ ਵਧੀਆ ਕਵਿਤਾ ਪੇਸ਼ ਕੀਤੀ ਗਈ। ਮੁਖਤਿਆਰ ਧਾਰੀਵਾਲ ,ਅਮਰਜੀਤ ਵਿਰਦੀ, ਕੁਲਦੀਪ ਕੌਰ, ਹਰਬੰਸ ਕੌਰ ,ਜਸਵਿੰਦਰ ਕੌਰ ਬਰਾੜ ਤੇ ਹਰਚਰਨ ਕੌਰ ਬਾਸੀ ਵੱਲੋਂ ਲੋਕ ਗੀਤ ਸੁਣਾਏ ਗਏ। ਗੁਰਤੇਜ ਕੌਰ ਸਿੱਧੂ ਵੱਲੋਂ ਨੂੰਹ ਤੇ ਸੱਸ ਦੇ ਰਿਸ਼ਤੇ ਬਾਰੇ ਹਾਸ-ਰਸ ਕਵਿਤਾ ਸੁਣਾਈ ਗਈ। ਸੁਰਿੰਦਰ ਗਿੱਲ ਨੇ ਚੁਟਕਲੇ ਸੁਣਾ 50 ਸਾਲ ਪਹਿਲਾਂ ਦੇ ਸਮੇਂ ਨੂੰ ਜਾ ਛੂਹਿਆ। ਇਕਬਾਲ ਭੁੱਲਰ , ਰਾਜਿੰਦਰ ਕੌਰ ਚੋਹਕਾ ਤੇ ਸੁਰਿੰਦਰ ਵਿਰਦੀ ਵੱਲੋਂ ਦੁਸਹਿਰਾ ਤੇ ਦਿਵਾਲੀ ਦੇ ਤਿਉਹਾਰਾਂ ਬਾਰੇ ਗੱਲਬਾਤ ਸਾਂਝੀ ਕੀਤੀ ਗਈ। ਸੁਰਿੰਦਰ ਸੰਧੂ ਵੱਲੋਂ ਕਰਵਾ ਚੌਥ ਤੇ ਹੱਸਰੱਸ ਕਵਿਤਾ ਪੇਸ਼ ਕੀਤੀ ਗਈ। ਬਲਜਿੰਦਰ ਕੌਰ ਗਿੱਲ ਵੱਲੋਂ ਚੁੱਪ ਤੇ ਸ਼ਾਂਤੀ ਦੀ ,ਜ਼ਿੰਦਗੀ ਵਿੱਚ ਅਹਿਮੀਅਤ ਬਾਰੇ ਵਿਚਾਰ ਸਾਂਝੇ ਕੀਤੇ ਗਏ।

ਇਸ ਤੋ ਇਲਾਵਾ ਮਹਿਮਾਨ ਵਜੋਂ ਆਏ ਮਨਜਿੰਦਰ ਕੌਰ ਗਿੱਲ ਵੱਲੋਂ ਐਨ ਆਰ ਆਈ ਲੀਗਲ ਸਰਵਿਸ ਬਾਰੇ ਸਭਾ ਦੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਗਈ।ਮੀਟਿੰਗ ਵਿੱਚ ਚਾਹ ਪਾਣੀ ਦਾ ਪ੍ਰਬੰਧ ਬਲਵਿੰਦਰ ਕੌਰ ਬਰਾੜ , ਜੁਗਿੰਦਰ ਕੌਰ ਪੂਰਬਾ ਤੇ ਹਰਜਿੰਦਰ ਗਿੱਲ ਵੱਲੋਂ ਕੀਤਾ ਗਿਆ। ਮੰਚ ਸੰਚਾਲਨ ਸਭਾ ਸਕੱਤਰ ਸੁਖਜੀਤ ਸੈਣੀ ਤੇ ਹਰਦੇਵ ਬਰਾੜ ਵੱਲੋਂ ਸੰਭਾਲਿਆ ਗਿਆ ।































## ਸੰਪਾਦਕੀ



ਸੰਵਾਦ ਨਾਲ ਯਕੀਨ ਬੱਝਦਾ ਹੈ।
-ਸੈੱਥ ਗੋਡਿਨ

# ਵਿਸ਼ਵ ਯੁੱਧ ਦੀ ਆਹਟ

ਰੂਸ ਅਤੇ ਯੂਕਰੇਨ ਵਿਚਾਲੇ ਪਿਛਲੇ ਕਰੀਬ ਅੱਠ ਮਹੀਨਿਆਂ ਤੋਂ ਚੱਲ ਰਹੀ ਜੰਗ ਹੁਣ ਹੋਰ ਗੁੰਝਲਦਾਰ ਪੜਾਅ ’ਤੇ ਪਹੁੰਚ ਗਈ ਹੈ। ਇਸ ਤਰ੍ਹਾਂ ਇਸ ਟਕਰਾਅ ਦੇ ਸਭ ਤੋਂ ਗੰਭੀਰ ਅਤੇ ਸੰਵੇਦਨਸ਼ੀਲ ਰੂਪ ’ਤੇ ਪਹੁੰਚਣ ਦੇ ਬਾਵਜੂਦ, ਅੰਤਰਰਾਸ਼ਟਰੀ ਪੱਧਰ ’ਤੇ ਇਹ ਉਮੀਦ ਅਤੇ ਕੋਸ਼ਿਸ਼ਾਂ ਚੱਲ ਰਹੀਆਂ ਸਨ ਕਿ ਕਿਸੇ ਨਾ ਕਿਸੇ ਤਰ੍ਹਾਂ ਇਸ ਜੰਗ ਨੂੰ ਰੋਕਿਆ ਜਾ ਜਾਵੇ ਅਤੇ ਦੋਵਾਂ ਦੇਸ਼ਾਂ ਵਿਚਕਾਰ ਸੁਲ੍ਹਾ ਕਰਵਾਈ ਜਾਵੇ। ਪਰ ਪਿਛਲੇ ਕੁੱਝ ਦਿਨਾਂ ਦੇ ਘਟਨਾਕ੍ਰਮ ਕਾਰਨ ਇਹ ਡਰ ਪੈਦਾ ਹੋ ਗਿਆ ਹੈ ਕਿ ਕਿਤੇ ਇਹ ਜੰਗ ਦੁਨੀਆ ਦੇ ਹੋਰ ਦੇਸ਼ਾਂ ਵਿੱਚ ਵੀ ਨਾ ਫੈਲ ਜਾਵੇ। ਜ਼ਿਕਰਯੋਗ ਹੈ ਕਿ ਹਾਲ ਹੀ ’ਚ ਰੂਸ ਦੇ ਕ੍ਰੀਮੀਆ ਬ੍ਰਿਜ ਦਾ ਇੱਕ ਹਿੱਸਾ ਤਬਾਹ ਹੋ ਗਿਆ ਸੀ, ਜਿਸ ਤੋਂ ਬਾਅਦ ਦੋਹਾਂ ਦੇਸ਼ਾਂ ਵਿਚਾਲੇ ਤਣਾਅ ਨੇ ਗੰਭੀਰ ਰੂਪ ਲੈ ਲਿਆ ਸੀ। ਉਸ ਹਮਲੇ ਤੋਂ ਬਾਅਦ ਰੂਸ ਨੇ ਯੂਕਰੇਨ ’ਤੇ ਆਪਣੇ ਹਮਲੇ ਤੇਜ਼ ਕਰ ਦਿੱਤੇ ਸਨ ਅਤੇ ਉਦੋਂ ਹੀ ਹਾਲਾਤ ਹੋਰ ਖਰਾਬ ਹੋਣ ਦੇ ਖਦਸ਼ੇ ਪੈਦਾ ਹੋ ਗਏ। ਇਸ ਦੌਰਾਨ ਕੌਮਾਂਤਰੀ ਪੱਧਰ ’ਤੇ ਰੂਸ ਦੀ ਨਿੰਦਾ ਕਰਨ ਤੋਂ ਲੈ ਕੇ ਹੋਰ ਪੱਧਰਾਂ ’ਤੇ ਜੰਗ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਹੁਣ ਜੋ ਨਵੀਆਂ ਘਟਨਾਵਾਂ ਸਾਹਮਣੇ ਆਈਆਂ ਹਨ, ਉਹ ਨਾ ਸਿਰਫ਼ ਯੂਕਰੇਨ ਲਈ, ਸਗੋਂ ਪੂਰੀ ਦੁਨੀਆ ਲਈ ਚਿੰਤਾਜਨਕ ਹਨ। ਹਾਲ ਹੀ ਵਿੱਚ ਯੂਕਰੇਨ ਨੇ ਨਾਟੋ ਵਿੱਚ ਸ਼ਾਮਲ ਹੋਣ ਲਈ ਆਪਣੀ ਸਰਗਰਮੀ ਨੂੰ ਵਧਾਇਆ, ਜਿਸ ਤੋਂ ਬਾਅਦ ਇੱਕ ਨਵੇਂ ਗਲੋਬਲ ਸਮੀਕਰਨ ਬਣਨ ਦੀ ਸੰਭਾਵਨਾ ਸੀ। ਪਰ ਨਾਟੋ ਦੀ ਭੜਕਾਹਟ ਤੋਂ ਬਾਅਦ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਰੁਖ ਨੇ ਦੁਨੀਆ ਦੇ ਸਾਰੇ ਦੇਸ਼ਾਂ ਦੀ ਚਿੰਤਾ ਵਧਾ ਦਿੱਤੀ ਹੈ। ਪੂਤਿਨ ਨੇ ਸਾਫ਼ ਤੌਰ ’ਤੇ ਕਿਹਾ ਹੈ ਕਿ ਜੇਕਰ ਕਿਸੇ ਵੀ ਮਾਮਲੇ ’ਚ ਨਾਟੋ ਫ਼ੌਜਾਂ ਦਾ ਰੂਸੀ ਫ਼ੌਜ ਨਾਲ ਸਿੱਧਾ ਸੰਪਰਕ ਜਾਂ ਟਕਰਾਅ ਹੁੰਦਾ ਹੈ ਤਾਂ ਇਹ ਬਹੁਤ ਖ਼ਤਰਨਾਕ ਕਦਮ ਹੋਵੇਗਾ, ਜਿਸ ਨਾਲ ਵਿਸ਼ਵ ਪੱਧਰ ’ਤੇ ਤਬਾਹੀ ਹੋ ਸਕਦੀ ਹੈ ਅਤੇ ਮੈਨੂੰ ਉਮੀਦ ਹੈ ਕਿ ਜਿਹੜੇ ਲੋਕ ਅਜਿਹਾ ਸੋਚ ਰਹੇ ਹਨ, ਉਹ ਕਾਫ਼ੀ ਹੁਸ਼ਿਆਰ ਹੋਣਗੇ ਉਹ ਅਜਿਹਾ ਕਦਮ ਨਾ ਚੁੱਕਣ। ਜਿਨ੍ਹਾਂ ਹਾਲਾਤਾਂ ਵਿੱਚ ਰੂਸ ਨੇ ਯੂਕਰੇਨ ਉੱਤੇ ਹਮਲਾ ਕੀਤਾ ਅਤੇ ਦਿੱਤੇ ਗਏ ਕਾਰਨਾਂ ਨੂੰ ਦੇਖਦੇ ਹੋਏ ਜੇਕਰ ਨਾਟੋ ਸੱਚਮੁੱਚ ਹੀ ਮਿਲਟਰੀ ਪੱਧਰ ਉੱਤੇ ਦਖਲਅੰਦਾਜ਼ੀ ਕਰਦਾ ਹੈ ਤਾਂ ਭਵਿੱਖ ਵਿੱਚ ਯੁੱਧ ਦੇ ਸਰੂਪ ਅਤੇ ਦੁਖਾਂਤ ਦੀ ਕਲਪਨਾ ਕੀਤੀ ਜਾ ਸਕਦੀ ਹੈ। ਖਾਸ ਕਰਕੇ ਜਿਸ ਭਾਸ਼ਾ ਵਿੱਚ ਪੂਤਿਨ ਨੇ ਟਕਰਾਅ ਦੇ ਨਤੀਜਿਆਂ ਬਾਰੇ ਚੇਤਾਵਨੀ ਦਿੱਤੀ ਹੈ, ਉਸ ਨੇ ਕਈ ਤਰ੍ਹਾਂ ਦੇ ਖਦਸ਼ੇ ਪੈਦਾ ਕੀਤੇ ਹਨ। ਦਰਅਸਲ, ਪੂਤਿਨ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਹ ਰੂਸ ਨੂੰ ਸੁਰੱਖਿਅਤ ਰੱਖਣ ਲਈ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਤੋਂ ਨਹੀਂ ਝਿਜਕਣਗੇ। ਇਸ ਤੋਂ ਬਾਅਦ ਜੀ-7 ਦੇਸ਼ਾਂ ਦੇ ਸਮੂਹ ਨੇ ਕਿਹਾ ਸੀ ਕਿ ਰੂਸ ਦੁਆਰਾ ਕਿਸੇ ਵੀ ਤਰ੍ਹਾਂ ਦੇ ਰਸਾਇਣਕ, ਜੈਵਿਕ ਅਤੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਬਹੁਤ ਗੰਭੀਰ ਸਥਿਤੀ ਪੈਦਾ ਕਰੇਗੀ। ਰੂਸ ਨੇ ਯੂਕਰੇਨ ਦੇ ਆਪਣੇ ਕਬਜ਼ੇ ਵਾਲੇ ਚਾਰ ਖੇਤਰਾਂ ਨੂੰ ਪਹਿਲਾਂ ਹੀ ਆਪਣੇ ਨਾਲ ਮਿਲਾ ਲਿਆ ਹੈ ਅਤੇ ਅਜੇ ਵੀ ਪਿੱਛੇ ਹਟਦਾ ਨਜ਼ਰ ਨਹੀਂ ਆ ਰਿਹਾ ਹੈ। ਦੂਜੇ ਪਾਸੇ ਯੂਕਰੇਨ ਆਪਣੀ ਕਮਜ਼ੋਰੀ ਦੇ ਬਾਵਜੂਦ ਮੋਰਚਾ ਛੱਡਣ ਲਈ ਤਿਆਰ ਨਹੀਂ ਹੈ। ਆਪਣੀ ਸਥਿਤੀ ਤੋਂ ਜਾਣੂ ਹੋਣ ਦੇ ਬਾਵਜੂਦ ਜਿਸ ਤਰੀਕੇ ਨਾਲ ਇਹ ਅਮਰੀਕਾ ਅਤੇ ਨਾਟੋ ਦੇ ਸਹਿਯੋਗ ਵੱਲ ਵਧ ਰਿਹਾ ਹੈ, ਉਸ ਨਾਲ ਜੰਗ ਦੇ ਨਵੇਂ ਮੋਰਚੇ ਬਣਨ ਦੀ ਸੰਭਾਵਨਾ ਹੈ। ਜੇ ਕਿਸੇ ਵੀ ਹਾਲਾਤ ਵਿੱਚ ਨਾਟੋ ਦੇ ਵਿਚਕਾਰ ਆਉਣ ਤੋਂ ਬਾਅਦ ਜੰਗ ਦਾ ਰੂਪ ਵਿਗੜਦਾ ਹੈ, ਤਾਂ ਅੰਤ ਵਿੱਚ ਜਿੱਤ ਭਾਵੇਂ ਕੋਈ ਵੀ ਹੋਵੇ, ਪਰ ਇਸ ਨਾਲ ਹੋਈ ਤਬਾਹੀ ਦੀ ਸ਼ਾਇਦ ਕਦੇ ਵੀ ਭਰਪਾਈ ਨਹੀਂ ਹੋਵੇਗੀ। ਰੂਸ ਅਤੇ ਯੂਕਰੇਨ ਦੀ ਇਸ ਜੰਗ ਨੂੰ ਸਮੇਂ ਸਿਰ ਅੰਤਰਰਾਸ਼ਟਰੀ ਪੱਧਰ ’ਤੇ ਰੋਕਣ ਲਈ ਠੋਸ ਉਪਰਾਲੇ ਕਰਨੇ ਪੈਣਗੇ ਨਹੀਂ ਤਾਂ ਇਸ ਦਾ ਅੰਜਾਮ ਮਨੁੱਖਤਾ ਵਿਰੁੱਧ ਬਹੁਤ ਦੁਖਦਾਈ ਹੋ ਸਕਦਾ ਹੈ।


**ਸੁਖਜਿੰਦਰ ਸਮਰਾ**
ਮੋ. 1 780 300 2000

403 640 2000
punjabiakhbaar@gmail.com

This disclaimer informs the readers of ‘the Punjabi Akhbaar’ that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not ‘the Punjabi Akhbaar’. The Editor reserves the right to edit or not the articles, reports and/or news published herein.
-Editor

ਨੋਟ: “ਪੰਜਾਬੀ ਅਖ਼ਬਾਰ” ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। “ਪੰਜਾਬੀ ਅਖ਼ਬਾਰ” ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। ‘ਪੰਜਾਬੀ ਅਖ਼ਬਾਰ’ ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
- ਸੰਪਾਦਕ

# ਨ.ਫਰਤੀ ਵਰਤਾਰੇ ਵਿੱਚ ਬੁਰੇ ਦਿਨਾਂ ਦੀ ਆਹਟ



ਗੁਰਮੀਤ ਸਿੰਘ ਪਲਾਹੀ
9815802070

**ਭਾਰਤ ਦੀ ਸਥਿਤੀ ਲਗਾਤਾਰ ਅੰਤਰਰਾਸ਼ਟਰੀ ਪੱਧਰ ‘ਤੇ ਡਿੱਗ ਰਹੀ ਹੈ। ਬੁਨਿਆਦੀ ਅਧਿਕਾਰਾਂ ਦੇ ਮਾਮਲੇ ‘ਤੇ ਭਾਰਤ ਪਿੱਛੇ ਜਾ ਰਿਹਾ ਹੈ। ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਭਾਰਤ ਦੇ ਪੱਲੇ ਹੈ। ਭਾਰਤ ਦੀ ਆਰਥਿਕਤਾ ਕਮਜ਼ੋਰ ਹੋ ਰਹੀ ਹੈ। 2022-23 ਦੀ ਪਹਿਲੀ ਤਿਮਾਹੀ ‘ਚ ਜੀਡੀਪੀ ਆਪਣੇ 16.2 ਦੇ ਅਨੁਮਾਨ ਤੋਂ ਘਟਾਕੇ 13.5 ਦਰਜ਼ ਕੀਤੀ ਗਈ ਹੈ, ਜਿਸ ਨਾਲ ਦੇਸ਼ ‘ਚ ਨਿਰਾਸ਼ਾ ਹੈ। ਮੁਦਰਾ ਸਫੀਤੀ ਵੱਧ ਰਹੀ ਹੈ। ਆਰਥਿਕ ਠਹਿਰਾਅ ਆ ਚੁੱਕਾ ਹੈ ਅਤੇ ਮੰਦੀ ਵਧ ਰਹੀ ਹੈ। ਰੁਪਏ ਦਾ ਮੁੱਲ ਲਗਾਤਾਰ ਘੱਟ ਰਿਹਾ ਹੈ। ਇੱਕ ਅਮਰੀਕੀ ਡਾਲਰ ਦੀ ਕੀਮਤ 82.32 ਰੁਪਏ ਹੋ ਚੁੱਕੀ ਹੈ। ਦੇਸ਼ ਨੂੰ ਗੰਭੀਰ ਆਰਥਿਕ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।**

ਰੋਜ਼ਾਨਾ ਅੰਗਰੇਜ਼ੀ ਅਖ਼ਬਾਰ “ਇੰਡੀਅਨ ਐਕਸਪ੍ਰੈਸ ਵਿੱਚ ਦਿਲ ਦਹਿਲਾਉਣ ਵਾਲੀ ਖ਼ਬਰ ਹੀ ਨਹੀਂ, ਸਗੋਂ ਪਹਿਲੇ ਸਫ਼ੇ ਉਤੇ ਰਿਪੋਰਟ ਛੱਪੀ ਹੈ, ਜਿਸ ਵਿੱਚ ਵੇਰਵੇ ਸਹਿਤ ਵਰਨਣ ਹੈ ਕਿ ਪੁਲਿਸ ਵਾਲੇ ਮੁਸਲਮਾਨ ਨੌਜਵਾਨਾਂ ਨੂੰ ਬਿਜਲੀ ਦੇ ਖੰਭੇ ਨਾਲ ਬੰਨ ਕੇ ਉਹਨਾ ਦਾ ਲਾਠੀਆਂ ਨਾਲ ਕੁੱਟ ਕੁਟਾਪਾ ਕਰ ਰਹੇ ਹਨ। ਇਹ ਖ਼ਬਰ ਵੀਡੀਓ ‘ਚ ਵੀ ਸ਼ੋਸ਼ਲ ਮੀਡੀਆ ‘ਤੇ ਘੁੰਮ ਰਹੀ ਹੈ, ਜਿਸ ਵਿੱਚ ਦਿਖਾਇਆ ਜਾ ਰਿਹਾ ਹੈ ਕਿ ਕੁਝ ਲੋਕ ਨੌਜਵਾਨਾਂ ਦੀ ਕੁੱਟ ਦਾ ਮਜ਼ਾ ਲੈ ਰਹੇ ਹਨ, ਤਾਲੀਆਂ ਵਜਾ ਰਹੇ ਹਨ ਅਤੇ ਆਖ ਰਹੇ ਹਨ, “ਭਾਰਤ ਮਾਤਾ ਕੀ ਜੈ”। ਇਹ ਘਟਨਾ ਗੁਜਰਾਤ ਦੀ ਹੈ। ਇਹ ਕਾਰਵਾਈ ਪਿੱਛੇ ਗੁਜਰਾਤ ਦੀ ਖੇੜਾ ਪੁਲਿਸ ਦੀ ਹੈ। ਇਹਨਾ ਨੌਜਵਾਨਾਂ ਉਤੇ ਦੋਸ਼ ਸੀ ਕਿ ਉਹਨਾ ਨਵਰਾਤਰਿਆਂ ਸਮੇਂ ਕੀਤੇ ਜਲਸੇ ‘ਚ ਪੱਥਰ ਮਾਰੇ ਸਨ।

ਸਵਾਲ ਉੱਠਦਾ ਹੈ ਕਿ ਇਹ ਨ.ਫਰਤੀ ਵਰਤਾਰਾ ਆਖ਼ਰ ਲੋਕਤੰਤਰਿਕ ਦੇਸ਼ ‘ਚ ਕਿਵੇਂ ਵਧ ਫੁਲ ਰਿਹਾ ਹੈ। ਕਾਨੂੰਨ ਦੇ ਰਖਵਾਲੇ ਖੁਦ ਕਾਨੂੰਨ ਤੋੜਨ ‘ਚ ਲੱਗੇ ਹੋਏ ਹਨ। ਪਰ ਹੈਰਾਨੀ ਦੀ ਗੱਲ ਤਾਂ ਇਸ ਤੋਂ ਵੀ ਜ਼ਿਆਦਾ ਇਹ ਹੈ ਕਿ ਦੇਸ਼ ਦਾ ਵੱਡੀ ਗਿਣਤੀ ਮੀਡੀਆ ਇਹਨਾਂ ਘਟਨਾਵਾਂ ਉਤੇ ਚੁੱਪੀ ਵੱਟੀ ਬੈਠਾ ਹੈ। ਕਿਸੇ ਸਮਾਚਾਰ ਚੈਨਲ ਨੇ ਇਹ ਖ਼ਬਰ ਨਹੀਂ ਦਿਖਾਈ ।ਕਿਸੇ ਅਖ਼ਬਾਰ ਨੇ ਇਸ ਦਾ ਜ਼ਿਕਰ ਤੱਕ ਨਹੀਂ ਕੀਤਾ ।ਸਮਝਣਾ ਔਖਾ ਹੈ ਕਿ ਦੇਸ਼ ਦੇ ਮੀਡੀਆ ਨੂੰ ਇਸ ਖ਼ਬਰ ਦੀ ਅਹਿਮੀਅਤ ਕਿਉਂ ਨਹੀਂ ਦਿਖੀ ?

ਕੀ ਲੋਕਤੰਤਰ ਮਜ਼ਬੂਤ ਕਾਨੂੰਨ ਵਿਵਸਥਾ ਦੇ ਬਿਨ੍ਹਾਂ ਕਾਇਮ ਰਹਿ ਸਕਦਾ ਹੈ ? ਉਹ ਲੋਕ ਜਿਹਨਾ ਸੰਵਿਧਾਨ ਦੀ ਸਹੁੰ ਖਾ ਕੇ ਇਹੋ ਜਿਹੀ ਨੌਕਰੀ ਚੁਣੀ ਹੈ, ਜਿਸਦਾ ਪਹਿਲਾ ਫ਼ਰਜ਼ ਕਾਨੂੰਨ ਦੀ ਸੁਰੱਖਿਆ ਰੱਖਣਾ ਹੈ, ਖੁਦ ਕਾਨੂੰਨ ਤੋੜ ਰਹੇ ਹਨ ਅਤੇ ਉਹ ਵੀ ਆਮ ਲੋਕਾਂ ਸਾਹਮਣੇ। ਤਾਂ ਕੀ ਇਹੋ ਜਿਹੀਆਂ ਘਟਨਾਵਾਂ ਲੋਕਤੰਤਰ ਦੀ ਨੀਂਹ ਕਮਜ਼ੋਰ ਨਹੀਂ ਕਰਨਗੀਆਂ ?

ਉਪਰੋਕਤ ਘਟਨਾ ‘ਚ ਪੁਲਿਸ ਨੇ ਮੁਸਲਮਾਨ ਯੁਵਕਾਂ ਨੂੰ ਚੌਰਾਹੇ ‘ਚ ਕੁੱਟਿਆ। ਜਿਹਨਾਂ ਮੁਸਲਮਾਨਾਂ ਨੇ ਇਹਨਾਂ ਯੁਵਕਾਂ ਨੂੰ ਕੁੱਟ ਪੈਂਦੀ ਵੇਖੀ ।ਉਹਨਾਂ ਉੱਤੇ ਇਸਦਾ ਕੀ ਪ੍ਰਭਾਵ ਜਾਏਗਾ ? ਚਿੰਤਾਜਨਕ ਹੈ ਕਿ ਲੋਕਾਂ ‘ਚ ਇਹੋ ਜਿਹੀਆਂ ਘਟਨਾਵਾਂ ਨਾਲ ਨ.ਫਰਤ ਫੈਲ ਰਹੀ ਹੈ। ਇਹੋ ਜਿਹੀਆਂ ਘਟਨਾਵਾਂ ਨਾਲ ਭਾਈਚਾਰਕ ਸਾਂਝ ਗੁੰਮ ਹੋ ਰਹੀ ਹੈ। ਕਦੇ ਹਿੰਦੂ-ਮੁਸਲਿਮਾਂ ਦੀ ਆਪਸੀ ਸਾਂਝ ਡੂੰਘੀ ਸੀ। ਨਵਰਾਤਿਆਂ ‘ਚ ਉਹ ਸਾਂਝਾ ਗਰਬਾ ਕਰਦੇ ਸਨ। ਅਸਲ ਵਿੱਚ ਮੁਸਲਿਮ ਨੌਜਵਾਨਾਂ ਨੂੰ ਗਰਬਾ ਤੋਂ ਦੂਰ ਕਰਨ ਦੀ ਗੱਲ ਉਦੋਂ ਸ਼ੁਰੂ ਹੋਈ ਜਦੋਂ “ਲਵ ਜਿਹਾਦ” ਮੁਹਿੰਮ ਚਲਾਈ ਗਈ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਵਲੋਂ। ਕੀ ਖਾਣਾ ਹੈ, ਕੀ ਪਹਿਨਣਾ ਹੈ, ਕਿਵੇਂ ਰਹਿਣਾ ਹੈ, ਪਿਆਰ ਕਰਨਾ ਹੈ ਕਿ ਨਹੀਂ ਕਰਨਾ ਹੈ, ਦੀ ਤੰਗ ਸੋਚ ਨੇ ਜਨਤਾ ‘ਚ ਭਰਮ ਭੁਲੇਖੇ ਪੈਦਾ ਕੀਤੇ। ਬੀਜੇਪੀ ਨੇਤਾਵਾਂ ਦਾ ਮੰਤਵ ਇਹ ਸੀ ਕਿ ਹਿੰਦੂ-ਮੁਸਲਿਮ ਭਾਈਚਾਰੇ ‘ਚ ਤੇੜ ਪਵੇ। ਹਿੰਦੂ-ਮੁਸਲਮਾਨ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ। ਇਸ ਸਮੇਂ ਲੋਕਾਂ ਦੇ ਮਨਾਂ ‘ਚ 2002 ਦੇ ਦੰਗਿਆਂ ਦੀ ਯਾਦ ਤਾਜ਼ਾ ਹੋ ਗਈ। ਇਥੇ ਹੀ ਬੱਸ ਨਹੀਂ ਜਿਸ ਬਿਲਕੀਸ ਬਾਨੋ ਨਾਲ ਦਿਨ ਦਿਹਾੜੇ ਸਮੂਹਿਕ ਬਲਾਤਕਾਰ ਕੀਤਾ ਗਿਆ, ਉਸਦੀ ਤਿੰਨ ਸਾਲਾ ਦੀ ਬੱਚੀ ਦਾ ਉਸਦੇ ਸਾਹਮਣੇ ਸਿਰ ਭੰਨ ਦਿੱਤਾ ਗਿਆ, ਉਹਨਾ ਦਰੰਦਿਆਂ ਨੂੰ ਅਦਾਲਤ ਵਲੋਂ ਗੁਜਰਾਤ ਸਰਕਾਰ ਦੀ ਪਹਿਲਕਦਮੀ ਉਤੇ ਛੱਡ ਦਿੱਤਾ ਗਿਆ ।ਉਹਨਾ ਦੀ ਰਿਹਾਈ ਸਮੇਂ ਦੋਸ਼ੀਆਂ ਦੇ ਗਲਾਂ ‘ਚ ਹਾਰ ਪਾਏ ਗਏ। ਉਹਨਾ ਦਾ ਵੀਡੀਓ ਬਣਾਕੇ ਸੋਸ਼ਲ ਮੀਡੀਆ ‘ਤੇ ਪਾਇਆ ਗਿਆ ਅਤੇ ਇਵੇਂ ਦਰਸਾਇਆ ਗਿਆ ਕਿ ਉਹ ਨਾਇਕ ਹਨ ਤੇ ਕੋਈ ਜੰਗ ਜਿੱਤਕੇ ਆਏ ਹਨ।

ਨਫ਼ਰਤ ਦਾ ਜ਼ਹਿਰ ਇਸ ਹੱਦ ਤੱਕ ਫੈਲ ਚੁੱਕਾ ਹੈ ਕਿ ਜਿਹਨਾ ਪੁਲਿਸ ਵਾਲਿਆਂ ਨੇ ਯੁਵਕਾਂ ਦੀ ਕੁੱਟ ਮਾਰ ਕੀਤੀ ਕਿਸੇ ਗੁਜਰਾਤ ਦੇ ਨੇਤਾ ਨੇ ਇਸ ਘਟਨਾ ਦੀ ਨਿਖੇਧੀ ਨਹੀਂ ਕੀਤੀ। ਕੀ ਇਹੋ ਜਿਹੀਆਂ ਘਟਨਾਵਾਂ ਦੇਸ਼ ਵਿੱਚ ਅਸ਼ਾਂਤੀ ਅਤੇ ਅਰਾਜਕਤਾ ਪੈਦਾ ਨਹੀਂ ਕਰਨਗੀਆਂ? ਕੀ ਪਾਕਿਸਤਾਨ ਇਸਦਾ ਫਾਇਦਾ ਨਹੀਂ ਉਠਾਏਗਾ? ਕੀ ਮੁਸਲਮਾਨਾਂ ਦਾ ਭਰੋਸਾ ਕਾਨੂੰਨ ਦੇ ਰਖਵਾਲਿਆਂ ਤੋਂ ਉੱਠ ਨਹੀਂ ਜਾਏਗਾ? ਕੀ ਉਹ ਆਪਣੇ ਹੀ ਦੇਸ਼ ‘ਚ ਆਪਣੇ ਆਪ ਨੂੰ ਬੇਗਾਨੇ ਮਹਿਸੂਸ ਨਹੀਂ ਕਰਨਗੇ? ਇੰਡੋਨੇਸ਼ੀਆ ਤੋਂ ਬਾਅਦ ਭਾਰਤ ‘ਚ ਹੀ ਸਭ ਤੋਂ ਵੱਧ ਮੁਸਲਮਾਨ ਲਗਭਗ 20 ਕਰੋੜ ਰਹਿੰਦੇ ਹਨ। ਜੇਕਰ ਉਹਨਾ ਵਿਚੋਂ ਦੋ ਪ੍ਰਤੀਸ਼ਤ ਵੀ ਇਹਨਾ ਘਟਨਾਵਾਂ ਤੋਂ ਨਾਰਾਜ਼ ਹੋਕੇ ਅਸ਼ਾਂਤੀ ਦੇ ਰਸਤੇ ਤੁਰ ਪੈਣ ਤਾਂ ਭਾਰਤ ਦੇਸ਼ ਦਾ ਕੀ ਹੋਏਗਾ? ਕੀ ਇਸ ਨ.ਫਰਤੀ ਮਾਹੌਲ ‘ਚ ਖਾਨਾਜੰਗੀ ਨਹੀਂ ਹੋਏਗੀ?

ਇਸ ਨ.ਫਰਤੀ ਮਾਹੌਲ ਨੇ ਭਾਰਤ ਦੀ ਅੰਤਰਰਾਸ਼ਟਰੀ ਦਿੱਖ ਖਰਾਬ ਕੀਤੀ ਹੈ। ਭਾਰਤ ਜਿਹੜਾ ਲੋਕਤੰਤਰੀ ਦੇਸ਼ ਅਖਾਉਂਦਾ ਸੀ, ਅੱਜ ਆਪਣੀ ਦਿੱਖ ਪਾਕਿਸਤਾਨ ਵਾਂਗਰ ਬਣਾਉਂਦਾ ਦਿੱਖਣ ਲੱਗਾ ਹੈ, ਜਿਥੇ ਹਿੰਦੂਆਂ ਨਾਲ ਦਰੇਗ ਦੀਆਂ ਘਟਨਾਵਾਂ ਲਗਾਤਾਰ ਹੁੰਦੀਆਂ ਹਨ। ਇਹੋ ਜਿਹੀਆਂ ਘਟਨਾਵਾਂ ਭਾਰਤ ਵਿੱਚ ਆਮ ਵਾਪਰ ਰਹੀਆਂ ਹਨ। ਦੇਸ਼ ‘ਚ ਘੱਟ ਗਿਣਤੀ ਲੋਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਨ.ਫਰਤੀ ਦੌਰ ‘ਚ ਵੋਟਾਂ ਦੀ ਖ਼ਾਤਰ, ਤਿਉਹਾਰਾਂ ਦੇ ਸਮੇਂ ਕੀਤੇ ਜਾਂਦੇ ਜਲਸਿਆਂ, ਜਲੂਸਾਂ ਉਤੇ ਪਥਰਾਓ ਅਤੇ ਫਿਰ ਬੁਲਡੋਜ਼ਰਾਂ ਨਾਲ ਮੁਸਲਮਾਨਾਂ ਦੇ ਘਰ ਢਾਹੁਣ ਦੀਆਂ ਘਟਨਾਵਾਂ ਅਤੇ ਹਿੰਸਾ ਤੇ ਦੰਗਿਆਂ ਦਾ ਲਗਾਤਾਰ ਵਾਪਰਨਾ ਦੇਸ਼ ਦੇ ਮੱਥੇ ਉਤੇ ਕਲੰਕ ਸਾਬਤ ਹੋ ਰਿਹਾ ਹੈ।



ਭਾਰਤ ਦੀ ਸਥਿਤੀ ਲਗਾਤਾਰ ਅੰਤਰਰਾਸ਼ਟਰੀ ਪੱਧਰ ‘ਤੇ ਡਿੱਗ ਰਹੀ ਹੈ। ਬੁਨਿਆਦੀ ਅਧਿਕਾਰਾਂ ਦੇ ਮਾਮਲੇ ‘ਤੇ ਭਾਰਤ ਪਿੱਛੇ ਜਾ ਰਿਹਾ ਹੈ। ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਭਾਰਤ ਦੇ ਪੱਲੇ ਹੈ। ਭਾਰਤ ਦੀ ਆਰਥਿਕਤਾ ਕਮਜ਼ੋਰ ਹੋ ਰਹੀ ਹੈ। 2022-23 ਦੀ ਪਹਿਲੀ ਤਿਮਾਹੀ ‘ਚ ਜੀਡੀਪੀ ਆਪਣੇ 16.2 ਦੇ ਅਨੁਮਾਨ ਤੋਂ ਘਟਾਕੇ 13.5 ਦਰਜ਼ ਕੀਤੀ ਗਈ ਹੈ, ਜਿਸ ਨਾਲ ਦੇਸ਼ ‘ਚ ਨਿਰਾਸ਼ਾ ਹੈ। ਮੁਦਰਾ ਸਫੀਤੀ ਵੱਧ ਰਹੀ ਹੈ। ਆਰਥਿਕ ਠਹਿਰਾਅ ਆ ਚੁੱਕਾ ਹੈ ਅਤੇ ਮੰਦੀ ਵਧ ਰਹੀ ਹੈ। ਰੁਪਏ ਦਾ ਮੁੱਲ ਲਗਾਤਾਰ ਘੱਟ ਰਿਹਾ ਹੈ। ਇੱਕ ਅਮਰੀਕੀ ਡਾਲਰ ਦੀ ਕੀਮਤ 82.32 ਰੁਪਏ ਹੋ ਚੁੱਕੀ ਹੈ। ਦੇਸ਼ ਨੂੰ ਗੰਭੀਰ ਆਰਥਿਕ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਹੋ ਜਿਹੀਆਂ ਹਾਲਤਾਂ ਵਿੱਚ ਨ.ਫਰਤੀ ਮਾਹੌਲ ਦੀ ਸਿਰਜਨਾ ਕਿਸੇ ਸਾਜਿਸ਼ ਦਾ ਸੰਕੇਤ ਹੈ। ਹਾਕਮ ਧਿਰ ਲੋਕਾਂ ਦਾ ਧਿਆਨ ਇਹਨਾ ਬੁਨਿਆਦੀ ਸਮੱਸਿਆਵਾਂ, ਜਿਹਨਾ ਵਿੱਚ ਸੰਪੂਰਨ ਰੁਜ਼ਗਾਰ, ਮਜ਼ਬੂਤ ਸਿੱਖਿਆ ਅਤੇ ਸਿਹਤ ਸਹੂਲਤਾਂ ਅਦਿ ਸ਼ਾਮਲ ਹਨ, ਤੋਂ ਹਟਾਕੇ ਹੋਰ ਪਾਸੇ ਲਿਜਾ ਰਹੀ ਹੈ, ਤਾਂ ਕਿ ਉਹਨਾ ਦੀ ਕੁਰਸੀ ਬਚੀ ਰਹੇ।

ਕਾਂਗਰਸ ਵੇਲੇ ਵੀ ਕਦੇ ਗਰੀਬੀ ਹਟਾਓ, ਕਦੇ ਬੈਂਕਾਂ ਦਾ ਰਾਸ਼ਟਰੀਕਰਨ ਕਦੇ “ਸਭ ਲਈ ਭੋਜਨ” ਆਦਿ ਸਕੀਮਾਂ ਨਾਲ ਲੋਕਾਂ ਨੂੰ ਉਹਨਾ ਦੀਆਂ ਬੁਨਿਆਦੀ ਲੋੜਾਂ ਤੋਂ ਭਟਕਾ ਦੀ ਸਥਿਤੀ ‘ਚ ਰੱਖਣ ਦਾ ਯਤਨ ਹੋਇਆ ਅਤੇ ਹੁਣ ਦੇ ਹਾਕਮਾਂ ਵਲੋਂ ‘ਸਭ ਦਾ ਵਿਕਾਸ’ ਅਤੇ ਹੋਰ ਨਾਹਰਿਆਂ ਅਤੇ ਜੰਗ ਵਰਗੇ ਹਾਲਾਤ ਬਣਾਕੇ ਲੋਕਾਂ ਦਾ ਧਿਆਨ ਹੋਰ ਪਾਸੇ ਕਰਨ ਦੇ ਯਤਨ ਵੀ ਹੋਇਆ। ਕਾਂਗਰਸ ਵਲੋਂ ਵੀ ਦਰਬਾਰ ਸਾਹਿਬ ਤੇ ਹਮਲਾ ਅਤੇ 1984 ‘ਚ ਸਿੱਖਾਂ ਦਾ ਕਤਲੇਆਮ, ਮੌਜੂਦਾ ਭਾਜਪਾ ਵਲੋਂ ਦਿੱਲੀ ਦੰਗੇ, ਧਾਰਾ 370 ਦਾ ਖ਼ਤਮ ਕਰਨਾ, ਸੀਏਏ ਬਿੱਲ ਆਦਿ ਫ਼ਿਰਕੂ ਵੰਡ ਵਾਲੇ ਇਹੋ ਜਿਹੇ ਕਿੱਸੇ ਹਨ, ਜਿਹੜੇ ਸ਼ਾਤ ਮਾਹੌਲ ਵਿੱਚ ਨ.ਫਰਤ ਪੈਦਾ ਕਰਨ ਵਾਲੇ ਸਨ।

6 ਦਸੰਬਰ 1992 ਨੂੰ ਵਿਸ਼ਵ ਹਿੰਦੂ ਪਰੀਸ਼ਦ ਅਤੇ ਬਜਰੰਗ ਦਲ ਨੇ 430 ਸਾਲ ਪੁਰਾਣੀ ਅਯੁਧਿਆ ਵਿਖੇ ਸਥਿਤ ਮਸਜਿਦ ਢਾਅ ਢੇਰੀ ਕਰ ਦਿੱਤੀ। 2002 ‘ਚ ਗੁਜਰਾਤ ‘ਚ ਦੰਗੇ ਹੋਏ ਸੈਂਕੜਿਆਂ ਦੀ ਗਿਣਤੀ ਮੁਸਲਿਮ, ਹਿੰਦੂ ਮਾਰੇ ਗਏ। ਫਰਵਰੀ 2020 ਵਿੱਚ ਉਤਰੀ ਪੂਰਬੀ ਦਿੱਲੀ ‘ਚ ਫ਼ਸਾਦ ਹੋਏ, 40 ਤੋਂ ਵੱਧ ਮਰੇ ਅਤੇ ਸੈਂਕੜੇ ਜ਼ਖਮੀ ਹੋਏ। ਅਮਨੈਸਿਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ ਅਨੁਸਾਰ 2005 ਤੋਂ 2009 ਤੱਕ ਔਸਤਨ 130 ਲੋਕ ਹਰ ਵਰ੍ਹੇ ਫ਼ਿਰਕੂ ਹਿੰਸਾ ਦਾ ਸ਼ਿਕਾਰ ਹੋਏ। ਇੱਕ ਹੋਰ ਰਿਪੋਰਟ ਅਨੁਸਾਰ ਭਾਜਪਾ ਦੇ ਰਾਜ ਕਾਲ 2014 ਤੋਂ ਹੁਣ ਤੱਕ ਹਿੰਦੂ-ਮੁਸਲਿਮ ਫ਼ਿਰਕਿਆਂ ਵਿੱਚ ਪਹਿਲਾ ਤੋਂ ਵੱਧ ਫ਼ਸਾਦ ਹੋਏ ਅਤੇ ਦੇਸ਼ ਵਿੱਚ ਸਮੂਹ ਘੱਟ ਗਿਣਤੀ ਭਾਈਚਾਰੇ ਵਿੱਚ ਅਸੁੱਰਖਿਆ ਦੀ ਭਾਵਨਾ ਵਧੀ ਹੈ। ਯੂ.ਐਸ.ਏ. ਕਮਿਸ਼ਨ ਔਨ ਇਟਰਨੈਸ਼ਨਲ ਫਰੀਡਮ ਨੇ 2018 ਵਿੱਚ ਹਿੰਦੂ ਰਾਸ਼ਟਰੀ ਗਰੁੱਪਾਂ ਨੂੰ ਭਾਰਤ ਨੂੰ ਭਗਵਾਂ ਬਨਾਉਣ ਦੇ ਯਤਨਾਂ, ਹਿੰਸਾ ਅਤੇ ਗੈਰ ਹਿੰਦੂਆਂ ਨੂੰ ਪ੍ਰੇਸ਼ਾਨ ਕਰਨ ਸਬੰਧੀ ਰਿਪੋਰਟ ਛਾਪੀ ਹੈ। ਬਹੁਤ ਸਾਰੇ ਇਤਿਹਾਸਕਾਰਾਂ ਦਾ ਇਹ ਮਤ ਹੈ ਕਿ ਜਿਵੇਂ ਬ੍ਰਿਟਿਸ਼ ਸਾਮਰਾਜ ਵਲੋਂ ਪਾੜੋ ਤੇ ਰਾਜ ਕਰੋ ਦੀ ਨੀਤੀ ਸ਼ਾਸ਼ਨ ਕਰਨ ਲਈ ਅਤੇ ਭਾਰਤੀ ਖਿੱਤੇ ਨੂੰ ਕੰਟਰੋਲ ਕਰਨ ਲਈ ਅਪਨਾਈ ਗਈ, ਉਹੋ ਨੀਤੀ, ਮੌਜੂਦਾ ਹਾਕਮਾਂ ਵਲੋਂ ਹਿੰਦੂ-ਮੁਸਲਮਾਨਾਂ ‘ਚ ਪਾੜਾ ਪਾਕੇ ਅਪਨਾਈ ਜਾ ਰਹੀ ਹੈ।

ਹੁਣ ਦੇ ਹਾਕਮਾਂ ਦੇ ਵੱਖੋ-ਵੱਖਰੇ ‘ਕਾਰਨਾਮੇ’ ਅਤੇ ਨ.ਫਰਤੀ ਵਰਤਾਰਾ ਕੀ ਬੁਰੇ ਦਿਨਾਂ ਦੀ ਆਹਟ ਨਹੀਂ ਹੈ ?


## ਵੀਚਾਰ ਆਪੋ-ਆਪਣਾ

# ਲੋਕ ਸਮਝ ਨਹੀਂ ਪਾ ਰਹੇ ਵੋਟ ਕਿਸਨੂੰ ਪਾਵਾਂਗੇ



ਦਲੀਪ ਸਿੰਘ ਵਾਸਨ, ਐਡਵੋਕੇਟ
0175 5191856
101-ਸੀ ਵਿਕਾਸ ਕਲੋਨੀ,
ਪਟਿਆਲਾ- 147001

**ਅਸੀਂ ਅੱਜ ਐਸੇ ਚੋਰਾਹੇ ਉਤੇ ਆ ਖਲੌਤੇ ਹਾਂ ਕਿ ਸਮਝ ਵਿੱਚ ਨਹੀਂ ਪਿਆ ਆਉਂਦਾ ਕਿ ਅਗਲੀਆਂ ਚੋਣਾ ਵਿੱਚ ਕਿਸ ਪਾਰਟੀ ਜਾਂ ਵਿਅਕਤੀ ਵਿਸ਼ੇਸ਼ ਹੱਥ ਸਰਕਾਰ ਦੇ ਦਈਏ ਜਿਹੜਾ ਸਾਡੀਆਂ ਸਮੱਸਿਆਵਾਂ ਹੱਲ ਕਰ ਦੇਵੇ। ਇਹ ਸੰਭਾਵੀ ਵਿਅਕਤੀ ਵਿਸ਼ੇਸ਼ ਅਤੇ ਇਹ ਪਾਰਟੀਆਂ ਜੋ ਵੀ ਹਨ ਜਲਸੇ ਜਲੂਸ ਰੈਲੀਆਂ ਕਰਕੇ ਜੋ ਵੀ ਆਖ ਰਹੀਆਂ ਹਨ ਇਹ ਸਾਡੀਆ ਸਮੱਸਿਆਵਾਂ ਨਹੀਂ ਹਨ ਇਹ ਵੀ ਪਤਾ ਨਹੀ ਪਿਆ ਲੱਗਦਾ ਕਿ ਇਹ ਪਾਰਟੀਆਂ ਅਤੇ ਇਹ ਸੰਭਾਵੀ ਪ੍ਰਧਾਨ ਮੰਤਰੀ ਆਖਰ ਲੋਕਾਂ ਨਾਲ ਵਾਅਦਾ ਕੀ ਕਰਨਾ ਚਾਹ ਰਹੇ ਹਨ।**




ਸੱਤ ਦਹਾਕਿਆਂ ਤੋਂ ਇਹ ਭਾਰਤ ਦੇ ਲੋਕ ਵੋਟਾਂ ਪਾਉਂਦੇ ਆ ਰਹੇ ਹਨ ਅਤੇ ਅਸਾਂ ਇਹ ਦੇਖਿਆ ਹੈ ਕਿ ਪਹਿਲਾਂ ਕਈ ਦਹਾਕੇ ਇਹ ਕਾਂਗਰਸ ਪਾਰਟੀ ਅਤੇ ਉਹ ਵੀ ਇੱਕ ਹੀ ਖਾਨਦਾਨ ਦਾ ਕੋਈ ਨਾਂ ਕੋਈ ਵਿਅਕਤੀਵਿਸ਼ੇਸ਼ ਹੀ ਇਸ ਮੁਲਕ ਦਾ ਪ੍ਰਧਾਨ ਮੰਤਰੀ ਬਣਦਾ ਰਿਹਾ ਹੈ। ਫਿਰ ਅਸਾਂ ਦੇਖਿਆ ਕਿ ਇਹ ਭਾਜਪਾ ਆ ਗਈ ਅਤੇ ਇਹ ਵੀ ਲਗ ਭਗ ਇੱਕ ਹੀ ਵਿਅਕਤੀਵਿਸ਼ੇਸ਼ ਹੀ ਸਾਡੇ ਸਾਹਮਣੇ ਬਤੌਰ ਪ੍ਰਧਾਨ ਮੰਤਰੀ ਰੱਖ ਸਕੀ ਹੈ ਅਤੇ ਅਸਾਂ ਇਹ ਵੀ ਦੇਖਿਆ ਹੈ ਕਿ ਇਹ ਚਾਹੇ ਕਾਂਗਰਸ ਪਾਰਟੀ ਸੀ ਅਤੇ ਚਾਹੇ ਇਹ ਭਾਜਪਾ ਹੈ ਇਹ ਪਾਰਟੀਆਂ ਬੱਸ ਨਾਮ ਦੀਆਂ ਹੀ ਹਨ ਅਤੇ ਕਰਤਾ ਧਰਤਾ ਬਸ ਇੰਨ੍ਹਾਂ ਦਾ ਵਿਅਕਤੀਵਿਸ਼ੇਸ਼ ਹੀ ਰਿਹਾ ਹੈ ਅਤੇ ਅਸਾਂ ਕਦੀ ਵੀ ਨਹੀਂ ਦੇਖਿਆ ਕਿ ਇਹ ਪਾਰਟੀਆਂ ਦੀ ਹੋਂਦ ਵੀ ਕਿਧਰੇ ਹੈ ਅਤੇ ਨਾ ਹੀ ਅਸਾਂ ਇਹ ਦੇਖਿਆ ਹੈ ਕਿ ਇਹ ਦੋਨੋ ਪਾਰਟੀਆਂ ਆਪ ਵੀ ਕਿਧਰੇ ਜਿਉਂਦੀਆ ਹਨ ਜਾਂ ਬਸ ਇਹ ਵਿਅਕਤੀਵਿਸ਼ੇਸ਼ ਹੀ ਪਾਰਟੀ ਵੀ ਹਨ ਅਤੇ ਕਰਤਾ ਧਰਤਾ ਵੀ ਹਨ। ਦੋਨਾਂ ਪਾਰਟੀਆਂ ਦੀਆਂ ਨੀਤੀਆਂ, ਸਿਧਾਂਤਾ ਅਤੇ ਕੀ ਕੀ ਸਕੀਮਾ ਇਸ ਮੁਲਕ ਵਾਸਤੇ ਇਹ ਪਾਰਟੀਆਂ ਰੱਖਦੀਆਂ ਹਨ, ਹਾਲਾਂ ਤੱਕ ਲੋਕਾਂ ਸਾਹਮਣੇ ਕੁੱਝ ਵੀ ਨਹੀਂ ਰੱਖ ਸਕੀਆਂ। ਇਹ ਜਿਹੜਾ ਵੀ ਆਦਮੀ ਪ੍ਰਧਾਨ ਮੰਤਰੀ ਬਣਦਾ ਰਿਹਾ ਹੈ ਉਹ ਬਹੁਮਤ ਨਾਲ ਆਪ ਹੀ ਜੋ ਮਰਜੀ ਹੈ ਕਰਦਾ ਰਿਹਾ ਹੈ ਅਤੇ ਅਸਾਂ ਕਿਧਰੇ ਵੀ ਇਹ ਨਹੀਂ ਦੇਖਿਆ ਕਿ ਇਹ ਕਾਂਗਰਸ ਅਤੇ ਇਹ ਭਾਜਪਾ ਪ੍ਰਧਾਨ ਮੰਤਰੀ ਨੂੰ ਕੋਈ ਦਿਸਾ ਨਿਰਦੇਸ਼ ਦੇ ਰਹੇ ਹੋਣ ਅਤੇ ਨਾਂ ਹੀ ਅਸਾਂ ਕਦੀ ਇਹ ਹੀ ਦੇਖਿਆ ਹੈ ਕਿ ਕਿਧਰੇ ਵੀ ਪਾਰਟੀਆਂ ਨੇ ਪ੍ਰਧਾਨ ਮੰਤਰੀ ਨੂੰ ਟੋਕਿਆ ਹੀ ਹੈ ਕਿ ਐਸਾ ਨਹੀਂ ਐਸਾ ਕਰਨਾ ਚਾਹੀਦਾ ਸੀ।

ਸਾਡੇ ਸਾਹਮਣੇ ਹੋਰ ਵੀ ਕਈ ਪਾਰਟੀਆਂ ਅਤੇ ਵਿਅਕਤੀਵਿਸ਼ੇਸ਼ ਵੀ ਕਤਾਰ ਲਾਈ ਖਲੋਤੇ ਦਿਖਾਈ ਦੇ ਰਹੇ ਹਨ। ਆਮ ਆਦਮੀ ਪਾਰਟੀ ਵੀ ਹੈ ਅਤੇ ਇਹ ਖੱਬੀਆਂ ਧਿਰਾਂ ਵੀ ਹਨ ਅਤੇ ਕੁੱਝ ਇਕੱਲੇ ਇਕੱਲੇ ਆਦਮੀ ਵੀ ਹਨ ਜਿਹੜੇ ਮੁਲਕ ਦੀ ਕਮਾਨ ਸੰਭਾਲਣਾ ਚਾਹ ਰਹੇ ਹਨ। ਅਸੀਂ ਇਹ ਵੀ ਦੇਖ ਰਹੇ ਹਾਂ ਕਿ ਇਹ ਅਤੇ ਇੰਨ੍ਹਾਂ ਸਾਰਿਆਂ ਨੇ ਹਾਲਾਂ ਤੱਕ ਸਾਡੇ ਆਉਣ ਵਾਲੇ ਆਦਮੀ ਵੀ ਹਾਲਾਂ ਤੱਕ ਸਾਡੇ ਸਾਹਮਣੇ ਕੁੱਝ ਵੀ ਨਹੀਂ ਰੱਖ ਰਹੇ ਹਨ ਅਤੇ ਨਾ ਹੀ ਦੱਸ ਹੀ ਰਹੇ ਹਨ ਕਿ ਅਗਰ ਸਾਡਾ ਰਾਜ ਆ ਗਿਆ ਤਾਂ ਅਸੀਂ ਇਹ ਕਰ ਦਿਆਂਗੇ ਉਹ ਕਰ ਦਿਆਂਗੇ।

ਪਿਛਲੇ ਸੱਤ ਦਹਾਕਿਆਂ ਵਿੱਚ ਮੁਲਕ ਤਰੱਕੀ ਕਰਦਾ ਆ ਰਿਹਾ ਹੈ ਅਤੇ ਅੱਜ ਅਸਾਂ ਇਤਨਾ ਕੁੱਝ ਬਣਾ ਲਿਆ ਹੈ ਕਿ ਹਰੇਕ ਭਾਰਤੀ ਨੂੰ ਅਸੀਂ ਵਾਜਬ ਜਿਹਾ ਜੀਵਨ ਦੇ ਸਕਦੇ ਹਾਂ। ਹਰ ਕੋਈ ਵਾਜਬ ਸਿਹਤ, ਵਾਜਬ ਸਿਖਿਆ, ਵਾਜਬ ਸਿਖਲਾਈ, ਵਾਜਬ ਰੁਜਗਾਰ, ਵਾਜਬ ਆਮਦਨ ਅਤੇ ਵਾਜਾਬ ਜਿਹਾ ਜੀਵਨ ਜਿਉ ਸਕਦਾ ਹੈ, ਪਰ ਅਸੀਂ ਜਦ ਆਪਣੇ ਮੁਲਕ ਦੇ ਹਾਲਾਤ ਉਤੇ ਨਜਰ ਮਾਰਦੇ ਹਾਂ ਤਾਂ ਸਾਡੇ ਸਾਹਮਣੇ ਆਕੇ ਸਾਡਾ ਆਪਣਾ ਹੀ ਪ੍ਰਧਾਨ ਮੰਤਰੀ ਇਹ ਆਖ ਰਿਹਾ ਹੈ ਕਿ ਅਸੀਂ ਇਤਨੇ ਮਜਬੂਤ ਹਾਂ ਕਿ ਮੁਲਕ ਤਿੰਨ ਚੌਥਾਹ. ਜਨਤਾ ਜਿਹੜੀ ਬਹੁਤ ਹੀ ਗਰੀਬ ਕਰ ਦਿੱਤੀ ਗਈ ਹੈ ਅਸੀਂ ਮੁਫਤ ਦਾ ਅਨਾਜ ਦੇਕੇ ਜਿਉਂਦਾ ਰੱਖ ਰਹੇ ਹਾਂ। ਅਰਥਾਤ ਇਹ ਹੈ ਆਖਰੀ ਨਤੀਜਾ ਜਿਹੜਾ ਇਹ ਆਜਾਦੀ ਅਤੇ ਇਹ ਪਰਜਾਤੰਤਰ ਸਾਡੇ ਲਈ ਸੱਤ ਦਹਾਕਿਆਂ ਦੀ ਮੇਹਨਤ ਨਾਲ ਸਥਾਪਿਤ ਕਰ ਪਾਏ ਹਨ।

ਅਸੀਂ ਅੱਜ ਐਸੇ ਚੋਰਾਹੇ ਉਤੇ ਆ ਖਲੌਤੇ ਹਾਂ ਕਿ ਸਮਝ ਵਿੱਚ ਨਹੀਂ ਪਿਆ ਆਉਂਦਾ ਕਿ ਅਗਲੀਆਂ ਚੋਣਾ ਵਿੱਚ ਕਿਸ ਪਾਰਟੀ ਜਾਂ ਵਿਅਕਤੀ ਵਿਸ਼ੇਸ਼ ਹੱਥ ਸਰਕਾਰ ਦੇ ਦਈਏ ਜਿਹੜਾ ਸਾਡੀਆਂ ਸਮੱਸਿਆਵਾਂ ਹੱਲ ਕਰ ਦੇਵੇ। ਇਹ ਸੰਭਾਵੀ ਵਿਅਕਤੀ ਵਿਸ਼ੇਸ਼ ਅਤੇ ਇਹ ਪਾਰਟੀਆਂ ਜੋ ਵੀ ਹਨ ਜਲਸੇ ਜਲੂਸ ਰੈਲੀਆਂ ਕਰਕੇ ਜੋ ਵੀ ਆਖ ਰਹੀਆਂ ਹਨ ਇਹ ਸਾਡੀਆ ਸਮੱਸਿਆਵਾਂ ਨਹੀਂ ਹਨ ਇਹ ਵੀ ਪਤਾ ਨਹੀ ਪਿਆ ਲੱਗਦਾ ਕਿ ਇਹ ਪਾਰਟੀਆਂ ਅਤੇ ਇਹ ਸੰਭਾਵੀ ਪ੍ਰਧਾਨ ਮੰਤਰੀ ਆਖਰ ਲੋਕਾਂ ਨਾਲ ਵਾਅਦਾ ਕੀ ਕਰਨਾ ਚਾਹ ਰਹੇ ਹਨ। ਇਹ ਵੀ ਪਤਾ ਨਹੀਂ ਪਿਆ ਲੱਗਦਾ ਕਿ ਸਾਡੀ ਕੋਈ ਸਮਸਿਆ ਹੱਲ ਵੀ ਹੋਵੇਗੀ ਜਾਂ ਇਹ ਗਰੀਬਾਂ ਦੀਆਂ ਅਗਲੀਆਂ ਪੀੜ੍ਹੀਆਂ ਵੀ ਗਰੀਬ ਹੀ ਹੁੰਦੀਆਂ ਜਾਣਗੀਆਂ।

ਲੋਕ ਵੋਟਾ ਫਿਰ ਵੀ ਪਾਉਣਗੇ ਅਤੇ ਕੋਈ ਨਾ ਕੋਈ ਸਰਕਾਰ ਵੀ ਬਣ ਜਾਵੇਗੀ। ਜਿਵੇ ਪਿਛਲੀ ਪੌਣੀ ਸਦੀ ਲਦ ਗਈ ਹੈ ਇਹ ਪੰਜ ਸਾਲ ਵੀ ਲਦ ਜਾਣਗੇ। ਇਹ ਪਿਆ ਲੱਗਦਾ ਹੈ ਕਿ ਇਹ ਗਰੀਬਾਂ ਦੀ ਵਧਦੀ ਗਿਣਤੀ ਹੀ ਵੋਟਰ ਹਨ ਅਤੇ ਇਹੀ ਸਰਕਾਰਾਂ ਬਣਾਈ ਆ ਰਹੇ ਹਨ ਅਤੇ ਇਹ ਵੀ ਹੈਰਾਨੀ ਦੀ ਗੱਲ ਹੈ ਕਿ ਇਹ ਗਰੀਬ ਸਰਕਾਰਾਂ ਤਾਂ ਖੜੀਆਂ ਕਰਦੇ ਆ ਰਹੇ ਹਨ, ਪਰ ਇਹ ਸਰਕਾਰਾਂ ਵਿੱਚ ਸ਼ਾਮਲ ਆਦਮੀ ਗਰੀਬਾਂ ਦਾ ਕੁੱਝ ਸੰਵਾਰ ਨਹੀਂ ਰਹੇ ਹਨ।

ਜਿਥੇ ਅਸਾਂ ਮਿਥਿਹਾਸ ਦੇਖਿਆ, ਦੇਸੀ ਇਤਿਹਾਸ ਦੇਖਿਆ, ਫਿਰ ਮੁਸਲਮਾਨੀ ਰਾਜ ਦੇਖਿਆ ਅਤੇ ਫਿਰ ਅਸਾਂ ਇਹ ਅੰਗਰੇਜਾਂ ਦਾ ਬਸਤੀਵਾਦ ਦੇਖਿਆ, ਇਹ ਸਦੀ ਵੀ ਪੂਰੀ ਕਰ ਜਾਵਾਂਗੇ ਅਤੇ ਇਹ ਉਮੀਦ ਹਾਲਾਂ ਵੀ ਸਾਡੇ ਅੰਦਰ ਕਾਇਮ ਹੈ ਕਿ ਕਦੀ ਨਾ ਕਦੀ ਤਾਂ ਇਸ ਮੁਲਕ ਵਿੱਚ ਵੀ ਲੋਕ ਰਾਜ ਆ ਜਾਵੇਗਾਅਤੇ ਇਸ ਮੁਲਕ ਦੇ ਲੋਕਾਂ ਦੀਆਂ ਸਮੱਸਿਆਵਾਂ ਵੀ ਹੱਲ ਹੋ ਜਾਣਗੀਆਂ।


ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukh dev Singh Dhanoa
780 700 5022,
780 599 2000
Email:
sukhdevdhanoa@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

## ਖ਼ਬਰ ਪੰਜਾਬ ਤੋਂ ਆਈ ਐ ਬਈ--

# ਇਸ ਕਸਬੇ ਦੀਆਂ ਹੱਦਾਂ ’ਤੇ ਵੀ ਲੱਗੇ ਨਸ਼ੇ ਵਿਰੋਧੀ ਬੋਰਡ

ਗੁਰਦਾਸਪੁਰ(ਪੰਜਾਬੀ ਅਖਬਾਰ ਬਿਊਰੋ)- ਅੱਜ ਦੇ ਸਮੇਂ ’ਚ ਸ਼ਰੇਆਮ ਵਿੱਕ ਰਿਹਾ ਚਿੱਟੇ ਦਾ ਨਸ਼ਾ ਸਰਕਾਰਾਂ ਅਤੇ ਜਨਤਾ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਨਸ਼ੇ ਤੋਂ ਪਰੇਸ਼ਾਨ ਹੋ ਕੇ ਇਤਿਹਾਸਿਕ ਕਸਬਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਲੋਕਾਂ ਅਤੇ ਨਗਰ ਕੌਂਸਲ ਨੇ ਮਿਲ ਕੇ ਕਸਬੇ ਨੂੰ ਲਗਦੀਆਂ ਤਿੰਨ ਹੱਦਾਂ ਅਤੇ ਕਸਬੇ ਦੇ ਅੰਦਰ ਨਸ਼ੇ ਨੂੰ ਲੈ ਕੇ ਬੋਰਡ ਲਗਾ ਦਿੱਤੇ ਹਨ। ਲਗਾਏ ਗਏ ਬੋਰਡ ’ਤੇ ਉਨ੍ਹਾਂ ਨੇ ਲਿਖਿਆ ਹੈ ਕਿ ਕਸਬੇ ਦੇ ਅੰਦਰ ਜੇਕਰ ਕੋਈ ਚਿੱਟਾ, ਸਮੈਕ ਅਤੇ ਦੂਸਰੇ ਹੋਰ ਨਸ਼ੇ ਵੇਚਦਾ ਫ਼ੜਿਆ ਗਿਆ, ਉਹ ਆਪਣੇ ਆਪ ਦਾ ਖ਼ੁਦ ਜ਼ਿੰਮੇਵਾਰ ਹੋਵੇਗਾ। ਨਸ਼ੇ ਦੇ ਮਸਲੇ ਨੂੰ ਲੈ ਕੇ ਨਗਰ ਕੌਂਸਲ ਅਤੇ ਲੋਕਾਂ ਨੇ ਲਿਖਤੀ ਤੌਰ ’ਤੇ ਪੱਤਰ ਪੁਲੀਸ ਪ੍ਰਸ਼ਾਸਨ ਨੂੰ ਵੀ ਦੇ ਦਿੱਤਾ ਹੈ।

ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਪ੍ਰਧਾਨ ਨਵਦੀਪ ਪੰਨੂ ਨੇ ਦੱਸਿਆ ਕਿ ਇਸ ਇਤਿਹਾਸਕ ਕਸਬੇ ਦੇ ਅੰਦਰ ਨਸ਼ਾ ਵੱਧ ਮਾਤਰਾ ’ਚ ਵਿਕ ਰਿਹਾ ਹੈ। ਨਸ਼ੇ ਦੇ ਜਾਅਲ ’ਚ ਫ਼ਸ ਕੇ ਨੌਜਵਾਨ ਪੀੜ੍ਹੀ ਬਰਬਾਦ ਹੋ ਰਹੀ ਹੈ। ਲੋਕਾਂ ਦੇ ਘਰ ਬਰਬਾਦ ਹੋ ਰਹੇ ਹਨ। ਅਸੀਂ ਇੱਕ-ਦੋ ਨਸ਼ਾ ਤਸਕਰ ਫ਼ੜ ਕੇ ਪੁਲੀਸ ਨੂੰ ਸੌਂਪੇ ਹਨ ਜਿਸ ਦੇ ਬਾਵਜੂਦ ਨਸ਼ਾ ਵੇਚਣ ਵਾਲੇ ਲੋਕ ਬਾਜ ਨਹੀਂ ਆ ਰਹੇ। ਉਨ੍ਹਾਂ ਨੇ ਕਿਹਾ ਕਿ ਇਸੇ ਲਈ ਅੱਜ ਅਸੀਂ ਲੋਕਾਂ ਦੇ ਸਹਿਯੋਗ ਨਾਲ ਨਸ਼ੇ ਨੂੰ ਲੈ ਕੇ ਬੋਰਡ ਕਸਬੇ ਦੀਆਂ ਹੱਦਾਂ ਅਤੇ ਕਸਬੇ ਦੇ ਅੰਦਰ ਲਗਾ ਦਿੱਤੇ ਹਨ।ਉਨ੍ਹਾਂ ਨੇ ਕਿਹਾ ਕਿ ਅਸੀਂ ਪੁਲੀਸ ਨੂੰ ਵੀ ਲਿਖਤੀ ਤੌਰ ’ਤੇ ਕਹਿ ਦਿੱਤਾ ਹੈ ਕਿ ਜੇਕਰ ਹੁਣ ਨਸ਼ਾ ਵੇਚਣ ਵਾਲੇ ਬਾਜ ਨਾ ਆਏ ਤਾਂ ਫ਼ਿਰ ਅਸੀਂ ਮੁਖ਼ਬਰ ਛੱਡ ਰੱਖੇ ਹਨ। ਅਸੀਂ ਨਸ਼ਾ ਵੇਚਣ ਵਾਲੇ ਲੋਕਾਂ ਨੂੰ ਫ਼ੜ ਕੇ ਪਹਿਲਾਂ ਬੰਦੇ ਦਾ ਪੁੱਤ ਆਪ ਬਣਾਵਾਂਗੇ ਫ਼ਿਰ ਪੁਲੀਸ ਦੇ ਹਵਾਲੇ ਕਰਾਂਗਾ। ਉਨ੍ਹਾਂ ਨੇ ਕਿਹਾ ਕਿ ਅਸੀਂ ਉਕਤ ਬੋਰਡਾਂ ’ਤੇ ਇਹ ਵੀ ਲਿਖਿਆ ਹੈ ਕਿ ਨਸਾ ਵੇਚਣ ਅਤੇ ਖ਼ਰੀਦਣ ਵਾਲੇ ਦੀ ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ ਅਤੇ ਉਸ ਨੂੰ ਵਾਜਿਬ ਇਨਾਮ ਵੀ ਦਿੱਤਾ ਜਾਵੇਗਾ।

# ਅੰਮ੍ਰਿਤਪਾਲ ਸਿੰਘ, ਸੰਤ ਭਿੰਡਰਾਂਵਾਲਾ ਨਹੀਂ ਬਣ ਸਕਦਾ: ਸੋਨੀਆ ਮਾਨ ਨੇ ਕਿਹਾ; ਬੀ.ਜੇ.ਪੀ.ਲੈ ਰਹੀ ਸਭ ਤੋਂ ਵੱਧ ਲਾਹਾ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਖ਼ਾਲਿਸਤਾਨੀ ਸੋਚ ਰੱਖਣ ਵਾਲੇ ਅੰਮ੍ਰਿਤਪਾਲ ਸਿੰਘ ਦਾ ਮੁੱਦਾ ਇਸ ਸਮੇਂ ਸਭ ਤੋਂ ਵੱਧ ਭਖਿਆ ਹੋਇਆ ਹੈ। ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਬਣਨ ਤੋਂ ਬਾਅਦ ਉਸ ਦੀਆਂ ਤਕਰੀਰਾਂ ਨਾਲ ਪੰਜਾਬ ਦੀ ਰਾਜਨੀਤੀ ’ਚ ਹਲਚਲ ਮੱਚੀ ਹੋਈ ਹੈ। ਖ਼ਾਲਿਸਤਾਨੀ ਪੱਖੀ ਸੋਚ ਰੱਖਣ ਵਾਲੇ ਕਈ ਆਗੂ ਵੀ ਉਸ ਦੀਆਂ ਤਿੱਖੀਆਂ ਗੱਲਾਂ ਨਾਲ ਸਹਿਮਤ ਹਨ ਜਦਕਿ ਵਿਰੋਧ ਵੀ ਤੇਜ਼ ਹੈ। ਉਸ ਦੀ ਜਾਂਚ ਨੂੰ ਲੈ ਕੇ ਵੀ ਪੁਲੀਸ ਨੂੰ ਕਾਰਵਾਈ ਲਈ ਵੀ ਕਿਹਾ ਗਿਆ ਹੈ, ਅਤੇ ਪੰਜਾਬ ਸਰਕਾਰ ਜਾਂਚ ਕਰਵਾ ਵੀ ਰਹੀ ਹੈ। ਇੱਕ ਅਹਿਮ ਕਾਰਵਾਈ ਕਰਦਿਆਂ ਕੇਂਦਰ ਸਰਕਾਰ ਨੇ ਅੰਮ੍ਰਿਤਾਪਲ ਦਾ ਟਵਿਟਰ ਐਕਾਊਂਟ ਵੀ ਪਿਛਲੇ ਦਿਨੀਂ ਭਾਰਤ ’ਚ ਬੰਦ ਕਰਵਾ ਦਿੱਤਾ ਗਿਆ ਸੀ।ਇਸ ਸਭ ਦੇ ਵਿਚਾਲੇ ਹੁਣ ਪੰਜਾਬੀ ਗਾਇਕਾ ਅਤੇ ਅਦਾਕਾਰਾ ਸੋਨੀਆ ਮਾਨ ਨੇ ਵੀ ਅੰਮ੍ਰਿਤਪਾਲ ਸਿੰਘ ਨੂੰ ਲੈ ਕੇ ਇੱਕ ਬਿਆਨ ਦਿੱਤਾ ਹੈ। ਉਸ ਨੇ ਕਿਹਾ ਕਿ ਭਾਜਪਾ ਅੰਮ੍ਰਿਤਪਾਲ ਦਾ ਖ਼ੂਬ ਲਾਹਾ ਲੈ ਰਹੀ ਹੈ। ਸੰਤ



ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਮੁਕਾਬਲੇ ’ਤੇ ਸੋਨੀਆ ਨੇ ਕਿਹਾ, “ਸੰਤ ਭਿੰਡਰਾਂਵਾਲਿਆਂ ਦਾ ਕੋਈ ਮੁਕਾਬਲਾ ਨਹੀਂ, ਅੰਮ੍ਰਿਤਪਾਲ ਤਾਂ ਕੀ ਉਨ੍ਹਾਂ ਵਰਗਾ ਨਾ ਕੋਈ ਹੈ ਅਤੇ ਨਾ ਹੀ ਕੋਈ ਬਣ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਅੰਮ੍ਰਿਤਪਾਲ ਹੈ ਅਤੇ ਅੰਮ੍ਰਿਤਪਾਲ ਹੀ ਰਹੇਗਾ, ਭਿੰਡਰਾਂਵਾਲਾ ਨਹੀਂ ਬਣ ਸਕਦਾ।”ਸੋਨੀਆ ਮਾਨ ਨੇ ਕਿਹਾ ਕਿ ਕਿੰਨੇ ਹੀ ਚਿਰ ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਹੀਂ ਹੋਈਆਂ, ਅਤੇ ਉਨ੍ਹਾਂ ਨੂੰ ਕਰਾਉਣ ਲਈ ਅੰਮ੍ਰਿਤਪਾਲ ਦ੍ਰਿੜ ਸੰਕਲਪ ਹੈ, ਅਤੇ ਉਹ ਲੋਕਾਂ ਨੂੰ ਚੋਣਾਂ ਲਈ ਉਤਸ਼ਾਹਿਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਖ਼ੁਦ ਪ੍ਰਧਾਨ ਨਹੀਂ ਸੀ ਬਣਨਾ ਚਾਹੁੰਦਾ, ਅਤੇ ਉਹ ਸਿਰਫ਼ ਲੋਕਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਲਈ ਇਕਜੁਟ ਕਰ ਰਿਹਾ ਹੈ। ਇਹ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ~Gw2 ਚੋਣਾਂ ’ਚ ਸਿਰਫ਼ ਉਹੀ ਵੋਟ ਪਾ ਸਕਦਾ ਹੈ ਜਿਹੜਾ ਅੰਮ੍ਰਿਤਧਾਰੀ ਸਿੱਖ ਹੈ।ਅੰਮ੍ਰਿਤਪਾਲ ਸਿੰਘ ਦੇ ਈਸਾਈ ਧਰਮ ਨੂੰ ਲੈ ਕੇ ਬਿਆਨ ’ਤੇ ਉਨ੍ਹਾਂ ਕਿਹਾ, “ਇਹ ਬਹੁਤ ਹੀ ਗ਼ਲਤ ਗੱਲ ਹੈ ਕਿਉਂਕਿ ਸਿੱਖ ਧਰਮ ਅਜਿਹਾ ਕਦੇ ਨਹੀਂ ਕਹਿੰਦਾ। ਸਾਡੇ ਗੁਰੂਆਂ ਨੇ ਸਾਨੂੰ ਨੇ ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਸਿਖਾਇਆ ਹੈ, ਕਿਰਤ ਕਰਨਾ ਅਤੇ ਵੰਡ ਕੇ ਛੱਕੋ ਸਿਖਾਇਆ ਹੈ।”ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੀਆਂ ਇਹ ਗੱਲਾਂ ਵੰਡਣ ਵਾਲੀਆਂ ਹਨ ਜਿਸ ਦਾ ਅਸਰ ਸਾਡੇ ਬਾਹਰ ਗਏ ਬੱਚਿਆਂ ’ਤੇ ਪੈ ਸਕ ਦਾ ਹੈ, ਸੋ ਸਾਨੂੰ ਅਜਿਹੀਆਂ ਤਕਰੀਰਾਂ ਤੋਂ ਬਚਣਾ ਚਾਹੀਦਾ ਅਤੇ ਬੋਲਣ ਤੋਂ ਪਹਿਲਾਂ ਸੋ ਵਾਰੀ ਸੋਚਣਾ ਚਾਹੀਦਾ ਹੈ।

# ਵਿੱਤ ਮੰਤਰੀ ਹਰਪਾਲ ਚੀਮਾ ਨੂੰ ਮੋਗਾ ਅਦਾਲਤ ਨੇ ਭੇਜਿਆ ਸੰਮਨ

ਮੋਗਾ(ਪੰਜਾਬੀ ਅਖਬਾਰ ਬਿਊਰੋ)- ਮੋਗਾ ਅਦਾਲਤ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ



ਅਗਵਾਈ ਹੇਠਲੀ ਸਰਕਾਰ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਸੰਮਨ ਭੇਜਿਆ ਹੈ।ਉਨ੍ਹਾਂ ਨੂੰ 15 ਨਵੰਬਰ ਨੂੰ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਕੀਤੇ ਗਏ ਹਨ। ਇਹ ਸੰਮਨ ਸਾਬਕਾ ਵਿਧਾਇਕ ਹਰਜੋਤ ਕੰਵਲ ਦੀ ਸ਼ਿਕਾਇਤ ’ਤੇ ਕੀਤੇ ਗਏ ਹਨ।ਉਨ੍ਹਾਂ ਵਿੱਤ ਮੰਤਰੀ ’ਤੇ ਮਾਣਹਾਨੀ ਦਾ ਕੇਸ ਦਰਜ ਕਰਵਾਇਆ ਹੈ।ਦੱਸ ਦੇਈਏ ਕਿ 2 ਸਾਲ ਪਹਿਲਾਂ ਚੀਮਾ ਨੇ ਹਰਜੋਤ ਕੰਵਲ ’ਤੇ ਕਰੋੜਾਂ ਰੁਪਏ ਇਕੱਠੇ ਕਰਨ ਦਾ ਦੋਸ਼ ਲਾਇਆ ਸੀ, ਜਿਸ ’ਤੇ ਹਰਜੋਤ ਕੰਵਲ ਨੇ ਮਾਨਹਾਨੀ ਦਾ ਕੇਸ ਕੀਤਾ ਹੈ।ਇੱਥੇ ਇਹ ਗੱਲ ਵਰਨਣਯੋਗ ਹੈ ਕਿ ਜਦੋਂ ਹਰਜੋਤ ਕੰਵਲ ਮੋਗੇ ਦੇ ਵਿਧਾਇਕ ਸਨ ਤਾਂ ਉਸ ਸਮੇਂ ਹਰਪਾਲ ਚੀਮਾ ਜੋ ਕਿ ਵਿਰੋਧੀ ਧਿਰ ਦੇ ਨੇਤਾ ਸਨ ਨੇ ਕੰਵਲ ਖਿਲਾਫ ਬਿਆਨਬਾਜ਼ੀ ਕੀਤੀ ਸੀ।

# ਬਿਸ਼ਨੋਈ ਨੇ ਸਾਬਕਾ ਜੈਵਲਿਨ ਖਿਡਾਰੀ ਦੀ ਮਦਦ ਨਾਲ ਬਣਾਇਆ ਸੀ ਇਹ ਪਲੈਨ

ਲੁਧਿਆਣਾ (ਪੰਜਾਬੀ ਅਖਬਾਰ ਬਿਊਰੋ)- ਸਿੱਧੂ ਮੂਸੇਵਾਲਾ ਕਤਲ ਕਾਂਡ ’ਚ ਲੁਧਿਆਣਾ ਪੁਲੀਸ ਵਲੋਂ ਇੱਕ ਹੋਰ ਨਵਾਂ ਖ਼ੁਲਾਸਾ ਕੀਤਾ ਗਿਆ ਹੈ। ਪ੍ਰੋਡਕਸ਼ਨ ਵਾਰੰਟ ’ਤੇ ਲਿਆਂਦੇ ਗਏ ਸਾਬਕਾ ਜੈਵਲਿਨ ਖਿਡਾਰੀ ਨੂੰ ਲੈ ਕੇ ਲੁਧਿਆਣਾ ਪੁਲੀਸ ਨੇ ਇਸ ਗੱਲ ਦਾ ਖ਼ੁਲਾਸਾ ਕੀਤਾ ਹੈ ਕਿ ਸਿੱਧੂ ਮੂਸੇਵਾਲਾ ਨੂੰ ਮਾਰਨ ਲਈ ਗੈਂਗਸਟਰਾਂ ਵਲੋਂ ਇੱਕ ਹੋਰ ਨਵੀਂ ਯੋਜਨਾ ਬਣਾਈ ਗਈ ਸੀ ਜਿਸ ਨੂੰ ਅੰਜ਼ਾਮ ਦੇਣ ਲਈ ਸਾਬਕਾ ਜੈਵਲਿਨ ਖਿਡਾਰੀ ਗੁਰਮੀਤ ਮੀਤੇ ਨੂੰ ਹਾਇਰ ਕੀਤਾ ਗਿਆ ਸੀ।ਦੋਸ਼ੀ, ਜੋ ਕਿ ਬਟਾਲਾ ਦਾ ਰਹਿਣ ਵਾਲਾ ਅਤੇ ਪੰਜਾਬ ਪੁਲੀਸ ਦਾ ਸਾਬਕਾ ਸਿਪਾਹੀ ਜਿਸ ਨੂੰ 2020 ’ਚ ਬਰਖ਼ਾਸਤ ਕਰ ਦਿੱਤਾ ਗਿਆ ਸੀ, ਨੇ ਪੁੱਛਗਿੱਛ ਦੌਰਾਨ ਦੱਸਿਆ ਹੈ ਕਿ ਉਸ ਨੇ ਵੀ ਸਿੱਧੂ





ਮੂਸੇਵਾਲਾ ਦੀ ਰੇਕੀ ਕੀਤੀ ਸੀ। ਉਸ ਨੇ ਦੱਸਿਆ ਹੈ ਕਿ ਗੈਂਗਸਟਰ ਲੌਰੈਂਸ ਨੇ ਸਿੱਧੂ ਮੂਸੇਵਾਲਾ ਨੂੰ ਮਾਰਨ ਲਈ ਇੱਕ ਹੋਰ ਪਲੈਨ ਵੀ ਬਣਾਇਆ ਹੋਇਆ ਸੀ ਜਿਸ ਤਹਿਤ ਉਹ ਨਕਲੀ ਪੁਲੀਸ ਮੁਲਾਜ਼ਮ ਬਣ ਕੇ ਅਤੇ ਸਿੱਧੂ ਮੂਸੇਵਾਲਾ ਦੇ ਘਰ ਛਾਪਾ ਮਾਰ ਕੇ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਸਨ, ਪਰ ਗੋਲਡੀ ਬਰਾੜ ਵਲੋਂ ਉਸ ਪਲੈਨ ਨੂੰ ਬਦਲ ਦਿੱਤਾ ਗਿਆ। ਦੱਸ ਦੇਈਏ ਕਿ ਗੁਰਮੀਤ ਮੀਤਾ ਫ਼ਾਰਚੂਨਰ ਗੱਡੀ ’ਚ ਪੁਲੀਸ ਦੀ ਵਰਦੀ ਵੀ ਲੈ ਕੇ ਜਾ ਰਿਹਾ ਸੀ।

# ਭਾਰੀ ਪੈ ਸਕਦੇ ਹਨ ਸਪੀਕਰ ਅਤੇ ਆਈਜੀ ਵਿਜੇ ਪ੍ਰਤਾਪ ਦੇ ਬਿਆਨ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- 2015 ’ਚ ਬਰਗਾੜੀ ਵਿਖੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਨੂੰ ਵਾਪਰਿਆਂ ਸੱਤ ਸਾਲ ਦਾ ਸਮਾਂ ਬੀਤ ਚੁੱਕਿਆ ਹੈ। ਲੰਘੇ ਸੱਤ ਸਾਲਾਂ ’ਚ ਦੋ ਸਰਕਾਰਾਂ ਤੋਂ ਇਲਾਵਾ ਤਿੰਨ ਮੁੱਖ ਮੰਤਰੀ ਬਦਲ ਗਏ, ਪਰ ਸੰਗਤ ਹੁਣ ਵੀ ਇਨ੍ਹਾਂ ਮਾਮਲਿਆਂ ’ਚ ਇਨਸਾਫ਼ ਦੀ ਘੜੀ ਨੂੰ ਉਡੀਕ ਰਹੀ ਹੈ। ਪੰਜਾਬ ’ਚ ਸੱਤਾ ’ਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਸਭ ਨਾਲ ਵਾਅਦਾ ਕੀਤੀ ਸੀ ਕਿ ਉਹ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਕਟਹਿਰੇ ’ਚ ਖੜ੍ਹਾ ਕਰੇਗੀ ਸਰਕਾਰ ਦਾ ਛੇ ਮਹੀਨਿਆਂ ਦਾ ਸਮਾਂ ਬੀਤ ਜਾਣ ਤੋਂ ਬਾਅਦ ਸੀ ਸਥਿਤੀ ਜਿਉਂ ਦੀ ਤਿਉਂ ਹੈ। ਉੱਥੇ ਹੀ ਕਿਤੇ ਨਾ ਕਿਤੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਆਪ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਵਲੋਂ





ਦਿੱਤੇ ਬਿਆਨ ਵੀ ਪੰਜਾਬ ਸਰਕਾਰ ਲਈ ਵੱਡੀਆਂ ਮੁਸ਼ਕਿਲਾਂ ਖੜ੍ਹੀਆਂ ਕਰ ਸਕਦੇ ਹਨ।

ਸਪੀਕਰ ਸੰਧਵਾਂ ਅਤੇ ਕੁੰਵਰ ਵਿਜੇ ਪ੍ਰਤਾਪ ਦੇ ਬਿਆਨਾਂ ਨੇ ਜਿੱਥੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ’ਤੇ ਸਵਾਲ ਖੜ੍ਹੇ ਕਰ ਦਿੱਤੇ ਹਨ, ਉੱਥੇ ਹੀ ਇੱਕ ਗੱਲ ਸਪੱਸ਼ਟ ਹੋ ਗਈ ਹੈ ਕਿ ਜੇਕਰ ਮਾਨ ਸਰਕਾਰ ਆਉਣ ਵਾਲੇ ਦੋ ਮਹੀਨਿਆਂ ’ਚ ਕਿਸੇ ਨਤੀਜੇ ’ਤੇ ਨਹੀਂ ਪਹੁੰਚੀ ਤਾਂ ਸਰਕਾਰ ਲਈ ਵੱਡਾ ਧਰਮ ਸੰਕਟ ਖੜ੍ਹਾ ਹੋ ਜਾਵੇਗਾ। ਜ਼ਿਕਰਯੋਗ ਕਿ ਬੀਤੇ ਦਿਨ ਬਹਿਬਲ ਕਲਾਂ ਵਿਖੇ ਹੋਏ ਸ਼ਹੀਦੀ ਸਮਾਗਮ ’ਚ ਸ਼ਿਰਕਤ ਕਰਨ ਪਹੁੰਚੇ ਸਪੀਕਲ ਸੰਧਵਾਂ ਨੇ ਕਿਹਾ ਸੀ ਕਿ ਸਪੀਕਰ ਤੋਂ ਪਹਿਲਾਂ ਮੈਂ ਗੁਰੂ ਦਾ ਸਿੱਖ ਹਾਂ। ਗੁਰੂ ਅਤੇ ਸਿੱਖ ਸੰਗਤ ਦੀ ਨਾਰਾਜ਼ਗੀ ਨਾਲੋਂ ਮੌਤ ਚੰਗੀ ਹੈ। ਉਨ੍ਹਾਂ ਕਿਹਾ ਕਿ ਜੇ ਸਰਕਾਰ ਨੇ ਇਨਸਾਫ਼ ਨਾ ਦਿੱਤਾ ਤਾਂ ਕਿ ਲੈਣਾ ਇਹੋ ਜਿਹੀ ਸਰਕਾਰ ਤੋਂ। ਕਿਤੇ ਨਾ ਕਿਤੇ ਇਸ ਗੱਲ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਜੇਕਰ ਸਰਕਾਰ ਇਸ ਮੁੱਦੇ ’ਤੇ ਇਨਸਾਫ਼ ਨਹੀਂ ਦਿੰਦੀ ਤਾਂ ਉਹ ਆਪਣੇ ਅਹੁਦੇ ਤੋਂ ਅਸਤੀਫ਼ਾ ਵੀ ਦੇ ਸਕਦੇ ਹਨ। ਹਾਲਾਂਕਿ ਉਨ੍ਹਾਂ ਕਿਹਾ ਕਿ ਇਹ ਮਾਮਲਾ ਕਾਨੂੰਨੀ ਹੈ, ਪਰ ਡੇਢ ਮਹੀਨਿਆਂ ਬਾਅਦ ਇੱਥੇ ਹੀ ਸ਼ੁਕਰਾਨਾ ਸਮਾਗਮ ਕੀਤਾ ਜਾਵੇਗਾ।

ਦੂਜੇ ਪਾਸੇ ਆਪ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਦਾ ਕਹਿਣਾ ਹੈ ਕਿ ਮੌਜੂਦਾ ਸਿਟ ਵੱਲੋਂ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲੇਗਾ। ਜ਼ਿਕਰਯੋਗ ਹੈ ਕਿ ਕੁੰਵਰ ਵਿਜੇ ਪ੍ਰਤਾਪ ਸਾਬਕਾ ਪੁਲੀਸ ਅਧਿਕਾਰੀ ਅਤੇ ਸਿਟ ਦੇ ਮੁਖੀ ਰਹਿ ਚੁੱਕੇ ਹਨ। ਇੱਥੇ ਤਕ ਉਨ੍ਹਾਂ ਨੇ ਇਹ ਵੀ ਕਹਿ ਦਿੱਤਾ ਕਿ ਉਨ੍ਹਾਂ ਨੂੰ ਬੇਅਦਬੀ ਕਰਨ ਵਾਲੇ ਦੋਸ਼ੀਆਂ ਬਾਰੇ ਸਭ ਪਤਾ ਹੈ ਅਤੇ ਉਹ ਆਪਣੀ ਲੜਾਈ ਜਾਰੀ ਰੱਖਣਗੇ। ਸੂਤਰਾਂ ਮੁਤਾਬਿਕ ਪਾਰਟੀ ਦੇ ਹੋਰ ਵੀ ਵਿਧਾਇਕ ਬੇਅਦਬੀ ਮਾਮਲੇ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ’ਤੇ ਦਬਾਅ ਬਣਾ ਰਹੇ ਹਨ।

# ਸਿੱਖ ਅਜਾਇਬ ਘਰ ’ਚ ਬਲਵਿੰਦਰ ਸਿੰਘ ਜਟਾਣਾ ਦੀ ਤਸਵੀਰ ਸਥਾਪਿਤ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬਘਰ ’ਚ ਗਰਮ ਖ਼ਿਆਲੀ ਬਲਵਿੰਦਰ ਜਟਾਣਾ ਦੀ ਤਸਵੀਰ ਸਥਾਪਤ ਕੀਤੀ ਗਈ ਹੈ। ਜਟਾਣਾ ਨੇ 1990 ’ਚ ਸਤਲੁਜ-ਯਮੁਨਾ ਲਿੰਕ ਨਹਿਰ ਦੇ ਨਿਰਮਾਣ ਦੀ ਨਿਗਰਾਨੀ ਕਰ ਰਹੇ ਦੋ ਸਰਕਾਰੀ ਅਧਿਕਾਰੀਆਂ ਨੂੰ ਮਾਰ ਦਿੱਤਾ ਸੀ। ਜਟਾਣਾ ਦੀ ਤਸਵੀਰ ਤੋਂ ਇਲਾਵਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਨਵਾਬ ਰਾਏ ਬੁਲਾਰ ਅਹਿਮਦ ਭੱਟੀ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜੋਗਿੰਦਰ ਸਿੰਘ ਪੰਜਗਰਾਈਂ ਅਤੇ ਹਰਿੰਦਰ ਸਿੰਘ ਰਣੀਆਂ ਦੀਆਂ ਤਸਵੀਰਾਂ ਵੀ ਲਗਾਈਆਂ ਹਨ।ਇਸ ਦੌਰਾਨ



ਐਸਜੀਪੀਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਜਾਇਬ ਘਰ ਸਿੱਖ ਇਤਿਹਾਸ ਦਾ ਅਹਿਮ ਸਰੋਤ ਹੈ ਅਤੇ ਇੱਥੇ ਸਿੱਖ ਕੌਮ ਲਈ ਕੁਰਬਾਨੀਆਂ ਕਰਨ ਵਾਲਿਆਂ ਦੀਆਂ ਤਸਵੀਰਾਂ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ। ਬਲਵਿੰਦਰ ਸਿੰਘ ਜਟਾਣਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਉਸ ਨੂੰ ਪੰਜਾਬ ਦੇ ਪਾਣੀਆਂ ਦਾ ਰਖਵਾਲਾ ਦੱਸਿਆ। ਉਨ੍ਹਾਂ ਕਿਹਾ ਕਿ ਇਸ ਸੰਘਰਸ਼ੀ ਯੋਧੇ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਸਤਲੁਜ ਯਮੁਨਾ ਲਿੰਕ ਨਹਿਰ ਦਾ ਕਰੜਾ ਵਿਰੋਧ ਕੀਤਾ ਸੀ। ਪੰਜਾਬ ਦੇ ਪਾਣੀਆਂ ਦੇ ਮਾਮਲੇ ’ਤੇ ਸਰਕਾਰਾਂ ਨੂੰ ਨਸੀਹਤ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਸੂਬੇ ਦਾ ਅਤਿ ਅਹਿਮ ਤੇ ਸੰਵੇਦਨਸ਼ੀਲ ਮਸਲਾ ਹੈ ਅਤੇ ਸਰਕਾਰਾਂ ਨੂੰ ਇਸ ਨਾਲ ਬਿਨਾਂ ਮਤਲਬ ਦੇ ਛੇੜਛਾੜ ਅਤੇ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ।ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ ਨੇ ਨਿਭਾਈ। ਸਮਾਗਮ ’ਚ ਨਵਾਬ ਰਾਏ ਬੁਲਾਰ ਅਹਿਮਦ ਭੱਟੀ ਦੇ ਪਰਿਵਾਰਕ ਜੀਆਂ ਨੂੰ ਛੱਡ ਕੇ ਬਾਕੀ ਤਿੰਨ ਸ਼ਖ਼ਸੀਅਤਾਂ, ਜਿਨ੍ਹਾਂ ਦੀਆਂ ਤਸਵੀਰਾਂ ਸਥਾਪਤ ਕੀਤੀਆਂ ਗਈਆਂ ਹਨ, ਦੇ ਪਰਿਵਾਰਕ ਮੈਂਬਰ ਹਾਜ਼ਰ ਸਨ। ਰਾਏ ਬੁਲਾਰ ਅਹਿਮਦ ਭੱਟੀ ਦੇ ਵੰਸ਼ ਵਿੱਚੋਂ 19ਵੀਂ ਪੀੜ੍ਹੀ ਵਿੱਚੋਂ ਰਾਏ ਸਲੀਮ ਭੱਟੀ ਨੇ ਲਾਹੌਰ ਤੋਂ ਇੱਕ ਵੀਡੀਓ ਸੁਨੇਹੇ ਰਾਹੀਂ ਸਿੱਖ ਜਗਤ ਅਤੇ ਸ਼੍ਰੋਮਣੀ ਕਮੇਟੀ ਦਾ ਇਸ ਕਾਰਜ ਲਈ ਸ਼ੁੱਕਰੀਆ ਕੀਤਾ ਹੈ। ਭੱਟੀ ਪਰਿਵਾਰ ਦੇ ਬਜ਼ੁਰਗ ਰਾਏ ਬੁਲਾਰ ਭੱਟੀ ਅਜਿਹੇ ਪਹਿਲੇ ਮੁਸਲਮਾਨ ਸ਼ਖ਼ਸ ਸਨ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਅੰਦਰ ਗੁਰੂ ਰੂਪੀ ਰੱਬੀ ਜੋਤ ਨੂੰ ਪਛਾਣਿਆ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ’ਚ ਸਥਾਪਤ ਕਰਕੇ 550 ਸਾਲਾਂ ਦੀ ਪਰਿਵਾਰ ਦੀ ਸਿੱਖ ਧਰਮ ਨਾਲ ਸਾਂਝ ਨੂੰ ਤਾਜ਼ਾ ਕੀਤਾ ਹੈ।

# ਪੰਜਾਬ ’ਚ ਗੈਂਗਸਟਰਾਂ ਦਾ ਡਰ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਵਿੱਚ ਨਸ਼ਿਆਂ ਦੇ ਨਾਲ-ਨਾਲ ਅਪਰਾਧ ਵੀ ਤੇਜ਼ੀ ਨਾਲ ਵੱਧ ਰਿਹਾ ਹੈ। ਅਪਰਾਧੀਆਂ ਨੇ ਆਪਣੇ ਵੱਡੇ ਗਰੋਹ ਬਣਾ ਲਏ ਹਨ ਅਤੇ ਠੇਕਾ ਕਤਲ ਆਮ ਹੋ ਗਿਆ ਹੈ। 29 ਮਈ 2022 ਨੂੰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਸ਼ਰੇਆਮ ਕਤਲ ਤੋਂ ਬਾਅਦ ਗੈਂਗਸਟਰਾਂ ਦਾ ਡਰ ਵਧ ਗਿਆ ਹੈ। ਕਾਰੋਬਾਰੀਆਂ, ਸਿਆਸਤਦਾਨਾਂ, ਸਥਾਨਕ ਪੰਜਾਬੀ ਗਾਇਕਾਂ ਅਤੇ ਅਦਾਕਾਰਾਂ ਦੀਆਂ ਚਿੰਤਾਵਾਂ ਵਧ ਗਈਆਂ ਹਨ। ਇਸ ਲਈ ਇਹ ਲੋਕ ਹੁਣ ਬੁਲੇਟਪਰੂਫ ਜੈਕਟ ਪਾ ਕੇ ਬੁਲੇਟਪਰੂਫ ਗੱਡੀਆਂ ਵਿੱਚ ਘੁੰਮਣ ਲੱਗ ਪਏ ਹਨ।



ਬੁਲੇਟਪਰੂਫ ਜੈਕਟਾਂ ਅਤੇ ਬੁਲੇਟ ਪਰੂਫ ਵਾਹਨਾਂ ਦੀ ਸਪਲਾਈ ਕਰਨ ਵਾਲੀ ਇਕ ਫਰਮ ਦੇ ਅਧਿਕਾਰੀ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ ’ਤੇ ਦੱਸਿਆ ਕਿ ਪਿਛਲੇ ਚਾਰ ਮਹੀਨਿਆਂ ਦੌਰਾਨ ਪੰਜਾਬ ਵਿਚ ਬੁਲੇਟ ਪਰੂਫ ਜੈਕਟਾਂ ਅਤੇ ਵਾਹਨਾਂ ਦੀ ਮੰਗ ਵਿਚ 55 ਫੀਸਦੀ ਦਾ ਵਾਧਾ ਹੋਇਆ ਹੈ। ਪਹਿਲਾਂ ਹਰ ਮਹੀਨੇ 8 ਤੋਂ 10 ਬੁਲੇਟ ਪਰੂਫ ਜੈਕਟਾਂ ਦੇ ਆਰਡਰ ਆਉਂਦੇ ਸਨ, ਹੁਣ 15 ਤੋਂ 20 ਆਰਡਰ ਆਉਂਦੇ ਹਨ। ਪਹਿਲਾਂ ਹਰ ਮਹੀਨੇ 2 ਤੋਂ 3 ਵਾਹਨਾਂ ਦੀ ਮੰਗ ਹੁੰਦੀ ਸੀ, ਜੋ ਹੁਣ ਵੱਧ ਕੇ ਹਰ ਮਹੀਨੇ 4-6 ਹੋ ਗਈ ਹੈ। ਸਿਰਫ ਸਕਾਰਪੀਓ, ਫਾਰਚੂਨਰ, ਐਂਡੇਵਰ ਅਤੇ ਪਜੇਰੋ ਵਰਗੀਆਂ ਗੱਡੀਆਂ ਨੂੰ ਹੀ ਬੁਲੇਟਪਰੂਫ ਬਣਾਇਆ ਜਾ ਸਕਦਾ ਹੈ। ਇਸ ਦੀ ਕੀਮਤ 12 ਤੋਂ 18 ਲੱਖ ਰੁਪਏ ਹੈ। ਸਕਾਰਪੀਓ ਲਗਭਗ 12 ਲੱਖ ਰੁਪਏ ਅਤੇ ਫਾਰਚੂਨਰ ਲਗਭਗ 18 ਲੱਖ ਰੁਪਏ ਵਿੱਚ ਬੁਲੇਟਪਰੂਫ ਬਣ ਜਾਂਦੀ ਹੈ। ਇਸ ਦੀ ਪੂਰੀ ਪ੍ਰਕਿਰਿਆ ਨੂੰ 60 ਦਿਨ ਤੱਕ ਦਾ ਸਮਾਂ ਲੱਗਦਾ ਹੈ। ਇਸ ਤੋਂ ਪਹਿਲਾਂ ਬੁਲੇਟ ਪਰੂਫ ਵਾਹਨਾਂ ਦੀਆਂ ਖਿੜਕੀਆਂ ਠੀਕ ਕੀਤੀਆਂ ਜਾਂਦੀਆਂ ਸਨ।

# ਸਾਬਕਾ ਮੰਤਰੀ ਸ਼ਾਮ ਸੁੰਦਰ ਅਰੋੜਾ 50 ਲੱਖ ਦੀ ਰਿਸ਼ਵਤ ਦੇਣ ਦੇ ਦੋਸ਼ ’ਚ ਗ੍ਰਿਫਤਾਰ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੇ ਸਾਬਕਾ ਮੰਤਰੀ ਸ਼ਾਮ ਸੁੰਦਰ ਅਰੋੜਾ ਨੂੰ ਪੰਜਾਬ ਵਿਜੀਲੈਂਸ ਦੇ ਏਆਈਜੀ ਨੂੰ ਰਿਸ਼ਵਤ ਦੇਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ’ਚ ਫਸੇ ਸਾਬਕਾ ਮੰਤਰੀ ਨੇ ਵਿਜੀਲੈਂਸ ਅਧਿਕਾਰੀ ਨੂੰ 1 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ, 50 ਲੱਖ ਰੁਪਏ ਐਡਵਾਂਸ ਲੈ ਕੇ ਚੰਡੀਗੜ੍ਹ ਪਹੁੰਚ ਗਿਆ, ਜਿੱਥੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਅਰੋੜਾ ਪਹਿਲਾਂ ਕਾਂਗਰਸ ’ਚ ਸਨ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ’ਚ ਮੰਤਰੀ ਰਹਿ ਚੁੱਕੇ ਹਨ। ਉਹ ਕੁਝ ਦਿਨ ਪਹਿਲਾਂ ਕਾਂਗਰਸ ਛੱਡ ਕੇ ਭਾਜਪਾ ’ਚ ਸ਼ਾਮਲ ਹੋ ਗਏ ਸਨ।

### ਐਫ.ਆਈ.ਆਰ ਦਰਜ

ਵਿਜੀਲੈਂਸ ਬਿਊਰੋ ਪੰਜਾਬ ਨੇ ਸਾਬਕਾ ਮੰਤਰੀ ਸ਼ਾਮ ਸੁੰਦਰ ਅਰੋੜਾ ’ਤੇ ਬਿਊਰੋ ਦੇ ਇੱਕ ਸਹਾਇਕ ਇੰਸਪੈਕਟਰ ਜਨਰਲ ਨੂੰ 50 ਲੱਖ ਰੁਪਏ ਦੀ ਰਿਸ਼ਵਤ ਦੇਣ ਦਾ ਦੋਸ਼ ਲਗਾਇਆ ਹੈ। ਵਿਜੀਲੈਂਸ



ਬਿਊਰੋ ਦੇ ਮੁੱਖ ਡਾਇਰੈਕਟਰ ਵਰਿੰਦਰ ਕੁਮਾਰ ਨੇ ਦੱਸਿਆ ਕਿ ਇਸ ਸਬੰਧੀ ਮਨਮੋਹਨ ਕੁਮਾਰ ਦੇ ਬਿਆਨਾਂ ’ਤੇ ਸਾਬਕਾ ਮੰਤਰੀ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 8 ਤਹਿਤ ਕੇਸ ਦਰਜ ਕੀਤਾ ਗਿਆ ਸੀ।

ਮੁੱਖ ਨਿਰਦੇਸ਼ਕ ਨੇ ਕਿਹਾ ਕਿ ਏਆਈਜੀ ਮਨਮੋਹਨ ਕੁਮਾਰ ਨੇ ਸ਼ਿਕਾਇਤ ਕੀਤੀ ਹੈ ਕਿ ਅਰੋੜਾ ਨੇ 14 ਅਕਤੂਬਰ ਨੂੰ ਉਸ ਨਾਲ ਮੁਲਾਕਾਤ ਕੀਤੀ ਅਤੇ ਉਸ ਵਿਰੁੱਧ ਦਰਜ ਕੀਤੀ ਵਿਜੀਲੈਂਸ ਜਾਂਚ ਵਿਚੋਂ ਆਪਣਾ ਨਾਮ ਕੱਢਣ ਦੇ ਬਦਲੇ ਇਕ ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ। ਸਾਬਕਾ ਮੰਤਰੀ ਨੂੰ 50 ਲੱਖ ਰੁਪਏ ਅਤੇ ਬਾਕੀ ਰਕਮ ਬਾਅਦ ਦੀ ਤਰੀਕ ’ਤੇ ਦੇਣ ਦੀ ਪੇਸ਼ਕਸ਼ ਕੀਤੀ। ਅਰੋੜਾ ਨੂੰ ਇਸ ਮਾਮਲੇ ’ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਕੋਲੋਂ 50 ਲੱਖ ਰੁਪਏ ਬਰਾਮਦ ਹੋਏ ਹਨ।

### ਢਾਈ ਘੰਟੇ ਤੱਕ ਘਰ ਦੀ ਤਲਾਸ਼ੀ ਲਈ

ਗ੍ਰਿਫ਼ਤਾਰੀ ਤੋਂ ਬਾਅਦ ਵਿਜੀਲੈਂਸ ਦੀ ਟੀਮ ਕਰੀਬ 11 ਵਜੇ ਉਸ ਦੇ ਹੁਸ਼ਿਆਰਪੁਰ ਸਥਿਤ ਘਰ ਪਹੁੰਚੀ। ਜਿੱਥੇ ਕਰੀਬ ਢਾਈ ਘੰਟੇ ਤੱਕ ਘਰ ਦੀ ਤਲਾਸ਼ੀ ਲਈ ਗਈ। ਪਰਿਵਾਰ ਦੇ ਕੁਝ ਮੈਂਬਰਾਂ ਨੇ ਦੱਸਿਆ ਕਿ ਟੀਮ ਵਿੱਚ ਸ਼ਾਮਲ ਅਧਿਕਾਰੀਆਂ ਨੇ ਉਸ ਦੀ ਗ੍ਰਿਫ਼ਤਾਰੀ ਬਾਰੇ ਦੱਸਿਆ। ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਉਨ੍ਹਾਂ ਨੂੰ ਨਾਜਾਇਜ਼ ਤੰਗ ਪ੍ਰੇਸ਼ਾਨ ਕਰ ਰਹੀ ਹੈ।

### 3 ਦਿਨ ਦੇ ਰਿਮਾਂਡ ’ਤੇ ਲਿਆ ਗਿਆ ਹੈ

ਵਿਜੀਲੈਂਸ ਅਧਿਕਾਰੀ ਨੂੰ 50 ਲੱਖ ਰੁਪਏ ਰਿਸ਼ਵਤ ਦੇਣ ਦੀ ਪੇਸ਼ਕਸ਼ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ ਨੂੰ ਮੁਹਾਲੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਜਿੱਥੇ ਉਸ ਨੂੰ 3 ਦਿਨਾਂ ਦੇ ਵਿਜੀਲੈਂਸ ਰਿਮਾਂਡ ’ਤੇ ਭੇਜ ਦਿੱਤਾ ਗਿਆ ਹੈ। ਪੇਸ਼ੀ ਤੋਂ ਪਹਿਲਾਂ ਉਸ ਦਾ ਮੈਡੀਕਲ ਮੁਹਾਲੀ ਦੇ ਸਿਵਲ ਹਸਪਤਾਲ ਵਿੱਚ ਕਰਵਾਇਆ ਗਿਆ।

# ਸ਼ਹੀਦ ਭਗਤ ਸਿੰਘ ਨਾਲ ਸਿਸੋਦੀਆ ਦੀ ਤੁਲਨਾ ਮੰਦਭਾਗੀ- ਮਨਜਿੰਦਰ ਸਿੰਘ ਸਿਰਸਾ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਭਾਜਪਾ ਦੇ ਸਿੱਖ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂ ਉੱਪ ਮੁੱਖ ਮੰਤਰੀ ਮਨੀਸ ਸਿਸੋਦੀਆ ਦੀ ਤੁਲਨਾ ਸ਼ਹੀਦ ਭਗਤ ਸਿੰਘ ਨਾਲ ਕਰਨਾ ਬੇਹੱਦ ਮੰਦਭਾਗਾ ਹੈ। ਇਸ ਲਈ ਸ੍ਰੀ ਕੇਜਰੀਵਾਲ ਨੂੰ ਭਾਵਨਾਵਾਂ ਨੂੰ ਸੱਟ ਮਾਰਨ ਲਈ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਕੋਲੋਂ ਮੁਆਫ਼ੀ ਮੰਗਣੀ ਚਾਹੀਦੀ ਹੈ।

ਇਸ ਸਬੰਧੀ ਜਾਰੀ ਕੀਤੇ ਇੱਕ ਬਿਆਨ ਵਿੱਚ ਸਿਰਸਾ ਨੇ ਕਿਹਾ ਕਿ ਇਹ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਸ੍ਰੀ ਕੇਜਰੀਵਾਲ ਮਨੀਸ ਸਿਸੋਦੀਆ ਦੀ ਤੁਲਨਾ ਸਹੀਦ ਭਗਤ ਸਿੰਘ ਨਾਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਵਰਗੇ ਸੂਰਮੇ ਕਦੇ ਕਦਾਈਂ ਜੰਮਦੇ ਹਨ ਜਿਨ੍ਹਾਂ ਨੇ ਆਪਣੇ ਦੇਸ ਦੀ ਆਜਾਦੀ ਵਾਸਤੇ ਸ਼ਹਾਦਤਾਂ ਦੇ ਜਾਮ ਕੀਤੇ। ਦੂਜੇ ਪਾਸੇ, ਸ੍ਰੀ ਸਿਸੋਦੀਆ ਖ਼ਿਲਾਫ਼ ਦਿੱਲੀ ਤੇ ਪੰਜਾਬ ਵਿੱਚ ਸ਼ਰਾਬ ਕਾਰੋਬਾਰੀਆਂ



ਨੂੰ ਲਾਭ ਪਹੁੰਚਾਉਣ ਲਈ ਰਿਸ਼ਵਤਾਂ ਲੈਣ ਦੇ ਦੋਸ਼ ਲੱਗੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ 6 ਫ਼ੀਸਦੀ ਰਿਸ਼ਵਤਾਂ ਹਾਸਲ ਕੀਤੀਆਂ ਹੋਣ ਤੇ ਅਪਰਾਧ ਕੀਤੇ ਹੋਣ ਉਨ੍ਹਾਂ ਦੀ ਤੁਲਨਾ ਦੇਸ਼ ਦੇ ਆਜ਼ਾਦੀ ਘੁਲਾਟੀਆਂ ਨਾਲ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਸ੍ਰੀ ਕੇਜਰੀਵਾਲ ਨੇ ਰਾਜਨੀਤੀ ਨੂੰ ਇਸ ਪੱਧਰ ਤਕ ਹੇਠਾਂ ਲੈ ਆਂਦਾ ਹੈ ਕਿ ਸਿਸੋਦੀਆ ਸੀ.ਬੀ.ਆਈ. ਵਲੋਂ ਪੜਤਾਲ ਤੋਂ ਪਹਿਲਾਂ ਆਪਣੀ ਮਾਂ ਤੋਂ ਆਸ਼ੀਰਵਾਦ ਲੈ ਰਹੇ ਹਨ ਤੇ ਪਤਨੀ ਤੋਂ ਇਸ ਤਰੀਕੇ ਟਿੱਕਾ ਲਗਵਾ ਰਹੇ ਹਨ ਜਿਵੇਂ ਦੇਸ਼ ਵਾਸਤੇ ਜੰਗ ਵਿੱਚ ਜਾਣਾ ਹੋਵੇ। ਉਨ੍ਹਾਂ ਕਿਹਾ ਕਿ ਸੱਚਾਈ ਇਹ ਹੈ ਕਿ ੀ ਕੇਜਰੀਵਾਲ, ੀ ਸਿਸੋਦੀਆ ਅਤੇ ਉਨ੍ਹਾਂ ਦੀ ਟੀਮ ਨੇ ਸ਼ਰਾਬ ਕਾਰੋਬਾਰੀਆਂ ਤੋਂ ਰਿਸ਼ਵਤਾਂ ਲਈਆਂ ਤਾਂ ਜੋ ਆਪਣੀ ਪਾਰਟੀ ਨੂੰ ਅੱਗੇ ਵਧਾਇਆ ਜਾ ਸਕੇ ਤੇ ਹੁਣ ਜਦੋਂ ਜਾਂਚ ਏਜੰਸੀਆਂ ਨੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਹੈ ਤਾਂ ਉਨ੍ਹਾਂ ਨੂੰ ਆਪਣੇ ਗੈਰ-ਕਾਨੂੰਨੀ ਕੰਮਾਂ ਵਾਸਤੇ ਸਜਾ ਪ੍ਰਾਪਤ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਨਾ ਕਿ ਆਪਣੇ ਆਪ ਨੂੰ ਆਜ਼ਾਦੀ ਘੁਲਾਟੀਆਂ ਵਜੋਂ ਪੇਸ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕੇਜਰੀਵਾਲ ਨੂੰ ਆਖਿਆ ਕਿ ਉਹ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਅਤੇ ਦੇਸ ਵਾਸੀਆਂ ਤੋਂ ਤੁਰੰਤ ਮੁਆਫ਼ੀ ਮੰਗਣ ਕਿਉਂਕਿ ਉਨ੍ਹਾਂ ਨੇ ਪਰਿਵਾਰ ਤੇ ਦੇਸ ਵਿਦੇਸ ਵਿੱਚ ਵੱਸਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।

# ਦੀਵਾਲੀ ਕੀ ਰਾਤਿ ਦੀਵੇ ਬਾਲੀਅਨ ॥





ਗੁਰਚਰਨ ਕੌਰ ਥਿੰਦ
ਫੋਨ : 403-402-9635; 403-293-2625

ਬਚਪਨ ਵਿੱਚ ਮਨਾਏ ਦੀਵਾਲੀ ਦੇ ਤਿਉਹਾਰ ਚੇਤੇ ਆਉਂਦੇ ਹਨ। ਦੀਵਾਲੀ ਤੋਂ ਦੋ ਦਿਨ ਪਹਿਲਾਂ ਹੀ ਘਰ ਵਿੱਚ ਸ਼ੱਕਰਪਾਰੇ ਗੁਣੇ ਮੱਠੀਆਂ ਮਟਰੀ ਲੱਡੂ ਜਲੇਬੀਆਂ ਤੇ ਹੋਰ ਮਠਿਆਈਆਂ ਬਣਾਈਆਂ ਜਾਂਦੀਆਂ। ਸਾਰਾ ਟੱਬਰ ਇਸ ਕੰਮ ਵਿੱਚ ਰੁੱਝਾ ਹੱਥੀਂ ਕੰਮ ਕਰਦਾ। ਦੀਵਾਲੀ ਦੀ ਰਾਤ ਸਰੋਂ ਦੇ ਤੇਲ ਦੇ ਦੀਵੇ ਜਗਾਉਣੇ, ਮੋਮਬੱਤੀਆਂ ਨਾਲ ਘਰ ਦੇ ਬਨੇਰੇ ਤੇ ਪੂਰਾ ਵਿਹੜਾ ਜਗਮਗ ਕਰਨਾ ਅਤੇ ਫਿਰ ਪਟਾਕਿਆਂ ਦੀ ਵਾਰੀ। ਵੱਡੇ ਵੀਰੇ ਤਾਂ ਬੰਬ ਅਨਾਰ ਤੇ ਚੱਕਰੀਆਂ ਚਲਾਉਂਦੇ ਤੇ ਅਸੀਂ ਕੁੜੀਆਂ ਫੁੱਲਝੜੀਆਂ ਤੇ ਭੂੰਡ-ਪਟਾਕੇ ਚਲਾ ਕੇ ਹੀ ਖੁਸ਼ ਹੋ ਲੈਂਦੀਆਂ। ਸਵੇਰੇ ਪੂਰੇ ਵਿਹੜੇ ਵਿੱਚ ਖਿਲ੍ਹਰੇ ਕੂੜੇ ਵਿਚੋਂ ਬਚੇ ਖੁਚੇ ਪਟਾਕੇ ਲੱਭ ਕੇ ਚਲਾਉਣ ਦਾ ਸਵਾਦ ਹੀ ਅਨੋਖਾ ਹੁੰਦਾ ਸੀ। ਦੀਵਾਲੀ ਤੋਂ ਕਈ ਦਿਨ ਬਾਦ ਤੱਕ ਘਰ ਦੀਆਂ ਬਣੀਆਂ ਮਠਿਆਈਆਂ ਨਾਲ ਮੂੰਹ ਸੁਆਦ ਸੁਆਦ ਹੋਇਆ ਰਹਿੰਦਾ ਸੀ। ਬੱਸ ਇਨਾ ਹੀ ਪਤਾ ਸੀ ਦਿਵਾਲੀ ਬਾਰੇ। ਕਿਉਂ ਮਨਾਈ ਜਾਂਦੀ ? ਜਾਣੇ ਸਾਡੀ ਬਲ਼ਾ !

ਜਦੋਂ ਸਕੂਲ ਪੜ੍ਹਨ ਗਏ। ਅਧਿਆਪਕ ਨੇ ਦੀਵਾਲੀ ਦਾ ਲੇਖ ਲਿਖਾਇਆ ਤਾਂ ਪਤਾ ਲਗਾ ਕਿ 'ਜਦੋਂ ਰਾਜਾ ਦਸ਼ਰਥ ਦੇ ਪੁੱਤਰ ਸ਼੍ਰੀ ਰਾਮ ਚੰਦਰ ਚੌਦਾਂ ਸਾਲ ਦਾ ਬਨਵਾਸ ਕੱਟ ਕੇ ਅਯੁੱਧਿਆ ਵਾਪਸ ਆਏ ਤਾਂ ਅਯੁੱਧਿਆ ਵਾਸੀਆਂ ਨੇ ਖੁਸ਼ੀ ਵਿੱਚ ਘਿਓ ਦੇ ਦੀਵੇ ਬਾਲੇ ਸਨ। ਉਸ ਦਿਨ ਨੂੰ 'ਦੀਵਿਆਂ ਵਾਲਾ ਦਿਨ' ਆਖ ਹਰ ਸਾਲ ਦੀਵਾਲੀ ਦੇ ਰੂਪ ਵਿੱਚ ਮਨਾਉਣ ਦੀ ਪ੍ਰਥਾ ਚਲ ਪਈ।' ਰਾਮ ਚੰਦਰ ਰਾਜੇ ਦਾ ਪੁੱਤਰ ਸੀ ਉਸ ਨੂੰ ਬਨਵਾਸ ਤੇ ਕਿਉਂ ਜਾਣਾ ਪਿਆ ? ਮਾਸੂਮ ਜਿਹਾ ਮਨ ਹਮੇਸ਼ਾਂ ਇਸ ਪ੍ਰਸ਼ਨ ਤੇ ਅਟਕ ਜਾਂਦਾ। ਦੀਵਾਲੀ ਤੋਂ ਪਹਿਲਾਂ ਨੇੜਲੇ ਪਿੰਡ ਰਾਮਲੀਲਾ ਲਗਦੀ ਸੀ। ਭਰਾ ਤਾਂ ਕਦੇ ਕਦਾਈਂ ਵੇਖਣ ਚਲੇ ਜਾਂਦੇ ਸਨ ਪਰ ਅਸੀਂ ਭੈਣਾਂ ਤਾਂ ਕਦੇ ਜਾਣ ਬਾਰੇ ਸੋਚ ਵੀ ਨਹੀਂ ਸਕਦੀਆਂ ਸੀ। ਹਾਂ, ਸਪੀਕਰ ਤੋਂ ਆਉਂਦੀ ਅਵਾਜ਼ ਸੁਣਨ ਤੇ ਮਨਾਹੀ ਨਹੀਂ ਸੀ।

ਸੋ ਇੰਜ ਸੁਣ ਸੁਣਾਕੇ ਕਹਾਣੀ ਦਾ



ਥੋੜ੍ਹਾ ਬਹੁਤ ਪਤਾ ਚਲਦਾ ਗਿਆ। ਕਹਿੰਦੇ ਨੇ 'ਰਾਜੇ ਦਸ਼ਰਥ ਦੀਆਂ ਤਿੰਨ ਰਾਣੀਆਂ ਸਨ। ਉਹਨਾਂ ਤੋਂ ਰਾਜੇ ਦਸ਼ਰਥ ਦੇ ਚਾਰ ਪੁੱਤਰ ਸਨ। ਰਾਮ ਚੰਦਰ ਸਭ ਤੋਂ ਵੱਡੇ ਆਪਣੇ ਮਾਤਾ ਪਿਤਾ ਦੇ ਬਹੁਤ ਹੀ ਆਗਿਆਕਾਰੀ ਪੁੱਤਰ ਸਨ ਅਤੇ ਰਾਜ-ਗੱਦੀ ਦੇ ਵਾਰਸ ਵੀ ਉਹੀ ਸਨ। ਸਭ ਤੋਂ ਛੋਟੀ ਰਾਣੀ ਕੈਕਈ ਚਾਹੁੰਦੀ ਸੀ ਕਿ ਉਹਦਾ ਪੁੱਤਰ ਭਰਤ ਰਾਜਾ ਬਣੇ। ਉਸ ਕਿਸੇ ਸਮੇਂ ਰਾਜੇ ਤੋਂ ਲਏ ਵਰ ਪੂਰੇ ਕਰਨ ਹਿੱਤ ਮਨਵਾ ਲਿਆ ਕਿ ਭਰਤ ਨੂੰ ਰਾਜਾ ਬਣਾਇਆ ਜਾਵੇ ਅਤੇ ਰਾਮ ਨੂੰ ਚੌਦਾਂ ਸਾਲ ਦਾ ਬਨਵਾਸ ਦਿੱਤਾ ਜਾਵੇ। ਇਹ ਪਤਾ ਚਲਣ ਤੇ ਆਗਿਆਕਾਰੀ ਪੁੱਤਰ ਰਾਮ ਚੰਦਰ 'ਰਘੁ ਕੁਲ ਰੀਤ ਸਦਾ ਚਲੀ ਆਈ, ਪ੍ਰਾਣ ਜਾਏ ਪਰ ਵਚਨ ਨਾ ਜਾਈ' ਅਨੁਸਾਰ ਖ਼ੁਦ ਹੀ ਬਨਵਾਸ ਤੇ ਜਾਣ ਨੂੰ ਤਿਆਰ ਹੋ ਗਿਆ ਤਾਂ ਜੋ ਪਿਤਾ ਦੇ ਮਾਣ-ਸਨਮਾਨ ਨੂੰ ਠੇਸ ਨਾ ਲਗੇ। ਉਸਦੀ ਪਤਨੀ ਸੀਤਾ ਤੇ ਭਰਾ ਲਕਸ਼ਮਣ ਉਹਨਾਂ ਦੇ ਨਾਲ ਬਨਵਾਸ ਤੇ ਗਏ।'

'ਸੱਚੀਂ ਇੰਜ ਹੀ ਹੋਇਆ ਹੋਊ !' ਸੋਚ ਭੋਲ਼ਾ ਮਨ ਸ਼ਰਧਾ ਨਾਲ ਝੁੱਕ ਜਾਂਦਾ ਸੀ। ਹਰ ਸਾਲ ਜਦੋਂ ਦੀਵਾਲੀ ਆਉਂਦੀ ਤਾਂ ਮਾਤਾ ਪਿਤਾ ਦੀ ਹਰ ਆਗਿਆ ਦਾ ਪਾਲਣ ਕਰਨ ਅਤੇ ਉਹਨਾਂ ਦਾ ਸਿਰ ਉੱਚਾ ਕਰਨ ਦਾ ਸੰਕਲਪ ਹੋਰ ਦ੍ਰਿੜ ਹੋ ਜਾਂਦਾ। ਭਰਾਵਾਂ ਦਾ ਆਪਸੀ ਪਿਆਰ ਕਿੰਨਾ ਗੂੜ੍ਹਾ ਸੀ ਕਿ ਛੋਟਾ ਭਰਾ ਰਾਜ-ਤਖ਼ਤ ਤੇ ਨਹੀਂ ਬੈਠਾ, ਵੱਡੇ ਭਰਾ ਦੀਆਂ ਖੜਾਵਾਂ ਤਖ਼ਤ ਤੇ ਰੱਖ ਰਾਜ ਪ੍ਰਬੰਧ ਚਲਾਉਂਦਾ ਰਿਹਾ। ਪਤਨੀ ਦਾ ਪਤੀ ਦੇ ਸਾਥ ਲਈ ਅਦਭੁਤ ਤਿਆਗ ! ਮਹਿਲਾਂ ਦੇ ਸੁਖ-ਆਰਾਮ ਛੱਡ ਪਤੀ ਨਾਲ ਜੰਗਲਾਂ ਵਿੱਚ ਇਕਾਂਤਵਾਸ ਝੱਲਿਆ। ਪਤੀ-ਪਤਨੀ ਦੇ ਅਨੂਠੇ ਰਿਸ਼ਤੇ ਦੀਆਂ ਤੰਦਾਂ ਦਾ ਅਹਿਸਾਸ ਹੁੰਦਾ।

'ਤੇ ਫਿਰ ਜੰਗਲ ਵਿਚੋਂ ਰਾਵਣ ਸੀਤਾ ਨੂੰ ਚੁੱਕ ਕੇ ਲੈ ਗਿਆ। ਕਿਉਂਜੁ ਉਹਦੀ ਭੈਣ ਸਰੂਪਨੱਖਾ ਦਾ ਨੱਕ ਲਕਸ਼ਮਣ ਨੇ ਵੱਢ ਦਿੱਤਾ ਸੀ। ਕਾਰਨ ਇਹਦਾ ਵੀ ਬੜਾ ਠੋਸ ਸੀ। ਸਰੂਪਨੱਖਾ ਨੇ ਲਕਸ਼ਮਣ ਨਾਲ ਵਿਆਹ ਕਰਾਉਣ ਦੀ ਜ਼ਿੱਦ ਕੀਤੀ ਸੀ। ਉਹ ਪਹਿਲਾਂ ਵਿਆਹਿਆ ਹੋਇਆ ਸੀ। ਕਿੰਵੇਂ ਵਿਆਹ ਕਰਾਉਂਦਾ ? ਲਓ ਜੀ ਫਿਰ ਰਾਮ ਤੇ ਰਾਵਣ ਦਾ ਯੁੱਧ ਹੋਇਆ। ਰਾਮ ਭਗਤ ਹਨੂੰਮਾਨ ਦੀ ਸੈਨਾ ਨੇ ਲੰਕਾ ਨੂੰ ਅੱਗ ਲਾ ਸਾੜ ਦਿੱਤਾ ਅਤੇ ਰਾਮ ਚੰਦਰ ਨੇ ਰਾਵਣ ਨੂੰ ਮਾਰ ਸੀਤਾ ਨੂੰ ਅਜ਼ਾਦ ਕਰਵਾ ਲਿਆ।" ਕਹਾਣੀ ਦੇ ਇਥੋਂ ਤੱਕ ਪਹੁੰਚਦਿਆਂ, ਔਰਤ ਦੇ ਇਹ ਰੂਪ ਮਨ ਨੂੰ ਕਚੋਟਣ ਲਗਦੇ। ਐਡੇ ਵੱਡੇ ਵਿਨਾਸ਼ਕਾਰੀ ਯੁੱਧ ਦਾ ਕਾਰਨ ਦੋ ਔਰਤਾਂ ਬਣੀਆਂ। ਕਿਉਂ ਭਲਾ ? ਸਰੂਪਨੱਖਾ ਸੱਚੀਂ ਚੰਗੀ ਔਰਤ ਨਹੀਂ ਸੀ ? ਫਿਰ ਰਾਵਣ ਜਿਹੜਾ ਸੌ ਗ੍ਰੰਥਾਂ ਦਾ ਗਿਆਤਾ ਮਹਾਂ ਗਿਆਨੀ ਪੁਰਸ਼ ਸੀ ਉਸ ਇੱਕ ਔਰਤ ਨੂੰ ਬਦਲੇ ਦਾ ਹਥਿਆਰ ਕਿਉਂ ਬਣਾਇਆ ? ਉਹ ਵੀ ਕਪਟ ਨਾਲ। ਔਰਤ ਕਮਜ਼ੋਰ ਏ ਤਾਂ ! ਜਾਂ ਉਹ ਮਰਦ ਦੀ ਨਿੱਜੀ ਜਾਇਦਾਦ ਹੈ ਇਸ ਲਈ। ਔਰਤ ਇਨੀ ਬੇਵਸ ਲਾਚਾਰ ਤੇ ਅਸਹਾਇ ਕਿਉਂ ਹੈ ? ਕੀ ਔਰਤਾਂ ਨੇ ਐਨੀਆਂ ਸਦੀਆਂ ਲੰਘ ਜਾਣ ਤੋ ਆਪਣੀ ਸਮਾਜਿਕ ਸਥਿਤੀ ਵਿੱਚ ਸੁਧਾਰ ਲਿਆਉਣ ਦਾ ਕੋਈ ਯਤਨ ਕੀਤਾ ਕਿ ਅਜੇ ਵੀ 'ਜੈ ਸੀਤਾ ਮਈਆ' ਆਖ ਸਿਰ ਝੁਕਾਈ ਖੜੀਆਂ ਹਨ ?

ਦੀਵਾਲੀ ਦੇ ਤਿਉਹਾਰ ਦੀ ਕਹਾਣੀ ਅੱਗੇ ਵਧਦੀ ਹੈ। 'ਅਯੁੱਧਿਆ ਵਾਪਸ ਆ ਰਾਮ ਚੰਦਰ ਨੇ ਰਾਜ-ਤਖ਼ਤ ਤੇ ਬੈਠ ਰਾਜ ਕੀਤਾ ਜੋ ਰਾਮ-ਰਾਜ ਅਖਵਾਇਆ। ਉਸੇ ਰਾਮ-ਰਾਜ ਵਿੱਚ ਇੱਕ ਧੋਬੀ ਵਲੋਂ ਆਪਣੀ ਪਤਨੀ ਨੂੰ ਸੀਤਾ ਸਬੰਧੀ ਮਾਰੇ ਮਿਹਣੇ ਕਾਰਨ ਰਾਜਾ ਰਾਮ ਚੰਦਰ ਨੇ ਆਪਣੀ ਸਤੀ ਸਵਿੱਤਰੀ ਪਤਨੀ ਮਹਾਰਾਣੀ ਸੀਤਾ ਨੂੰ ਰਾਜ ਨਿਕਾਲਾ ਦੇ ਦਿੱਤਾ। ਹਾਲਾਂਕਿ ਅਯੁੱਧਿਆ ਵਾਪਸ ਆਉਣ ਤੋਂ ਪਹਿਲਾਂ ਅਗਨੀ ਪ੍ਰੀਖਿਆ ਲੈ ਉਸ ਦੇ 'ਜਤ-ਸਤ' ਦੀ ਪਰਖ ਕਰ ਲਈ ਗਈ ਸੀ। ਅਤੇ ਉਹ ਸੀਤਾ, ਮਹਾਰਾਣੀ ਸੀਤਾ, ਇੱਕ ਗਰਭਵਤੀ ਔਰਤ ਪਤੀ ਵਲੋਂ ਤਿਆਗੀ ਔਰਤ ਜੰਗਲਾਂ ਵਿੱਚ ਭਟਕਦੀ ਦੋ ਜੌੜੇ ਪੁੱਤਰਾਂ ਦੀ ਮਾਂ ਬਣੀ। ਸਾਰੀ ਉਮਰ ਜੰਗਲਾਂ ਦੇ ਲੇਖੇ ਲਾ ਆਖਰ ਧਰਤੀ ਵਿੱਚ ਸਮਾ ਗਈ।'

ਹਾਂ ਭਈ ! ਸੀਤਾ ਨੂੰ ਕਾਹਦੀ ਸਜ਼ਾ ? ਕਿਉਂ ਦਿੱਤੀ ਗਈ ਸਜ਼ਾ ? ਉਹਦਾ ਕੀ ਕਸੂਰ ਸੀ ? ਇਹ ਕਿ ਉਸ ਇੱਕ ਮਰਦ ਨਾਲ ਸੁਵੰਬਰ ਰਚਾਇਆਂਙ ਇਹ ਕਿ ਉਸ ਦਾ ਸਾਥ ਨਿਭਾਉਣ ਲਈ ਉਹ ਜੰਗਲਾਂ ਵਿੱਚ ਭਟਕੀ। ਕਿਸੇ ਹੋਰ ਮਰਦ ਦੇ ਬਦਲੇ ਦਾ ਸ਼ਿਕਾਰ ਹੋਈ। ਪਤੀ ਦਾ ਆਪਣੀ ਪਤਨੀ ਤੇ ਇਤਨਾ ਕਮਜ਼ੋਰ ਵਿਸ਼ਵਾਸ ਜੋ ਕਿਸੇ ਦੇ ਬੇਬੁਨਿਆਦ ਇਲਜ਼ਾਮ ਨਾਲ ਟੁੱਟ ਗਿਆ ? ਕਈ ਸਵਾਲ ਹਨ ਜੋ ਹਰ ਦੀਵਾਲੀ ਤੇ ਹਰ ਔਰਤ ਦੇ ਮਨ ਵਿੱਚ ਉੱਠਦੇ ਹਨ। ਸਮਾਜ ਸਾਹਮਣੇ ਸਜੱਗ ਹੋ ਖਲੋਂਦੇ ਹਨ। ਕੀ ਐਨੀਆਂ ਸਦੀਆਂ ਬੀਤ ਜਾਣ ਬਾਦ ਹਰ ਸਾਲ ਸ਼ਰਧਾ ਪੂਰਵਕ ਦੀਵਾਲੀ ਦੇ ਦੀਵੇ ਜਗਾਉਣ ਤੋਂ ਬਾਦ ਵੀ ਔਰਤਾਂ ਦੀ ਸਮਾਜਿਕ ਸਥਿਤੀ ਵਿੱਚ ਸੁਧਾਰ ਹੋਇਆ ? ਕੀ ਔਰਤਾਂ ਨੇ ਖ਼ੁਦ ਇਹਦੇ ਵਿਰੋਧ ਵਿੱਚ ਕਦੇ ਸਿਰ ਚੁੱਕਿਆ ? ਅੱਜ ਤੱਕ ਤਾਂ ਹਾਲਾਤ ਜਿਉਂ ਦੇ ਤਿਉਂ ਹੀ ਪ੍ਰਤੀਤ ਹੁੰਦੇ ਹਨ।

ਇਹ ਸੱਚ ਹੈ ਕਿ ਤਿਉਹਾਰ ਸਾਡੇ ਜੀਵਨ ਵਿੱਚ ਰੰਗ ਭਰਦੇ ਹਨ। ਜੀਵਨ ਦੀ ਇਕਰਸਤਾ ਭੰਗ ਕਰ ਜ਼ਿੰਦਗੀ ਨੂੰ ਚਲਦਾ ਕਰਦੇ ਹਨ। ਹਰ ਤਿਉਹਾਰ ਦੇ ਪਿੱਛੇ ਕੋਈ ਨਾ ਕੋਈ ਸਬਕ ਹੁੰਦਾ ਹੈ ਜੋ ਜ਼ਿੰਦਗੀ ਨੂੰ ਸੇਧ ਦੇਂਦਾ ਹੈ। ਇਹ ਵੀ ਸੱਚ ਹੈ ਕਿ ਜੇ ਕੁੱਝ ਗਲਤ ਹੁੰਦਾ ਹੈ ਤਾਂ ਉਸ ਗਲਤ ਨੂੰ ਠੀਕ ਕਰਨ ਦਾ ਸੁਨੇਹਾ ਵੀ ਹੁੰਦਾ ਹੈ। ਹਰ ਸਾਲ ਰਾਵਣ ਦਾ ਪੁਤਲਾ ਸਾੜ ਬਦੀ ਤੇ ਨੇਕੀ ਦੀ ਜਿੱਤ ਦਾ ਸੁਨੇਹਾ ਦੇਣ ਵਾਲੇ ਤਿਉਹਾਰ ਤੇ ਮਣਾਂ ਮੂੰਹੀਂ ਪਟਾਕੇ ਸਾੜ ਦਿੱਤੇ ਜਾਂਦੇ ਹਨ। ਦੀਵਾਲੀ ਦੇ ਨਾਂ ਤੇ ਦੀਵਿਆਂ ਮੋਮਬੱਤੀਆਂ ਤੇ ਪਟਾਕਿਆਂ ਦੇ ਰੂਪ ਵਿੱਚ ਲੱਖਾਂ ਕਰੋੜਾਂ ਦੀ ਧੰਨ ਦੌਲਤ ਬਾਲ ਕੇ ਰਾਤ ਰੋਸ਼ਨ ਕੀਤੀ ਜਾਂਦੀ ਹੈ। ਕੀ ਇਸ ਰੋਸ਼ਨੀ ਵਿੱਚ ਉਪਰਲੇ ਸੁਆਲਾਂ ਦਾ ਜੁਆਬ ਤਲਾਸ਼ਣ ਦਾ ਯਤਨ ਕੀਤਾ ਕਦੇ ਕਿਸੇ ਨੇ ? ਹਾਲਾਤ ਤਾਂ ਬਦ ਤੋਂ ਬਦਤਰ ਹੋ ਰਹੇ ਹਨ। ਪੁੱਤਰ ਪਿਓ ਤੋਂ ਬਾਗੀ ਹੋ ਰਹੇ ਹਨ। ਭਰਾ ਭਰਾਵਾਂ ਦੇ ਸਿਰ ਵੱਢਣ ਤੱਕ ਜਾਂਦੇ ਹਨ। ਪਤੀ-ਪਤਨੀ ਦੇ ਰਿਸ਼ਤੇ ਵਿਚਲੀ ਪਿਆਰ ਤੇ ਵਿਸ਼ਵਾਸ ਦੀ ਡੋਰ ਤਰੇੜੀ ਪਈ ਹੈ। ਬਸ ਹਲਕੇ ਜਿਹੇ ਝਟਕੇ ਦੀ ਲੋੜ ਹੁੰਦੀ ਹੈ ਤੇ ਝੱਟ ਤਲਾਕ ਦੇ ਰੂਪ ਵਿੱਚ ਟੁੱਟ ਕੇ ਦੋ ਹੋ ਜਾਂਦੀ ਹੈ। ਤਲਾਕਸ਼ੁਦਾ ਮਾਪਿਆਂ ਦੇ ਬੱਚੇ ਆਪਣੀ ਬਦਕਿਸਮਤੀ ਤੇ ਰੋਂਦੇ ਹਨ। ਉਹਨਾਂ ਨੂੰ ਭਟਕਦਿਆਂ ਦੇਰ ਨਹੀਂ ਲਗਦੀ। ਜ਼ਾਤ-ਪਾਤ, ਅਮੀਰ-ਗਰੀਬ ਤੇ ਲਿੰਗੀ ਵਿਤਕਰਿਆਂ ਦਾ ਪਾੜਾ ਨਿੱਤ ਵਧਦਾ ਜਾ ਰਿਹਾ ਹੈ।

ਜ਼ਾਬਰ ਅਜੇ ਵੀ ਨੀਵੀਂ ਜਾਤ ਦੇ ਗਰੀਬਾਂ ਤੇ ਲਾਚਾਰਾਂ ਨੂੰ ਉਹਨਾਂ ਦੇ ਉੱਚੀ ਸਾਹ ਲੈਣ ਦੇ ਕਸੂਰ ਦੀ ਸਜ਼ਾ ਦੇਣ ਲਈ ਉਹਨਾਂ ਦੀਆਂ ਔਰਤਾਂ ਦੀ ਬੇਵਸੀ ਨੂੰ ਸ਼ਰੇਆਮ ਨਿਲਾਮ ਕਰਦੇ ਹਨ। ਧੀਆਂ ਭੈਣਾਂ ਦਾ ਬਲਾਤਕਾਰ ਕਰਨਾ ਹੁਣ ਹੋਰ ਵੀ ਮਾਣ ਵਾਲੀ ਗੱਲ ਸਮਝੀ ਜਾਂਦੀ ਹੈ। ਇਹੋ ਜਿਹੇ ਗੁਨਾਹਗਾਰਾਂ ਦੀ ਸਜ਼ਾ ਲਈ ਕੋਈ ਅਪੀਲ ਨਹੀਂ ਕੋਈ ਵਕੀਲ ਨਹੀਂ ਕੋਈ ਦਲੀਲ ਨਹੀਂ। ਜੇ ਕਿਸੇ ਨੂੰ ਸਜ਼ਾ ਮਿਲਦੀ ਹੈ ਤਾਂ ਉਹ ਮਾਂ ਧੀ ਤੇ ਭੈਣ ਦੇ ਰੂਪ ਵਿੱਚ ਸਿਰਫ਼ ਔਰਤ ਨੂੰ। ਫਿਰ ਕਾਹਦੇ ਲਈ ਮਨਾਉਂਦੇ ਹਾਂ ਆਪਾਂ ਇਹ ਤਿਉਹਾਰ ? ਨਿੱਤ ਰਾਵਣ ਜਨਮ ਲੈ ਰਹੇ ਹਨ ਤਾਂ ਹਰ ਸਾਲ ਰਾਵਣ ਰੂਪੀ ਬਦੀ ਨੂੰ ਸਾੜਨ ਦੀ ਕੀ ਲੋੜ ਹੈ ? ਜੇ ਔਰਤ ਦਾ ਜਤ-ਸਤ ਇੰਜ ਹੀ ਰੋਲਣਾ ਹੈ ਤਾਂ ਫਿਰ ਕਿਹੜੇ ਦੀਵੇ ਕਿਹੜੀ ਰੋਸ਼ਨੀ ? ਬੁਝਾ ਦੇਣੇ ਚਾਹੀਦੇ ਨੇ ਇਹ ਸਾਰੇ ਦੀਵੇ ਤਾਂ ਜੋ ਹਨੇਰੇ ਵਿੱਚ ਮੂੰਹ ਕਾਲਾ ਕਰਦੇ ਫਿਰਨ ਇਹ ਰਾਖਸ਼ ਮਨੁੱਖ !

ਤਿਉਹਾਰ ਚਾਹੇ ਮਿਥਹਾਸਕ ਜਾਂ ਇਤਿਹਾਸਕ ਪਿਛੋਕੜ ਦੇ ਹੋਣ ਉਹ ਮਨੁੱਖ ਨੂੰ ਸੁਚੱਜੀ ਜੀਵਨ-ਜਾਚ ਸਿਖਾਉਣ ਲਈ ਹੁੰਦੇ ਹਨ। ਉਸ ਦਿਹਾੜੇ ਮਨੁੱਖ ਦੇ ਆਪਣੇ ਅੰਦਰ ਝਾਤੀ ਮਾਰਨ ਦਾ ਸਮਾਂ ਹੁੰਦੇ ਹਨ। ਕੁੱਝ ਪਲ ਅੰਤਰ-ਧਿਆਨ ਹੋ ਆਪਾ ਫਰੋਲਣ ਲਈ ਹੁੰਦੇ ਹਨ। ਇਹ ਕੇਵਲ ਸਦੀਆਂ ਪੁਰਾਣੀਆਂ ਰੀਤਾਂ ਦੇ ਪ੍ਰਪੰਚ ਨਿਭਾਉਣ ਲਈ ਨਹੀਂ ਹੁੰਦੇ। ਦੀਵਾਲੀ ਤੇ ਬਹੁਤੇ ਲੋਕ ਮੰਦਰਾਂ ਵਿੱਚ ਮਾਂ ਲਕਸ਼ਮੀ ਦੀ ਪੂਜਾ ਕਰ, ਦੀਵੇ ਜਗਾ, ਪਟਾਕਿਆਂ ਦਾ ਸ਼ੋਰ ਮਚਾ ਤੇ ਹਵਾ ਨੂੰ ਦੂਸ਼ਤ ਕਰ ਤਿਉਹਾਰ ਮਨਾਉਣ ਦਾ ਫ਼ਰਜ਼ ਪੂਰਾ ਹੋਇਆ ਜਾਣ ਲੈਂਦੇ ਹਨ। ਕਈ ਤਾਂ ਇਸ ਦਿਨ ਜੂਆ ਖੇਡਣ ਨੂੰ ਵੀ ਇੱਕ ਜ਼ਰੂਰੀ ਰੀਤ ਵਜੋਂ ਨਿਭਾਉਂਦੇ ਹਨ। ਇਹਦਾ ਕਾਰਨ ਤਾਂ ਅਜੇ ਤੱਕ ਸਮਝ ਨਹੀਂ ਆਇਆ ਕਿ ਆਖਿਰ ਕਿਉਂ ਮੁੜ ਮੁੜ ਦਰੋਪਦੀ ਦੇ ਜੂਏ ਵਿੱਚ ਹਾਰੇ ਜਾਣ ਦੀ ਲੱਜਾ ਔਰਤ ਜਾਤੀ ਦੀ ਝੋਲੀ ਪਾਉਣ ਦੀ ਖੇਡ ਖੇਡਦੇ ਨੇ ਲੋਕ ?

ਗੁਰਦੁਆਰਿਆਂ ਵਿੱਚ ਭਾਈ ਗੁਰਦਾਸ ਜੀ ਦੀ ਲਿਖੀ ਬਾਣੀ ਵਿਚੋਂ 'ਦੀਵਾਲੀ ਕੀ ਰਾਤਿ ਦੀਵੇ ਬਾਲੀਅਨ ॥ ਤਾਰੇ ਜਾਤਿ ਸਨਾਤਿ ਅੰਬਰ ਭਾਲੀਅਨਿ ॥' ਪਾਉੜੀ ਦੀਆਂ ਇਹ ਪੰਕਤੀਆਂ ਸੁਣ ਸ਼ਰਧਾਲੂ ਆਨੰਦਿਤ ਹੋ ਜਾਂਦੇ ਹਨ। ਸਮਝ ਲਿਆ ਜਾਂਦਾ ਹੈ ਕਿ ਦੀਵਾਲੀ ਦੀ ਰਾਤ ਦੀਵੇ ਬਾਲ ਮੱਥਾ ਟੇਕ ਲੈਣਾ ਹੀ ਕਾਫ਼ੀ ਹੈ। ਇਸ ਪਾਉੜੀ ਵਿੱਚ ਵੱਖ ਵੱਖ ਉਦਾਹਰਣਾਂ ਰਾਹੀਂ ਸੰਸਾਰ ਦੀ ਨਾਸ਼ਵਾਨਤਾ ਨੂੰ ਸਮਝ ਜੀਵਨ ਨੂੰ ਸਹੀ ਕੰਮਾਂ ਦੇ ਲੇਖੇ ਲਾਉਣ ਦੀ ਜੀਵਨ-ਜਾਚ ਸਿੱਖਣ ਦਾ ਗਿਆਨ ਨਾ ਤਾਂ ਲਿਆ ਜਾਂਦਾ ਅਤੇ ਨਾ ਹੀ ਅਪਣਾਇਆ ਜਾਂਦਾ।

ਆਓ ਇਨ੍ਹਾਂ ਸ਼ੁਭ ਦਿਹਾੜਿਆਂ ਤੇ ਉਚ-ਨੀਚ ਜਾਤ-ਪਾਤ ਅਮੀਰ-ਗਰੀਬ ਔਰਤ-ਮਰਦ ਰੰਗ ਨਸਲ ਤੇ ਧਰਮ ਦੇ ਵਖਰੇਵਿਆਂ ਅਤੇ ਵਿਤਕਰਿਆਂ ਨੂੰ ਦੂਰ ਕਰ 'ਸਭੇ ਸਾਂਝੀ ਵਾਲ ਸਦਾਇਨ ਕੋਈ ਨਾ ਦਿਸੇ ਬਾਹਰਾ ਜੀਉ ॥' ਤੇ ਅਮਲ ਕਰ ਸਾਂਝੀਵਾਲਤਾ ਦਾ ਰਾਹ ਅਪਨਾਉਣ ਦਾ ਪ੍ਰਣ ਕਰੀਏ।

# ਬ੍ਰੈਂਡਾ ਲਾਕ ਬਣੀ ਸਰੀ ਦੀ ਮੇਅਰ - ਡੱਗ ਮੈਕੱਲਮ ਨੂੰ 973 ਵੋਟਾਂ ਨਾਲ ਹਰਾਇਆ

## ਮੇਅਰ ਦੀ ਦੌੜ ਵਿੱਚ ਸ਼ਾਮਲ ਚਾਰੇ ਪੰਜਾਬੀ ਉਮੀਦਵਾਰਾਂ ਦੀ ਨਮੋਸ਼ੀ ਭਰੀ ਹਾਰ

ਸਰੀ, (ਹਰਦਮ ਮਾਨ)- ਸਰੀ ਦੀਆਂ ਮਿਉਂਸਪਲ ਚੋਣਾਂ ਵਿੱਚ ਬ੍ਰੈਂਡਾ ਲਾਕ ਮੇਅਰ ਚੁਣੀ ਗਈ ਹੈ। ਉਸ ਨੇ ਆਪਣੇ ਨੇੜਲੇ ਵਿਰੋਧੀ ਅਤੇ ਮੌਜੂਦਾ ਮੇਅਰ ਡੱਗ ਮੈਕੱਲਮ ਨੂੰ 973 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਇਨ੍ਹਾਂ ਚੋਣਾਂ ਵਿੱਚ ਬ੍ਰੈਂਡਾ ਲਾਕ ਨੂੰ 28 ਫੀਸਦੀ ਵੋਟਾਂ ਮਿਲੀਆਂ ਜਦੋਂ ਕਿ ਡੱਗ ਮੈਕੈਲਮ 27.3 ਫੀਸਦੀ ਵੋਟਾਂ ਹਾਸਲ ਕਰਕੇ ਦੂਜੇ ਸਥਾਨ 'ਤੇ ਰਹੇ ਅਤੇ ਗੋਰਡੀ ਹੌਗ 21 ਫੀਸਦੀ ਵੋਟਾਂ ਨਾਲ ਤੀਜੇ ਸਥਾਨ 'ਤੇ ਰਹੇ। ਬ੍ਰੈਂਡਾ ਲਾਕ ਨੂੰ 33311, ਡੱਗ ਮੈਕੱਲਮ ਨੂੰ 32338 ਅਤੇ ਗੋਰਡੀ ਹੌਗ ਨੂੰ 24916 ਵੋਟਾਂ ਹਾਸਲ ਹੋਈਆਂ।







ਪੰਜਾਬੀਆਂ ਦੀ ਵੱਡੀ ਵਸੋਂ ਵਾਲੇ ਸਰੀ ਸ਼ਹਿਰ ਵਿੱਚ ਮੇਅਰ ਦੀ ਚੋਣ ਲੜ ਰਹੇ ਚਾਰ ਪੰਜਾਬੀ ਉਮੀਦਵਾਰਾਂ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ, ਐਮ.ਐਲ.ਏ. ਜਿੰਨੀ ਸਿਮਜ਼, ਅੰਮ੍ਰਿਤ ਬਿੜ੍ਹਿੰਗ ਅਤੇ ਕੁਲਦੀਪ ਪੇਲੀਆ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਜਿੰਨੀ ਸਿਮਜ਼ ਨੂੰ 14895, ਸੁਖ ਧਾਲੀਵਾਲ ਨੂੰ 9629, ਅੰਮ੍ਰਿਤ ਬਿੜ੍ਹਿੰਗ ਨੂੰ 2270 ਅਤੇ ਕੁਲਦੀਪ ਪੇਲੀਆ ਨੂੰ ਸਿਰਫ 385 ਪਈਆਂ ਹਨ। ਇੱਕ ਹੋਰ ਆਜ਼ਾਦ ਉਮੀਦਵਾਰ ਜੋਹਨ ਵੋਲੰਸਕੀ ਨੂੰ 646 ਵੋਟਾਂ ਮਿਲੀਆਂ।

ਇਨ੍ਹਾਂ ਚੋਣਾਂ ਵਿੱਚ ਸਿਰਫ ਤਿੰਨ ਪੰਜਾਬੀ ਉਮੀਦਵਾਰ ਹੈਰੀ ਬੈਂਸ, ਪਰਦੀਪ ਕੌਰ ਕੂਨਰ ਅਤੇ ਮਨਦੀਪ ਨਾਗਰਾ ਕੌਂਸਲਰ ਦੀ ਚੋਣ ਜਿੱਤਣ ਵਿੱਚ ਸਫਲ ਹੋਏ ਹਨ। ਬ੍ਰੈਂਡਾ ਲਾਕ ਦੀ ਟੀਮ 'ਸਰੀ ਕਨੈਕਟ' ਦੇ ਚਾਰ ਕੌਂਸਲਰ ਹੈਰੀ ਬੈਂਸ, ਪਰਦੀਪ ਕੂਨਰ, ਗੋਰਡਨ ਹੈਪਨਰ ਅਤੇ ਰੌਬ ਸਟੱਟ ਚੁਣੇ ਗਏ ਹਨ। ਇਨ੍ਹਾਂ ਤੋਂ ਇਲਾਵਾ ਲਿੰਡਾ ਐਨੀਸ, ਮਾਈਕ ਬੋਸ, ਅਤੇ ਸੇਫ ਸਰੀ ਕੋਲੀਸ਼ਨ ਦੇ ਡੱਗ ਐਲਫੋਰਡ ਅਤੇ ਮਨਦੀਪ ਨਾਗਰਾ ਕੌਂਸਲਰ ਬਣੇ ਹਨ।

ਜਿੱਤ ਉਪਰੰਤ ਆਪਣੇ ਸਮੱਰਥਕਾਂ ਨੂੰ ਸੰਬੋਧਨ ਕਰਦਿਆਂ ਬ੍ਰੈਂਡਾ ਲਾਕ ਨੇ ਕਿਹਾ ਕਿ ਇਹ ਜਿੱਤ ਵੱਡੀ ਤਬਦੀਲੀ ਲਿਆਉਣ ਵਾਲੇ ਲੋਕਾਂ ਦੀ ਜਿੱਤ ਹੈ। ਹੁਣ ਸ਼ਹਿਰ ਵਿੱਚ ਜਨਤਕ ਸੁਰੱਖਿਆ, ਨੈਤਿਕਤਾ, ਵਿਕਾਸ ਅਤੇ ਆਵਾਜਾਈ ਲਈ ਇੱਕ ਵੱਡੀ ਤਬਦੀਲੀ ਲੋਕ ਦੇਖਣਗੇ। ਸਮੱਰਥਕਾਂ ਦੀਆਂ ਤਾੜੀਆਂ ਦੀ ਗੂੰਜ ਵਿੱਚ ਬ੍ਰੈਂਡਾ ਲਾਕ ਨੇ ਕਿਹਾ ਕਿ ਸਭ ਤੋਂ ਪਹਿਲਾਂ ਸਾਨੂੰ ਸਰੀ ਆਰਸੀਐਮਪੀ ਨੂੰ ਸਰੀ ਵਿੱਚ ਰੱਖਣਾ ਹੋਵੇਗਾ। ਜ਼ਿਕਰਯੋਗ ਹੈ ਕਿ ਬ੍ਰੈਂਡਾ ਲਾਕ ਸੇਫ ਸਰੀ ਗੱਠਜੋੜ ਤੋਂ ਟੁੱਟਣ ਤੋਂ ਪਹਿਲਾਂ ਮੇਅਰ ਡੱਗ ਮੈਕਲਮ ਦੇ ਨਾਲ ਕੌਂਸਲਰ ਵਜੋਂ ਚੁਣੀ ਗਈ ਸੀ, ਪਰ ਆਰਸੀਐਮਪੀ ਨੂੰ ਬਰਕਰਾਰ ਰੱਖਣ ਦੇ ਮੁੱਦੇ 'ਤੇ ਉਹ ਡੱਗ ਮੈਕੈਲਮ ਦੇ ਸਭ ਤੋਂ ਸਖ਼ਤ ਆਲੋਚਕਾਂ ਵਿੱਚੋਂ ਇੱਕ ਬਣ ਗਈ ਸੀ।









# ਸਾਡੀ ਪੱਗ ਨਾਲ ਵੱਖਰੀ ਪਹਿਚਾਣ ਜੱਗ ’ਤੇ



ਗੁਰਜੀਤ ਸਿੰਘ ਟਹਿਣਾ
ਸੰਪਰਕ:94782-77772

**ਮਹਾਰਾਜਾ ਭੁਪਿੰਦਰ ਸਿੰਘ ਨੇ ਪੱਗ ਦੀ ਸਾਹਮਣੀ ਨੁੱਕਰ ਨੂੰ ਅੰਗੂਠੇ ਦੇ ਦਬਾਓ ਨਾਲ ਅੰਦਰ ਵੱਲ ਨੂੰ ਕਰਨਾ ਸ਼ੁਰੂ ਕੀਤਾ ਜਿਸ ਨਾਲ ਸਾਹਮਣੇ ਇੱਕ ਖੋੜ ਜਿਹੀ ਬਣਨ ਕਰਕੇ ਪੱਗ ਅੱਗੇ ਵੱਲ ਨੂੰ ਹੋਰ ਤਿੱਖੀ ਹੋ ਗਈ ਅਤੇ ਇੱਥੋਂ ਇੱਕ ਦੂਜੇ ’ਤੇ ਚਿਣੇ ਹੋਏ ਲੜ ਸਪਸ਼ਟ ਦਿਖਾਈ ਦੇਣ ਲੱਗੇ। ਇਸ ਦਾ ਨਾਂ ਪਟਿਆਲਾ ਸ਼ਾਹੀ ਪੈ ਗਿਆ ਅਤੇ ਬਹੁਤ ਜਲਦੀ ਇਹ ਢੰਗ ਸਾਰੇ ਪੰਜਾਬ ਵਿੱਚ ਫੈਲ ਗਿਆ।**

ਵੱਖ-ਵੱਖ ਸੱਭਿਆਚਾਰਾਂ/ਸਮਾਜਾਂ ਵਿੱਚ ਪੱਗ ਬੰਨ੍ਹਣ ਦੇ ਢੰਗ, ਪ੍ਰਤੀਕ, ਮਹੱਤਵ ਅਤੇ ਨਾਂ ਵੱਖ-ਵੱਖ ਮਿਲਦੇ ਰਹੇ ਹਨ। ਠੀਕ ਇਸੇ ਤਰ੍ਹਾਂ ਪੰਜਾਬੀ ਵਿੱਚ ਵੀ ਸਿਰ ਢਕਣ ਦੇ ਇਸ ਪਹਿਰਾਵੇ ਨੂੰ ਪਗੜੀ, ਦਸਤਾਰ, ਚੀਰਾ, ਸਾਫਾ, ਪਰਨਾ, ਮੜਾਸਾ, ਕੇਸਕੀ, ਸਿਰੋਪਾਓ, ਮੁੱਕਾ ਆਦਿ ਕਿਹਾ ਜਾਂਦਾ ਰਿਹਾ ਹੈ। ਹਰੇਕ ਵਿਅਕਤੀ ਦਾ ਪੱਗ ਬੰਨ੍ਹਣ ਦਾ ਢੰਗ ਨਿਵੇਕਲਾ ਹੁੰਦਾ ਹੈ। ਭਾਵੇਂ ਇਹ ਕੱਪੜੇ ਦਾ ਇੱਕ ਟੁਕੜਾ ਹੀ ਹੁੰਦਾ ਹੈ ਪਰ ਸਿਰ ’ਤੇ ਬੱਝ (ਸੱਜ) ਜਾਣ ਨਾਲ ਇਸ ਦੇ ਨਾਲ ਕਈ ਤਰ੍ਹਾਂ ਦੀਆਂ ਕਦਰਾਂ-ਕੀਮਤਾਂ ਜੁੜ ਗਈਆਂ, ਜਿਸ ਨਾਲ ਇਸ ਦਾ ਮਹੱਤਵ ਹੋਰ ਵੀ ਵਧ ਗਿਆ ਹੈ। ਭਾਵੇਂ ਪੁਰਾਤਨ ਸਮੇਂ ਤੋਂ ਹੀ ਪੂਰੇ ਭਾਰਤ ਵਿੱਚ ਪੱਗ ਬੰਨ੍ਹਣ ਦਾ ਰਿਵਾਜ ਰਿਹਾ ਹੈ ਪਰ ਮੁਗ਼ਲਾਂ ਦੇ ਰਾਜ ਵਿੱਚ ਪੱਗ ਦੀ ਸ਼ੈਲੀ ਵਿੱਚ ਤਬਦੀਲੀ ਆਉਣ ਨਾਲ ਇਹ ਬਾਦਸ਼ਾਹੀਅਤ, ਧਾਰਮਿਕ, ਵਡੱਪਣ, ਉੱਚਤਾ ਤੇ ਸੁੱਚਤਾ ਦਾ ਪ੍ਰਤੀਕ ਬਣ ਗਈ। ਹੌਲੀ-ਹੌਲੀ ਹੋਰ ਲੋਕ ਵੀ ਪੱਗਾਂ ਬੰਨ੍ਹਣ ਲੱਗ ਪਏ। ਔਰੰਗਜ਼ੇਬ ਨੇ ਕੱਟੜਤਾ ਕਾਰਨ ਆਮ ਲੋਕਾਂ ਦੇ ਪੱਗ ਬੰਨ੍ਹਣ ’ਤੇ ਪਾਬੰਦੀ ਲਾ ਦਿੱਤੀ ਸੀ। ਉਸ ਅਨੁਸਾਰ ਪੱਗ ਸਿਰਫ਼ ਹੁਕਮਰਾਨ ਲੋਕ ਹੀ ਬੰਨ੍ਹ ਸਕਦੇ ਸਨ। ਜਿਵੇਂ-ਜਿਵੇਂ ਮੁਗ਼ਲ ਦਰਬਾਰਾਂ ਵਿੱਚ ਹਿੰਦੂ ਦਰਬਾਰੀਆਂ ਦੀ ਗਿਣਤੀ ਅਤੇ ਪਹੁੰਚ ਵਧਣ ਲੱਗੀ, ਤਿਉਂ-ਤਿਉਂ ਉਨ੍ਹਾਂ ਨੇ ਵੀ ਪੱਗ ਬੰਨ੍ਹਣੀ ਸ਼ੁਰੂ ਕੀਤੀ। ਕਸ਼ਮੀਰ ਵਿੱਚ ਅਫ਼ਗਾਨ ਰਾਜੇ ਤੋਂ ਇੱਕ ਹਿੰਦੂ ਦਰਬਾਰੀ ਨੇ ਆਪਣੀ ਪਹੁੰਚ ਸਹਾਰੇ ਆਪਣੇ ਪੁੱਤ ਦੇ ਵਿਆਹ ਵਿੱਚ ਪੱਗ ਬੰਨ੍ਹਣ ਦੀ ਮਨਜ਼ੂਰੀ ਲੈ ਲਈ। ਅੱਜ ਵੀ ਕਈ ਹਿੰਦੂ ਪਰਿਵਾਰ ਵਿਆਹ ਵੇਲੇ ਲੰਮੇ ਲੜ ਵਾਲੀਆਂ ਫਿੱਕੇ (ਕੱਚੇ) ਗੁਲਾਬੀ ਰੰਗ ਦੀਆਂ ਪੱਗਾਂ ਬੰਨ੍ਹਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਲਈ ਦਸਤਾਰ ਨੂੰ ਲਾਜ਼ਮੀ ਵਸਤਰ ਵਜੋਂ ਧਾਰਨ ਕਰਨ ਲਈ ਕਿਹਾ ਹੈ। ਉਹ ਆਪਣੇ ਸਿੱਖਾਂ ਵਿੱਚ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਉਂਦੇ ਸਨ ਤੇ ਸੁੰਦਰ ਦਸਤਾਰ ਵਾਲੇ ਨੂੰ ਇਨਾਮ ਵੀ ਬਖ਼ਸ਼ਿਸ਼ ਕਰਦੇ ਸਨ। ਜਮਨਾ ਨਦੀ ਕਿਨਾਰੇ ਪਾਉਂਟਾ ਸਾਹਿਬ ਵਿਖੇ ਅੱਜ ਵੀ ਗੁਰਦੁਆਰਾ ਦਸਤਾਰ ਸਾਹਿਬ ਸੁਸ਼ੋਭਿਤ ਹੈ। ਪੱਗ ਦੀ ਆਨ-ਸ਼ਾਨ ਬਦਲੇ ਕਈ ਸਿੱਖਾਂ ਨੇ ਕੁਰਬਾਨੀ ਕੀਤੀ ਹੈ ਅਤੇ ਪੱਗ ਨੂੰ ਗੂੜ੍ਹਾ ਰੰਗ ਵੀ ਸਿੱਖਾਂ ਨੇ ਹੀ ਦਿੱਤਾ ਹੈ। ਇਸ ਤੋਂ ਅੱਗੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਪੱਗ ਅਤੇ ਪੱਗ ਬੰਨ੍ਹਣ ਵਾਲੇ ਨੂੰ ਖ਼ਾਸ ਸਨਮਾਨ ਦਿੱਤਾ ਗਿਆ। ਮਹਾਰਾਜਾ ਰਣਜੀਤ ਸਿੰਘ ਪੱਗ ਵਾਲੇ ਵਿਅਕਤੀ ਦਾ ਬਹੁਤ ਸਤਿਕਾਰ ਕਰਦੇ ਸਨ। ਸ਼ਾਇਦ ਇਸੇ ਲਈ ਉਨ੍ਹਾਂ ਦੀ ਫ਼ੌਜ ਵਿੱਚ ਫ਼ੌਜੀ ਅਧਿਕਾਰੀ ਜਾਂ ਸਿਪਾਹੀ ਭਾਵੇਂ ਉਹ ਕਿਸੇ ਵੀ ਧਰਮ/ਜਾਤ ਦਾ ਹੋਵੇ ਆਪਣੀ ਖ਼ੁਸ਼ੀ ਨਾਲ ਪੱਗ ਬੰਨ੍ਹਦੇ ਸਨ। ਮਹਾਰਾਜੇ ਦੇ ਪ੍ਰਮੁੱਖ ਜਰਨੈਲ ਸ. ਹਰੀ ਸਿੰਘ ਨਲੂਆ ਅਤੇ ਅਕਾਲੀ ਫੂਲਾ ਸਿੰਘ ਬਹੁਤ ਹੀ ਰੋਹਬਦਾਰ ਪੱਗਾਂ ਬੰਨ੍ਹਦੇ ਸਨ। ਇਸ ਸਮੇਂ ਪੱਗ ਦੀ ਹਰਮਨ-ਪਿਆਰਤਾ ਹੋਰ ਵੀ ਵਧ ਗਈ।

ਅੰਗਰੇਜ਼ਾਂ ਸਮੇਂ ਭਾਵੇਂ ਵਿਦੇਸ਼ੀ ਫ਼ੌਜੀ ਸਿਰ ’ਤੇ ਟੋਪੀ ਪਹਿਨਦੇ ਸਨ ਪਰ ਸਿੱਖ ਅਜਿਹਾ ਨਹੀਂ ਕਰਦੇ ਸਨ। ਇਸ ਲਈ ਅੰਗਰੇਜ਼ਾਂ ਨੇ ਫ਼ੌਜ ਵਿੱਚ ਇਕਸਾਰਤਾ ਲਿਆਉਣ ਲਈ ਫ਼ੌਜੀ ਵਰਦੀ ਵਿੱਚ ਪੱਗ ਨੂੰ ਸ਼ਾਮਲ ਕੀਤਾ ਅਤੇ ਹਰੇਕ ਸਿੱਖ ਫ਼ੌਜੀ ਨੂੰ ਪੰਜ ਗਜ਼ ਲੰਮੀ ਤੇ ਇੱਕ ਗਜ਼ ਬਰ (ਚੌੜੀ) ਮੋਟੇ ਕੱਪੜੇ ਦੀ ਪੱਗ ਬੰਨ੍ਹਣੀ ਜ਼ਰੂਰੀ ਕੀਤੀ। ਸਿਰ ਦੇ ਵਾਲਾਂ (ਕੇਸਾਂ) ਅਤੇ ਜੂੜੇ ਨੂੰ ਸਥਿਰ ਰੱਖਣ ਲਈ ਇੱਕ ਹੋਰ ਕੱਪੜਾ ਢਾਈ ਗਜ਼ ਜੋ ਕਿ ਨਿਰਧਾਰਤ ਕੀਤੀ ਪੱਗ (ਪੰਜ ਗਜ਼) ਦਾ ਅੱਧਾ ਭਾਵ ਪੰਜਾਹ ਫ਼ੀਸਦੀ ਸੀ, ਪੱਗ ਹੇਠਾਂ ਬੰਨ੍ਹਣਾ ਜ਼ਰੂਰੀ ਕੀਤਾ ਜੋ ਅੱਜ-ਕੱਲ੍ਹ ਫਿਫਟੀ ਦੇ ਰੂਪ ਵਿੱਚ ਪ੍ਰਚਲਤ ਹੈ। ਇਸ ਤਰ੍ਹਾਂ ਫ਼ੌਜ ਵਿੱਚ ਇਕਸਾਰਤਾ ਕਾਇਮ ਰਹਿੰਦੀ ਸੀ। ਪੱਗ ਬੰਨ੍ਹਣ ਦੀ ਇੱਕ ਵਿਲੱਖਣ ਸ਼ੈਲੀ ਵਿਕਸਤ ਕੀਤੀ ਗਈ ਜਿਸ ਤਹਿਤ ਪੰਜ ਗਜ਼ ਲੰਮੀ ਇੱਕ ਗਜ਼ ਪਨ੍ਹੇ (ਚੌੜੀ) ਦੀ ਪੱਗ ਨੂੰ ਚਾਰ ਤਹਿਆਂ ਲਾ ਕੇ ਵਲ ਕੱਢ ਕੇ ਬੰਨ੍ਹਿਆ ਜਾਂਦਾ ਸੀ ਜਿਸ ਦੇ ਪੰਜ ਪੇਚ ਜਾਂ ਪੱਲੇ ਸਪਸ਼ਟ ਦਿਖਾਈ ਦਿੰਦੇ ਸਨ। ਇਸ ਨੂੰ ਧੌਣ (ਗਿੱਚੀ) ਅਤੇ ਮੱਥੇ ਤੋਂ ਤਿੱਖੀ ਨੋਕਦਾਰ ਬੰਨ੍ਹਿਆ ਜਾਂਦਾ ਸੀ। ਮੱਥੇ ਉੱਪਰ ਬਣੀ ਨੋਕ ਹੇਠੋਂ ਪਹਿਲਾਂ ਬੰਨ੍ਹਿਆ ਕੱਪੜਾ ਦਿਸਦਾ ਸੀ ਜਿਸ ਨੂੰ ਫਿਫਟੀ ਕਿਹਾ ਜਾਂਦਾ ਹੈ। ਉਸ ਸਮੇਂ ਤੋਂ ਫ਼ੌਜ ਵਿੱਚ ਪ੍ਰਚਲਤ ਦਸਤਾਰ ਸ਼ੈਲੀ ਅੱਜ ਵੀ ਬਰਕਰਾਰ ਹੈ ਅਤੇ ਅਜੋਕੀ ਸ਼ੈਲੀ ਦਾ ਮੁੱਢ ਬੰਨ੍ਹਦੀ ਪ੍ਰਤੀਤ ਹੁੰਦੀ ਹੈ। ਇਸ ਤੋਂ ਪਹਿਲਾਂ ਪੱਗ ਆਮ ਤੌਰ ’ਤੇ ਉਘੜ-ਦੁਘੜੀ ਜਾਂ ਵੱਟ ਚਾੜ੍ਹ ਕੇ ਬਿਨਾਂ ਲੜ ਸਾਫ਼ ਕੀਤਿਆਂ ਬੰਨ੍ਹੀ ਜਾਂਦੀ ਰਹੀ ਹੈ। ਪੱਗ ਨੂੰ ਹੋਰ ਫਲਾਵਟ ਵਾਲੀ ਤੇ ਵੱਡੀ ਕਰਨ ਲਈ ਇਸ ਨੂੰ ਲੰਬਾਈ ਰੁਖ਼ ਸਿਉਣ ਮਾਰੀ ਜਾਂਦੀ ਜਿਸ ਨਾਲ ਪੱਗ ਦੀ ਚੌੜਾਈ ਤਾਂ ਦੁੱਗਣੀ ਹੋ ਜਾਂਦੀ ਪਰ ਲੰਬਾਈ ਓਹੀ ਰਹਿੰਦੀ ਹੈ। ਦੋਹਾਂ ਵਿਰੋਧੀ ਲੜਾਂ ਤੋਂ ਫੜ ਕੇ ਖਿੱਚਣ ਅਤੇ ਇਸ ਦੇ ਵਲ ਕੱਢ ਕੇ ਸਾਫ਼ ਕਰਨ ਨੂੰ ਪੂਣੀ ਕਰਨਾ ਕਿਹਾ ਗਿਆ ਕਿਉਂਕਿ ਵਿਚਕਾਰ ਜ਼ਿਆਦਾ ਕੱਪੜਾ ਹੋਣ ਕਰਕੇ ਇਹ ਜ਼ਿਆਦਾ ਭਾਰਾ ਹੋ ਜਾਂਦਾ ਹੈ ਤੇ ਪਾਸਿਆਂ ਤੋਂ ਹੌਲਾ ਹੋ ਜਾਂਦਾ ਹੈ। ਇਸ ਤਰ੍ਹਾਂ ਜ਼ਿਆਦਾ ਵੱਡੇ ਕੱਪੜੇ ਦੀ ਪੱਗ ਨੂੰ ਸਿਰ ’ਤੇ ਬੰਨ੍ਹਣਾ ਤੇ ਸੋਧਣਾ ਹੋਰ ਵੀ ਸੌਖਾ ਹੋ ਗਿਆ।

ਮਹਾਰਾਜਾ ਭੁਪਿੰਦਰ ਸਿੰਘ ਨੇ ਪੱਗ ਦੀ ਸਾਹਮਣੀ ਨੁੱਕਰ ਨੂੰ ਅੰਗੂਠੇ ਦੇ ਦਬਾਓ ਨਾਲ ਅੰਦਰ ਵੱਲ ਨੂੰ ਕਰਨਾ ਸ਼ੁਰੂ ਕੀਤਾ ਜਿਸ ਨਾਲ ਸਾਹਮਣੇ ਇੱਕ ਖੋੜ ਜਿਹੀ ਬਣਨ ਕਰਕੇ ਪੱਗ ਅੱਗੇ ਵੱਲ ਨੂੰ ਹੋਰ ਤਿੱਖੀ ਹੋ ਗਈ ਅਤੇ ਇੱਥੋਂ ਇੱਕ ਦੂਜੇ ’ਤੇ ਚਿਣੇ ਹੋਏ ਲੜ ਸਪਸ਼ਟ ਦਿਖਾਈ ਦੇਣ ਲੱਗੇ। ਇਸ ਦਾ ਨਾਂ ਪਟਿਆਲਾ ਸ਼ਾਹੀ ਪੈ ਗਿਆ ਅਤੇ ਬਹੁਤ ਜਲਦੀ ਇਹ ਢੰਗ ਸਾਰੇ ਪੰਜਾਬ ਵਿੱਚ ਫੈਲ ਗਿਆ। ਅੱਜ-ਕੱਲ੍ਹ ਵੀ ਬਹੁਤੇ ਨੌਜਵਾਨ ਇਸੇ ਸ਼ੈਲੀ ਦਾ ਸੁਧਰਿਆ ਹੋਇਆ ਰੂਪ ਹੀ ਬੰਨ੍ਹਦੇ ਹਨ। ਪਿਛਲੇ ਸਮੇਂ ਵਿੱਚ ਪੱਗ ਪੰਜਾਬ ਦੇ ਸਮਾਜਿਕ, ਇਤਿਹਾਸਕ, ਸੱਭਿਆਚਾਰਕ, ਧਾਰਮਿਕ ਅਤੇ ਆਰਥਿਕ ਸਰੋਕਾਰਾਂ ਨਾਲ ਘੁਲ-ਮਿਲ ਗਈ ਹੈ। ਸਮੇਂ ਦੇ ਨਾਲ ਇਸ ਦੇ ਵੱਖ-ਵੱਖ ਰੂਪ ਵਿਕਸਤ ਹੁੰਦੇ ਰਹੇ ਹਨ। ਖਿੱਤੇ ਦੇ ਆਧਾਰ ’ਤੇ ਪੱਗ ਦੇ ਕਈ ਰੂਪ ਮਿਲਦੇ ਹਨ।

**ਮਾਝੀ ਪੱਗ:** ਪੱਗ ਬੰਨ੍ਹਣ ਵੇਲੇ ਮੱਥੇ ਅਤੇ ਗਿੱਚੀ ’ਤੇ ਨੁੱਰਾਂ ਤਾਂ ਬਣਾਈਆਂ ਜਾਂਦੀਆਂ ਸਨ ਪਰ ਇਹ ਬਹੁਤੀਆਂ ਤਿੱਖੀਆਂ ਨਹੀਂ ਸਨ ਹੁੰਦੀਆਂ। ਗਿੱਚੀ ਵੱਲੋਂ ਪੱਗ ਨੂੰ ਉੱਪਰ ਵੱਲ ਕੀਤਾ ਜਾਂਦਾ ਰਿਹਾ ਹੈ। ਫਿੱਕੇ ਰੰਗ ਹੀ ਬੰਨੇ ਜਾਂਦੇ ਸਨ। ਲੜ ਨਹੀਂ ਸੀ ਛੱਡਿਆ ਜਾਂਦਾ ਤੇ ਪੱਗ ਦੀ ਸਫ਼ਾਈ ਵੱਲ ਵੀ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ ਸੀ।

**ਦੁਆਬੀ ਪੱਗ:** ਸਾਹਮਣੇ ਨੁੱਕਰ ਬਣਾਈ ਜਾਂਦੀ ਸੀ। ਦੋਵਾਂ ਪਾਸਿਆਂ ਤੋਂ ਲਗਪਗ ਬਰਾਬਰ ਜਿਹੀ ਦਿਸਦੀ ਸੀ। ਪੱਗ ਨੂੰ ਸਫ਼ਾਈ ਨਾਲ ਵਲ ਕੱਢ ਕੇ ਬੰਨ੍ਹਿਆ ਜਾਂਦਾ ਸੀ।



**ਮਲਵਈ ਪੱਗ:** ਮਾਲਵੇ ਖੇਤਰ ਵਿੱਚ ਪੱਗ ਦੇ ਕਈ ਪੁਰਾਤਨ ਰੂਪ ਮਿਲਦੇ ਹਨ। ਇੱਥੇ ਵੀ ਪੱਗ ਦੇ ਪੇਚਾਂ ਵੱਲ ਬਹੁਤਾ ਧਿਆਨ ਨਹੀਂ ਸੀ ਦਿੱਤਾ ਜਾਂਦਾ। ਪੱਗ ਦੇ ਹੇਠੋਂ ਕੰਨ ਵੀ ਥੋੜ੍ਹੇ ਨੰਗੇ ਰੱਖਣ ਦਾ ਰਿਵਾਜ ਰਿਹਾ ਹੈ ਕਿਉਂਕਿ ਕੰਨਾਂ ਵਿੱਚ ਨੱਤੀਆਂ ਵੀ ਪਾਈਆਂ ਜਾਂਦੀਆਂ ਰਹੀਆਂ ਹਨ। ਇਸ ਤੋਂ ਇਲਾਵਾ ਪੱਗ ਦੇ ਪਿਛਲੇ ਪਾਸੇ ਇੱਕ ਲੜ ਵੀ ਹੇਠਾਂ ਵੱਲ ਨੂੰ ਲਮਕਾਇਆ ਜਾਂਦਾ ਸੀ ਜੋ ਕਿ ਧੌਣ ਤੋਂ ਹੁੰਦਾ ਹੋਇਆ ਮੋਢੇ ਦੇ ਮੂਹਰੇ ਆ ਕੇ ਖ਼ਤਮ ਹੁੰਦਾ ਸੀ।

‘ਹਿੰਦੂ ਹਟਵਾਣੀਏ’ (ਬਾਣੀਏ) ਲੋਕ ਵੀ ਪੱਗ ਬੰਨ੍ਹਦੇ ਰਹੇ ਹਨ ਅਤੇ ਉਨ੍ਹਾਂ ਦੀ ਪੱਗ ਦੇ ਪਿਛਲੇ ਪਾਸੇ ਲੰਮਾ ਲੜ ਜੋ ਕਿ ਮੌਰਾਂ ਤਕ ਲਮਕਦਾ ਸੀ, ਰੱਖਦੇ ਸਨ। ਇਸ ਤੋਂ ਇਲਾਵਾ ਆਮ ਤੌਰ ’ਤੇ ਡੱਬੀਦਾਰ ਜਾਂ ਰੇਸ਼ੇਦਾਰ ਸਾਫ਼ੇ (ਪਰਨੇ) ਬੰਨ੍ਹਣ ਦਾ ਰਿਵਾਜ ਵੀ ਰਿਹਾ ਹੈ।

**ਪਟਿਆਲਾ ਸ਼ਾਹੀ:** ਜਿਵੇਂ ਪਹਿਲਾਂ ਜ਼ਿਕਰ ਕੀਤਾ ਕਿ ਪਟਿਆਲੇ ਦੇ ਰਾਜੇ ਭੁਪਿੰਦਰ ਸਿੰਘ ਨੂੰ ਸਜਣ-ਫਬਣ ਦਾ ਬਹੁਤ ਸ਼ੌਕ ਸੀ। ਇਸ ਲਈ ਉਸ ਨੇ ਪੱਗ ਨੂੰ ਅੱਗੇ ਵੱਲ ਵਧਾ ਕੇ ਤਿੱਖੀ ਨੋਕਦਾਰ ਬਣਾਉਣੀ ਸ਼ੁਰੂ ਕੀਤੀ ਜਿੱਥੋਂ ਸਾਰੇ ਲੜ ਪੇਚ ਸਪਸ਼ਟ ਦਿਖਾਈ ਦਿੰਦੇ ਸਨ। ਇਹੋ ਸ਼ੈਲੀ ਅੱਜ-ਕੱਲ੍ਹ ਵੀ ਮਸ਼ਹੂਰ ਹੈ।

**ਮੜਾਸਾ:** ਆਮ ਤੌਰ ’ਤੇ ਭਾਰਾ ਕੰਮ ਕਰਨ ਵੇਲੇ ਸਿਰ ਨੂੰ ਗਰਮੀ ਜਾਂ ਸਰਦੀ ਤੋਂ ਬਚਾਉਣ ਵੇਲੇ ਸਿਰ ਨੂੰ ਕਿਸੇ ਭਾਰੇ ਕੱਪੜੇ ਨਾਲ ਚੰਗੀ ਤਰ੍ਹਾਂ ਢਕ ਲਿਆ ਜਾਂਦਾ ਹੈ। ਇਸ ਨੂੰ ਮੜਾਸਾ ਕਹਿੰਦੇ ਹਨ। ਇਹ ਉਘੜ-ਦੁਘੜ ਹੀ ਹੁੰਦਾ ਹੈ।

**ਪੋਚਵੀਂ:** ਇੱਕ ਸਮੇਂ ਪੱਗ ਨੂੰ ਬੰਨ੍ਹਣ ਵੇਲੇ ਉਸ ਦੇ ਆਖਰੀ ਲੜ ਨੂੰ ਚੰਗੀ ਤਰ੍ਹਾਂ ਖਿਲਾਰ ਕੇ ਚੌੜਾਈ ਰੁਖ਼ ਕਰ ਲਿਆ ਜਾਂਦਾ ਸੀ ਅਤੇ ਇਸ ਨਾਲ ਸਾਰੀ ਪੱਗ ਦੇ ਵਲ ਵਿੰਗ ਨੂੰ ਢਕ ਦਿੱਤਾ ਜਾਂਦਾ ਅਤੇ ਇਸ ਆਖਰੀ ਲੜ ਨੂੰ ਸਾਹਮਣੇ ਟੰਗ ਦਿੱਤਾ ਜਾਂਦਾ। ਫਿਰ ਹੱਥ ਫੇਰ ਕੇ ਵਲ ਸਾਫ਼ ਕੀਤੇ ਜਾਂਦੇ। ਕਈ ਵਾਰ ਪਾਣੀ ਨਾਲ ਹੱਥ ਨੂੰ ਗਿੱਲਾ ਕਰਕੇ ਆਖਰੀ ਲੜ ਪੋਚ ਦਿੱਤਾ ਜਾਂਦਾ, ਇਸ ਨੂੰ ਪੋਚਵੀਂ ਪੱਗ ਕਹਿੰਦੇ ਸਨ। ਇਸ ਤੋਂ ਬਿਨਾਂ ਕਿੱਤੇ ਦੇ ਆਧਾਰ ’ਤੇ ਵੀ ਪੱਗ ਦੇ ਕਈ ਰੂਪ ਮਿਲਦੇ ਹਨ। ਜਿਵੇਂ ਵਕੀਲ, ਪੁਲੀਸ, ਫ਼ੌਜ, ਗਾਇਕ, ਭੰਗੜੇ ਵਾਲੇ, ਨੌਕਰੀ-ਪੇਸ਼ਾ, ਕਿਸਾਨ, ਗ਼ਰੀਬ, ਨਾਥ ਜੋਗੀ, ਡਰਾਈਵਰ, ਵਪਾਰ ਕਰਨ ਵਾਲੇ ਰਾਜਨੀਤਕ ਲੋਕ (ਰੰਗ ਦੇ ਆਧਾਰ ’ਤੇ) ਆਦਿ।

ਗਾਇਕ ਦੀ ਪੱਗ ਦਾ ਵਿਸਥਾਰ ਮਰਹੂਮ ਸ੍ਰੀ ਲਾਲ ਚੰਦ ਯਮਲਾ ਜੱਟ ਵੇਲੇ ਹੋਇਆ ਹੈ ਜਿਸ ਵਿੱਚ ਇੱਕ ਪੱਗ ਦੇ ਦੋਵਾਂ ਲੜਾਂ ’ਤੇ ਮਾਵਾ ਲਾਇਆ ਜਾਂਦਾ ਸੀ ਜਿਸ ਨਾਲ ਇੱਕ ਲੜ ਉੱਪਰ ਨੂੰ ਫੈਲਾ ਕੇ ਖੜ੍ਹਾ ਕੀਤਾ ਜਾਂਦਾ ਅਤੇ ਦੂਜਾ ਲੜ ਹੇਠਾਂ ਲਮਕਾ ਲਿਆ ਜਾਂਦਾ ਜੋ ਕਿ ਫੁੱਲਿਆ ਹੋਇਆ ਹੁੰਦਾ। ਅੱਜ-ਕੱਲ੍ਹ ਬਹੁਤੇ ਕਲਾਕਾਰਾਂ ਨੇ ਆਪਣਾ ਇਹ ਰਵਾਇਤੀ ਬਾਣਾ ਛੱਡ ਦਿੱਤਾ ਹੈ। ਕਈ ਕਲਾਕਾਰ ਹੇਠਾਂ ਲਮਕਦੇ ਲੜ ਦੀ ਇੱਕ ਕਿਨਾਰੀ ਨੂੰ ਦੁਬਾਰਾ ਫਿਰ ਸਿਰ ’ਤੇ ਟੰਗ ਲੈਂਦੇ ਹਨ। ਇਸ ਤਰ੍ਹਾਂ ਲੜ ਹੋਰ ਵੀ ਫੈਲ ਜਾਂਦਾ ਹੈ। ਅਜਿਹੀ ਸ਼ੈਲੀ ਦੀ ਪੱਗ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਤਸਵੀਰ ਵਿੱਚ ਵੀ ਮਿਲਦੀ ਹੈ।



**ਸ਼ਮਲੇ ਵਾਲੀ ਪੱਗ:** ਸ਼ਮਲਾ ਜਾਂ ਸ਼ਮਲੇ ਵਾਲੀ ਪੱਗ ਵਿੱਚ ਬਗ਼ਾਵਤ ਦਾ ਅੰਸ਼ ਰਲਿਆ ਮਿਲਦਾ ਹੈ। ਅੰਗਰੇਜ਼ੀ ਰਾਜ ਸਮੇਂ ਅੰਗਰੇਜ਼ ਅਫ਼ਸਰ ਖਾਸ ਕਰ ਥਾਣੇਦਾਰ ਘੋੜੀ ’ਤੇ ਬੈਠ ਕੇ ਆਉਂਦੇ। ਉਨ੍ਹਾਂ ਦੇ ਉੱਚੇ ਸ਼ਮਲੇ ਵਾਲੀ ਪੱਗ ਬੰਨ੍ਹੀ ਹੁੰਦੀ ਭਾਵ ਉਹ ਆਮ ਲੋਕਾਂ ਤੋਂ ਵੱਖਰੇ ਉੱਚੇ ਸਮਝੇ ਜਾਂਦੇ ਸਨ। ਮਾਵੇ ਵਾਲੀ ਪੱਗ ਦਾ ਇੱਕ ਲੜ ਉੱਪਰ ਵੱਲ ਨੂੰ ਫੈਲਾ ਕੇ ਖੜ੍ਹਾ ਕੀਤਾ ਜਾਂਦਾ ਤੇ ਇੱਕ ਹੇਠਾਂ ਵਲ ਕਾਫ਼ੀ ਲੰਬਾਈ ਤਕ ਲਮਕਦਾ ਛੱਡਿਆ ਜਾਂਦਾ। ਅੰਗਰੇਜ਼ਾਂ ਦੇ ਵਿਰੋਧੀ ਲੋਕ ਆਪਣੇ-ਆਪ ਅਜਿਹੀ ਸ਼ਮਲੇ ਵਾਲੀ ਪੱਗ ਬੰਨ੍ਹਦੇ ਸਨ। ਹੇਠਾਂ ਛੱਡੇ ਸ਼ਮਲੇ ਦੇ ਲੜ ਨਾਲ ਲੋੜ ਸਮੇਂ ਆਪਣੇ ਮੂੰਹ ਢੱਕ ਲੈਂਦੇ ਅਤੇ ਠੋਡੀ ਉੱਪਰੋਂ ਦੀ ਦੂਜੇ ਪਾਸੇ ਟੁੰਗ ਲੈਂਦੇ। ਜਿਉਣੇ ਮੌੜ ਦੀ ਗਾਥਾ ਵਿੱਚ ਅਜਿਹੀ ਸ਼ਮਲੇ ਵਾਲੀ ਪੱਗ ਦਾ ਵਰਣਨ ਮਿਲਦਾ ਹੈ। ਇਹ ਅਕਸਰ ਕਾਲੇ ਰੰਗ ਦੀ ਹੁੰਦੀ ਸੀ ਜੋ ਕਿ ਬਗ਼ਾਵਤ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਇਸ ਤੋਂ ਇਲਾਵਾ ਪੁਲੀਸ ਵਾਲੇ ਨੀਲੀ ਅਤੇ ਲਾਲ ਰੰਗ ਦੀ ਪੱਗ ਅਤੇ ਪੱਗ ਦੇ ਪੇਚਾਂ ’ਤੇ ਪੱਲੂ ਜਾਂ ਲਾਲ ਰੰਗ ਦੀ ਝਾਲਰ ਲਮਕਾਉਂਦੇ ਹਨ। ਕਈ ਵਾਰ ਪੱਗ ਦਾ ਰੰਗ ਖਾਕੀ ਹੈ ਤੇ ਝਾਲਰ ਵੀ ਇਸੇ ਰੰਗ ਦੀ ਹੈ। ਹੇਠਾਂ ਰੇਸ਼ਮੀ ਧਾਗੇ ਹੋਰ ਸੁੰਦਰਤਾ ਵਧਾਉਂਦੇ ਹਨ। ਹੋਰ ਧਰਮ ਦੇ ਮੁਲਾਜ਼ਮਾਂ ਲਈ ਕੁੱਲੇ ਵਾਲੀ ਪੱਗ ਵੀ ਸਿਰ ’ਤੇ ਰੱਖਣੀ ਲਾਜ਼ਮੀ ਰਹੀ ਹੈ।

ਪੱਗ ਕਈ ਰਸਮਾਂ ਵਿੱਚ ਵੀ ਬੰਨ੍ਹੀ ਜਾਂਦੀ ਰਹੀ ਹੈ। ਹਰ ਧਾਰਮਿਕ ਰਸਮ ਲਈ ਸਿਰ ਨੂੰ ਢਕਣਾ ਜ਼ਰੂਰੀ ਰਿਹਾ ਹੈ। ਇਸ ਤੋਂ ਬਿਨਾਂ ਬੱਚੇ ਦੇ ਪੱਗ ਬੰਨ੍ਹਾਉਣੀ, ਘਰ ਵਿੱਚ ਕਿਸੇ ਬਜ਼ੁਰਗ ਵਿਅਕਤੀ ਦੀ ਮੌਤ ਤੋਂ ਬਾਅਦ ਦੂਜੇ ਵਿਅਕਤੀ ਨੂੰ ਘਰ ਦੀ ਜ਼ਿੰਮੇਵਾਰੀ ਸੌਂਪਣ ਲਈ ਪੱਗ ਬੰਨ੍ਹਾਉਣੀ ਆਦਿ। ਪੱਗ ਨਾਲ ਕਈ ਮੁਹਾਵਰੇ ਵੀ ਮਿਲਦੇ ਹਨ, ਜਿਵੇਂ ਪੱਗ ਨੂੰ ਹੱਥ ਪਾਉਣਾ, ਪੱਗ ਉੱਚੀ ਕਰਨੀ ਆਦਿ।

ਪੱਗ ਨੂੰ ਸਿਰ ਤੋਂ ਉਤਾਰਨ ਸਮੇਂ ਵੀ ਪੱਗ ਦੇ ਸਤਿਕਾਰ ਦਾ ਖਿਆਲ ਰੱਖਿਆ ਜਾਂਦਾ ਸੀ। ਪੱਗ ਨੂੰ ਹੌਲੀ-ਹੌਲੀ ਲੜ ਖੋਲ੍ਹ ਕੇ ਲਾਹਿਆ ਜਾਂਦਾ ਸੀ। ਘਰ ਵਿੱਚ ਔਰਤਾਂ ਪੱਗ ਨੂੰ ਧੋਣ-ਸੁਕਾਉਣ ਸਮੇਂ ਵੀ ਇਸ ਗੱਲ ਦਾ ਖਿਆਲ ਰੱਖਦੀਆਂ ਹਨ ਕਿ ਪੱਗ ਮਿੱਟੀ ’ਤੇ ਨਾ ਲੱਗ ਜਾਵੇ। ਇਸ ਤੋਂ ਇਲਾਵਾ ਪੱਗ ਦਾ ਸੜ ਜਾਣਾ ਜਾਂ ਪਾਟ ਜਾਣਾ ਬਦਸ਼ਗਨੀ ਮੰਨਿਆ ਜਾਂਦਾ ਰਿਹਾ ਹੈ। ਇਸ ਲਈ ਕੰਡੇਦਾਰ ਦਰੱਖਤ ਭਾਵ ਬੇਰੀ ਆਦਿ ਰਸਤੇ ਜਾਂ ਘਰ ਵਿੱਚ ਘੱਟ ਲਾਈ ਜਾਂਦੀ ਸੀ। ਇਸ ਤੋਂ ਇਲਾਵਾ ਪੰਜਾਬੀ ਲੋਕ ਗੀਤਾਂ ਵਿੱਚ ਪੱਗ ਦਾ ਜ਼ਿਕਰ ਵੀ ਮਿਲਦਾ ਹੈ। ਵਿਆਹ ਸਮੇਂ ਲਾੜੇ ਨੂੰ ਤਿਆਰ ਕਰਨ ਸਮੇਂ ਭੈਣਾਂ ਪੱਗ ਉੱਪਰ ਮੋਤੀਆਂ ਵਾਲੀ ਕਲਗੀ ਲਾ ਕੇ ਸਿਹਰੇ ਸਜਾਉਂਦੀਆਂ ਜਿਸ ਨਾਲ ਪੱਗ ਹੋਰ ਵੀ ਸੁੰਦਰ ਬਣ ਜਾਂਦੀ ਅਤੇ ਚਾਵਾਂ ਨਾਲ ਬਰਾਤ ਤੋਰਦੀਆਂ। ਮਿੱਠੀ ਆਵਾਜ਼ ਤੇ ਖਾਸ ਅੰਦਾਜ਼ ਵਿੱਚ ਘੋੜੀ ਗਾਈ ਜਾਂਦੀ-

**‘ਚੀਰਾ ਤੇਰਾ ਵੇ ਮੱਲਾ ਸੋਹਣਾ,**
**ਸੋਂਹਦਾ ਕਲਗੀਆਂ ਨਾਲ,**
**ਕਲਗੀ ਡੇਢ ਤੇ ਹਜ਼ਾਰ,**
**ਮੈਂ ਬਲਿਹਾਰੀ, ਵੇ ਮਾਂ ਦਿਆਂ ਸੁਰਜਣਾ।**

**ਜਾਂ**

**ਦੋ ਵੀਰ ਘੋੜੀਆਂ ਚੜ੍ਹੇ,**
**ਪੱਗਾਂ ਖੱਟੀਆਂ ਤੇ ਵੇਖਣ ਜੱਟੀਆਂ,**

**ਡੋਲੀ ਤੋਰਨ ਵੇਲੇ ਦਾ ਵੀ ਗੀਤ ਮਿਲਦਾ-**

**ਪੱਗ ਬੰਨ੍ਹ ਕੇ ਸਰ੍ਹੋਂ ਦੇ ਫੁੱਲ ਵਰਗੀ,**
**ਵਿਆਹ ਕੇ ਲੈ ਗਿਆ ਤੂਤ ਦੀ ਛਟੀ।**

**ਪੱਗ ਬੰਨ੍ਹਣ ਨਾਲ ਚਿਹਰੇ ਦਾ ਸੁਹੱਪਣ ਹੋਰ ਵੀ ਨਿੱਖਰ ਜਾਂਦਾ ਹੈ। ਸ਼ਾਇਦ ਇਸੇ ਲਈ ਕਿਸੇ ਗੱਭਰੂ ਨੂੰ ਕਿਹਾ-**

**ਹਨੇਰੀਆਂ-ਹਨੇਰੀਆਂ ਹਨੇਰੀਆਂ,**
**ਉਨਾਬੀ ਪੱਗ ਨਾ ਬੰਨ੍ਹ ਵੇ.**
**ਤੈਨੂੰ ਨਜ਼ਰਾਂ ਲੱਗਣਗੀਆਂ ਮੇਰੀਆਂ**
**(ਲੋਕ ਬੋਲੀ)**

**ਲੱਗੀ ਨਜ਼ਰ ਉਤਾਰਨ ਲਈ ਮਿਰਚਾਂ ਵਾਰ ਕੇ ਸੁੱਟਣਾ ਵੀ ਇੱਕ ਪਰੰਪਰਾ ਰਹੀ ਹੈ।**

**ਹਨੇਰੀਆਂ, ਹਨੇਰੀਆਂ, ਹਨੇਰੀਆਂ**
**ਉਨਾਬੀ ਪੱਗ ਬੰਨ੍ਹ ਲੈਣ ਦੇ**
**ਨੀਂ ਸਾਡੇ ਖੇਤਾਂ ਵਿੱਚ ਮਿਰਚਾਂ ਬਥੇਰੀਆਂ।** (ਲੋਕ ਬੋਲੀ)

ਪੱਗ ਦੇ ਰੰਗ, ਉਮਰ ਅਤੇ ਜ਼ਿੰਮੇਵਾਰੀ ਦੀ ਭਾਵਨਾ ਵਾਲੇ ਹੁੰਦੇ ਹਨ। ਭਾਵ ਵੱਡੀ ਉਮਰ ਦੇ ਲੋਕ ਸ਼ੋਖ ਰੰਗ ਘੱਟ ਹੀ ਬੰਨ੍ਹਦੇ ਹਨ: ਜੇ ਕੋਈ ਜ਼ਿੰਮੇਵਾਰੀ ਨਾ ਸਮਝੇ ਤਾਂ ਇਹ ਬੋਲੀ ਦੱਸਦੀ ਹੈ:

**ਧੀ ਜੰਮ ਪਈ, ਜਵਾਈ ਵਾਲਾ ਹੋ ਗਿਆ,**
**ਟਸਰੀ ਨਾ ਬੰਨ੍ਹ ਚੋਬਰਾ।**

**ਜਾਂ**

**ਹਰਾ ਮੂੰਗੀਆ ਬੰਨ੍ਹਦਾ ਏ ਸਾਫਾ,**
**ਬਣਿਆ ਫਿਰਦਾ ਏ ਜਾਨੀ,**
**ਭਾੜੇ ਦੀ ਹੱਟ ਵਿੱਚ ਰਹਿ ਕੇ ਬੰਦਿਆ,**
**ਤੈਂ ਮੌਜ ਬਥੇਰੀ ਮਾਣੀ,**
**ਵਿੱਚ ਕਾਲਿਆਂ ਦੇ ਆ ਗਏ ਬੱਗੇ,**
**ਹੁਣ ਆ ਗਈ ਮੌਤ ਨਿਸ਼ਾਨੀ,**
**ਬਦੀਆਂ ਨਾ ਕਰ ਵੇ ਕੈ ਦਿਨ ਦੀ ਜ਼ਿੰਦਗਾਨੀ।’**

ਬਹੁਤ ਲੰਮੇ ਪੜਾਵਾਂ ਵਿੱਚ ਦੀ ਲੰਘ ਕੇ ਪੱਗ ਨੂੰ ਇਹ ਸਨਮਾਨਿਤ ਰੁਤਬਾ ਪ੍ਰਾਪਤ ਹੋਇਆ ਹੈ, ਜਿਸ ਨੇ ਸਾਡੀ ਸ਼ਾਨ ਨੂੰ ਉੱਚਾ ਕੀਤਾ ਹੈ, ਸਰਦਾਰੀ ਬਖਸ਼ਿਸ਼ ਕੀਤੀ ਹੈ। ਲੋੜ ਹੈ ਅੱਜ ਇਸ ਦੀ ਮਹੱਤਤਾ ਨੂੰ ਸਮਝਣ ਅਤੇ ਇਸ ਨੂੰ ਅਪਨਾਉਣ ਦੀ। ਧੰਨਵਾਦੀ ਹੋਣਾ ਚਾਹੀਦਾ ਹੈ, ਉਨ੍ਹਾਂ ਸ਼ਖ਼ਸੀਅਤਾਂ ਅਤੇ ਸਾਧਨਾਂ ਦਾ ਜਿਨ੍ਹਾਂ ਨੇ ਪੱਗ ਦੇ ਮਾਣਮੱਤੇ ਇਤਿਹਾਸ ਨੂੰ ਸਾਂਭਣ ਅਤੇ ਪੀੜ੍ਹੀ-ਦਰ-ਪੀੜ੍ਹੀ ਅੱਗੇ ਪਹੁੰਚਾਉਣ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ।

**ਸਾਡੀ ਪੱਗ ਨਾਲ ਵੱਖਰੀ ਪਛਾਣ ਜੱਗ ’ਤੇ,**
**ਕੀਤਾ ਪੱਗ ਨੇ ਹੈ ਉੱਚਾ ਸਾਡਾ ਮਾਣ ਜੱਗ ’ਤੇ।**
**ਜਾਣ ਸਰਦਾਰੀਆਂ ਨਾ ਰੁਲ ਓਏ ਪੰਜਾਬੀਓ,**
**ਪੱਗ ਬੰਨ੍ਹਣੀ ਨਾ ਜਾਇਓ, ਭੁੱਲ ਓਏ ਪੰਜਾਬੀਓ।**

















# ਪੰਜਾਬੀ ਲੋਕ-ਗਾਇਕੀ ਦਾ ਥੰਮ ਐ ਮੁਹੰਮਦ ਸਦੀਕ

**ਜਨਮ** - 1939
**ਸਥਾਨ**- ਰਾਮਪੁਰ ਕਟਾਣੀ ਨਜ਼ਦੀਕ (ਦੋਰਾਹਾ) ਜਿਲ੍ਹਾ ਲੁਧਿਆਣਾ
**ਮਾਤਾ** - ਪ੍ਰਸਿੰਨੀ ਦੇਵੀ
**ਪਿਤਾ** - ਵਲਾਇਤ ਅਲੀ ਖਾਂ
**ਉਸਤਾਦ** - ਬਾਕਰ ਹੁਸੈਨ
ਕਲਾ ਦੇ ਖੇਤਰ ਵਿੱਚ ਸ਼ੁਰੂਆਤ – ਵਾਈਲਿਨਿਸਟ (ਸਾਜਿੰਦੇ ਵੱਜੋਂ)
**ਨੌਕਰੀ** - ਲੋਕ ਸੰਪਰਕ ਵਿਭਾਗ ਸੰਗਰੂਰ
**ਧਰਮ ਪਤਨੀ** - ਰਫੀਕਨ ਉਰਫ ਸੀਤੋ (ਸਵਰਗਵਾਸੀ)
**ਬੱਚੇ** - ਛੇ ਬੇਟੀਆਂ ਹਨ–ਨਸੀਮ ਅਖਤਰ, ਨਸਰੀਨ ਅਖਤਰ, ਤਸਕੀਨ ਅਖਤਰ, ਸ਼ਹਿਨਾਜ ਅਖਤਰ, ਮਹਿਨਾਜ ਅਖਤਰ, ਜਾਵੇਦ ਅਖਤਰ
**ਪਹਿਲੀ ਰਿਕਾਰਡਿੰਗ** - 1961
**ਕੰਪਨੀ** - ਐਚ.ਐਮ.ਵੀ.
**ਪਹਿਲੇ ਗੀਤ** - ਜਾਂਦਾ ਹੋਇਆ ਦੱਸ ਨਾ ਗਿਆ ,ਲਿਖ ਚਿੱਠੀਆਂ ਕਿੱਧਰ ਨੂੰ ਪਾਵਾਂ
ਮੈਂ ਨਵਿਆਂ ਫੈਸ਼ਨਾਂ ਵਾਲੀ,ਕੁੜੀਆਂ 'ਚ ਹੌਲਦਾਰਨੀ
ਪਹਿਲਾ ਗੀਤਕਾਰ – ਇੰਦਰਜੀਤ ਹਸਨਪੁਰੀ


ਮੁਹੰਮਦ ਸਦੀਕ ਰਣਜੀਤ ਕੌਰ ਨਾਲ ਅਸ਼ੋਕ ਬਾਂਸਲ ਮਾਨਸਾ 32 ਵਰ੍ਹੇ ਪੁਰਾਣੀ ਇੱਕ ਯਾਦਗਾਰੀ ਤਸਵੀਰ

**ਪਹਿਲਾ ਹਿੱਟ ਗੀਤ** - ਮੇਰੀ ਐਸੀ ਝਾਂਜਰ ਛਣਕੇ ਛਣਕਾਟਾ ਪੈਂਦਾ ਗਲੀ ਗਲੀ
**ਗੀਤਕਾਰ** - ਦੀਦਾਰ ਸੰਧੂ
ਪਹਿਲੀ ਸਹਿ ਗਾਇਕਾ – ਰਜਿੰਦਰ ਰਾਜਨ
**ਰਣਜੀਤ ਕੌਰ ਨਾਲ ਮੇਲ** - 1967
ਰਣਜੀਤ ਕੌਰ ਨਾਲ ਪਹਿਲੀ ਰਿਕਾਰਡਿੰਗ – 1967
**ਰਣਜੀਤ ਕੌਰ ਨਾਲ ਪਹਿਲੇ ਚਾਰ ਗੀਤ** -
1 - ਜੇ ਤੂੰ ਸੁਨਿਆਰੇ ਕੋਲੋਂ ਨੱਤੀਆਂ
2- ਤੇਰਾ ਲੈਣ ਮੁਕਲਾਵਾ ਨੀ ਮੈਂ ਆਇਆ ਬੱਲੀਏ
3- ਪਹਿਲੇ ਨਰਾਤੇ ਲੈਣ ਆ ਗਿਆ
4- ਭਰਮਾਂ ਦਿਆ ਪੱਟਿਆ ਸਾਗ ਤੋੜ ਕੇ ਲਿਆਈ ਵੇ
**ਰਣਜੀਤ ਕੌਰ ਤੋਂ ਇਲਾਵਾ ਹੋਰ ਸਹਿ ਗਾਇਕਾਵਾਂ** - ਰਜਿੰਦਰ ਰਾਜਨ, ਸਵਰਨਲਤਾ, ਨਰਿੰਦਰ ਬੀਬਾ, ਸੁਰਿੰਦਰ ਕੌਰ, ਰਤਨਿਕਾ ਤਿਵਾੜੀ, ਡੋਲੀ ਗੁਲੇਰੀਆ, ਅਨੁਰਾਧਾ ਪੋੜਵਾਲ, ,ਸੁਖਜੀਤ ਕੌਰ
**ਗੀਤਕਾਰ ਜਿਹਨਾਂ ਦੇ ਰਚੇ ਗੀਤਾਂ ਨੂੰ ਗਾਇਆ** —ਇੰਦਰਜੀਤ ਹਸਨਪੁਰੀ, ਦੇਵ ਥਰੀਕੇ ਵਾਲਾ, ਗਿਆਨ ਚੰਦ ਧਵਨ, ਬਾਬੂ ਰਜਬ ਅਲੀ, ਗਿਆਨੀ ਸੋਹਣ ਸਿੰਘ ਸੀਤਲ,ਸਾਜਨ ਰਾਏਕੋਟ, ਲਾਭ ਚਿਤਾਮਲੀ ਵਾਲਾ, ਗਾਮੀ ਸੰਗਤਪੁਰੀਆ, ਗੁਰਜੰਟ ਸਿੰਘ ਵਿਰਕ, ਚਮਨ ਲਾਲ ਸ਼ੁਗਲ, ਲਖਵਿੰਦਰ ਮਾਨ, ਦੀਦਾਰ ਸੰਧੂ, ਗਿੱਲ ਜਬੋਮਾਜਰੇ ਵਾਲਾ, ਬਿੱਕਰ ਮਹਿਰਾਜ, ਗੁਰਮੇਲ ਢਿੱਲੋਂ ਭੁੱਖਿਆਂਵਾਲੀ ਵਾਲਾ, ਸੁਰਜੀਤ ਸਿੰਘ ਢਿੱਲੋਂ ਪਿੱਥੋਂ ਵਾਲਾ,ਸੁਰੇਸ਼ ਬਾਂਸਲ ਬਾਪਲੇ ਵਾਲਾ, ਜਰਨੈਲ ਘੁਮਾਣ , ਪ੍ਰੋਫੈਸਰ ਮੋਹਨ ਸਿੰਘ, ਧਰਮ ਕੰਮੇਆਣਾ, ਪਰੀਤ ਕਾਲਝਰਾਨੀ, ਕੁਲਵਿੰਦਰ ਕੰਵਲ, ਰਾਜ ਬਰਾੜ, ਗੁਰਚਰਨ ਵਿਰਕ,ਜਨਕ ਸ਼ਰਮੀਲਾ, ਪਰਮਜੀਤ ਸਲਾਰੀਆ, ਮਲਕੀਤ ਗਿੱਲ ਲੂਲਬਾਈ ਵਾਲਾ, ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ
ਸਭ ਤੋਂ ਵੱਧ ਗੀਤ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਿਆਂ ਦੇ ਗਾਏ।ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਨਾਲ ਜਸਵੰਤ ਭੰਵਰਾ ਰਾਹੀਂ ਮੇਲ ਹੋਇਆ ਇਸ ਤਰਾਂ ਮੁਹੰਮਦ ਸਦੀਕ ਰਣਜੀਤ ਕੌਰ ਬਾਬੂ ਸਿੰਘ ਮਰਾੜ੍ਹਾਂ ਵਾਲੇ ਦੀ ਤ੍ਰਿਵੈਣੀ ਬਣ ਗਈ
**ਸੰਗੀਤਕਾਰ ਜਿਹਨਾਂ ਜਿਹਨਾਂ ਨਾਲ ਕੰਮ ਕੀਤਾ** —- ਜਸਵੰਤ ਭੰਵਰਾ, ਕੇਸਰ ਸਿੰਘ ਨਰੂਲਾ, ਕੇ ਪੰਨਾਂ ਲਾਲ, ਪੰਡਿਤ ਜਵਾਲਾ ਪ੍ਰਸਾਦ, ਵੇਦ ਸੇਠੀ, ਚਰਨਜੀਤ ਆਹੂਜਾ, ਅਤੁੱਲ ਸ਼ਰਮਾ, ਧੀਰਜ ਕੁਮਾਰ,ਨਿਰਮਲ ਸਿੱਧੂ, ਸੁਰਿੰਦਰ ਬਚਨ, ਵਰਿੰਦਰ ਬਚਨ, ਅਲੀ ਅਕਬਰ



ਸਮੇਂ ਦੇ ਰੰਗ —ਜਦੋਂ ਜ਼ਿੰਦਗੀ ਚ ਰੰਗੀਨੀ ਸੀ ਦੇਖਣ ਨੂੰ ਬਲੈਕ ਐਂਡ ਵਾਈਟ ਦਿਸਦੀ ਹੈ ਪਰ ਢਲਦੇ ਪਰਛਾਂਵੇ ਫੋਟੋ ਵਿੱਚ ਰੰਗੀਨ ਦਿਖਾਈ ਦਿੰਦੇ ਹਨ।

## ਪੰਜਾਬੀ ਦੋਗਾਣਿਆਂ ਦੀ ਬੁੱਲਬੁਲ ਰਣਜੀਤ ਕੌਰ

**ਨਾਮ** - ਰਣਜੀਤ ਕੌਰ
**ਘਰੇਲੂ ਨਾਮ** – ਗੁੱਡੋ
**ਜਨਮ** - 18 ਅਕਤੂਬਰ 1950
**ਸਥਾਨ**- ਰੋਪੜ
**ਮਾਤਾ** –ਸ਼੍ਰੀ ਮਤੀ ਪ੍ਰਕਾਸ਼ ਕੌਰ
**ਪਿਤਾ** - ਗਿਆਨੀ ਆਤਮਾ ਸਿੰਘ
**ਭਰਾ** - ਜਗਜੀਤ ਸਿੰਘ, ਪਰਮਵੀਰ ਸਿੰਘ
**ਭੈਣਾਂ** - ਕੁਲਦੀਪ ਕੌਰ, ਬਲਵੰਤ ਕੌਰ, ਜਸਵੀਰ ਕੌਰ
**ਪਹਿਲੀ ਰਿਕਾਰਡਿੰਗ** - ਅਮਰ ਸਿੰਘ ਸ਼ੇਰਪੁਰੀ ਨਾਲ ਦੋ ਗੀਤ
ਮਾਹੀ ਵੇ ਮਾਹੀ ਮੈਨੂੰ ਭੰਗ ਚੜ ਗਈ
ਨੀ ਜੱਟ ਮੱਘਾ ਜਿਹਾ ਗਾਲ ਬਿਨਾਂ ਨਾ ਬੋਲੇ
**ਪਹਿਲਾ ਗੀਤਕਾਰ** - ਸੱਜਣ ਸਿੰਘ ਹੂੰਝਣ
ਕੰਪਨੀ – ਐਚ ਐਮ ਵੀ

ਮੁਹੰਮਦ ਸਦੀਕ ਤੋਂ ਇਲਾਵਾ ਰਣਜੀਤ ਕੌਰ ਦੀ ਜਿੰਨਾਂ ਹੋਰ ਗਾਇਕਾਂ ਨਾਲ ਰਿਕਾਰਡਿੰਗ ਹੋਈ– ਅਮਰ ਸਿੰਘ ਸ਼ੇਰਪੁਰੀ, ਕਰਨੈਲ ਗਿੱਲ, ਰੰਗਾ ਸਿੰਘ ਮਾਨ, ਕੁਲਦੀਪ ਹੀਰੋ, ਮੁਹੰਮਦ ਰ ਫੀ, ਮਹਿੰਦਰ ਕਪੂਰ, ਸੁਰੇਸ਼ ਵਾਡੇਕਰ

**ਮੁਹੰਮਦ ਸਦੀਕ ਤੇ ਰਣਜੀਤ ਕੌਰ ਜੋੜੀ ਦੀ ਪਹਿਲੀ ਸਟੇਜ 4 ਮਾਰਚ1967ਪਿੰਡ ਰਾਜੇਆਣਾ ਤਹਿਸੀਲ ਬਰਨਾਲਾ ਜਿਲਾ ਸੰਗਰੂਰ**

34 ਸਾਲ 11 ਮਹੀਨਿਆਂ ਦਾ ਸਾਥ ਨਿਭਾਅ ਕੇ ਪੰਜਾਬੀਆਂ ਦੇ ਦਿਲਾਂ ਤੇ ਰਾਜ ਕਰਦੀ ਇਹ ਜੋੜੀ ਆਖਰ 23 ਫਰਵਰੀ 2002 ਵਿੱਚ ਵੱਖ ਹੋ ਗਈ ਜੋ ਕਦੇ ਨਾ ਪੂਰਿਆ ਜਾਣ ਵਾਲਾ ਘਾਟਾ ਹੈ।

**facebook** ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਤੂੰ ਮੇਰੇ ਵਾਸਤੇ ਰੋਜ਼ 30 ਮਿੰਟ ਭੱਜਿਆ ਕਰ, ਮੈਂ ਤੇਰੇ ਵਾਸਤੇ ਸਾਰੀ ਉਮਰ ਦੌੜਦਾ ਰਹਾਂਗਾ"

ਅੱਜ ਫੇਰ, ਇੱਕ ਦਿਲ, ਅਸਲੀ ਦਿਲ ਨੂੰ ਖੋਹਲ ਕੇ ਵੇਖਣ ਦਾ ਮੌਕਾ ਮਿਲਿਆ। ਮੈਡੀਕਲ ਕਾਲਜ ਪਟਿਆਲੇ ਤਾਂ ਕਈਆਂ ਦੇ ਦਿਲ ਪਰਖੇ ਸਨ। ਇਹ ਦਿਲ...., ਕੋਈ ਦਰਿਆ ਜਾਂ ਸਮੁੰਦਰੋਂ ਡੂੰਘਾ ਨਹੀਂੜ.., 'ਸਮੁੰਦਰੋਂ ਡੂੰਘੇ ਦਿਲ' ਹੋਰ ਹੁੰਦੇ ਨੇ ।ਦਿਲ ਚੀਜ਼ ਕਿਆ ਹੈ! ਇਹ ਤਾਂ ਮਾਸ ਦਾ ਲੋਥੜਾ ਹੈ ਜੋ ਸਾਡੇ ਸੀਨੇ ਅੰਦਰ, ਜਨਮ ਤੋਂ ਪਹਿਲਾਂ ਹੀ ਧੜਕਣ ਲਗ ਪੈਂਦਾ ਹੈ ਤੇ 70, 80 ਜਾਂ ਸੌ ਸਾਲ, ਜਿੰਨੀ ਵੀ ਬੰਦੇ ਦੀ ਉਮਰ ਹੋਵੇ, ਇਹ ਦਿਲ ਬਿਨਾ ਥੱਕੇ, ਬਿਨਾਂ ਕਿਸੇ ਆਰਾਮ ਦੇ, ਧੜਕਦਾ ਰਹਿੰਦਾ ਹੈ।ਬਾਲਗ ਮਰਦਾਂ 'ਚ, ਮੁੱਠ ਜਾਂ ਘਸੁੰਨ ਦੇ ਸਾਇਜ਼ ਵਾਲੇ ਦਿਲ ਦਾ ਭਾਰ 300 ਤੋਂ 350 ਤੇ ਔਰਤਾਂ 'ਚ 250 ਤੋਂ 300 ਗ੍ਰਾਮ ਹੁੰਦਾ ਹੈ। ਚੌਂਹ ਕਮਰਿਆਂ ਵਾਲੇ ਇਸ ਦਿਲ ਦੀ ਕੰਧ (ਦੀਵਾਰ)–ਖੱਬੇ ਪਾਸੇ ਵਾਲੇ ਕਮਰਿਆਂ ਦੀਆਂ ਕੰਧਾਂ 13 ਤੋਂ 15 ਮਿਲੀ ਮੀਟਰ ਤੇ ਸੱਜੇ ਪਾਸੇ ਵਾਲੀਆਂ ਸਿਰਫ 3 ਤੋਂ 5 ਮਿਲੀਮੀਟਰ ਹੀ ਮੋਟੀਆਂ ਹੁੰਦੀਆਂ ਹਨ। ਭਾਵੇਂ ਜਾਗਦੇ ਹੋਵੋ ਤੇ ਭਾਵੇਂ ਸੁੱਤੇ, ਦਿਲ ਦੇ ਇਹਨਾਂ ਕਮਰਿਆਂ



ਦੇ ਅੰਦਰ, ਲਹੂ ਹੀ ਭੱਜਾ ਫਿਰਦਾ ਰਹਿੰਦਾ ਹੈ ।

ਖੱਬੇ ਪਾਸੇ ਵਾਲੇ, ਉਤਲੇ ਤੇ ਹੇਠਲੇ ਕਮਰਿਆਂ 'ਚ, ਫੇਫੜਿਆਂ ਤੋਂ ਆਕਸੀਜਨ ਲੈ ਕੇ ਆਏ ਹੋਏ ਲਹੂ ਨੂੰ ਪੰਪ ਕਰਕੇ ਦਿਲ, ਸਾਰੇ ਸਰੀਰ ਦੇ ਅੰਗਾਂ ਤੇ ਤੰਤੂਆਂ ਤੱਕ ਆਕਸੀਜਨ ਪਚਾਉਂਦਾ ਹੈ ਜਦ ਕਿ ਸੱਜੇ ਪਾਸੇ ਵੱਲ, ਸਾਰੇ ਸਰੀਰ ਤੋਂ 'ਕੱਠੇ ਕੀਤੇ ਆਕਸੀਜਨ ਵਿਹੂਣੇ (ਕਾਰਬਨ ਡਾਇਕਸਾਇਡ ਵਾਲੇ) ਲਹੂ ਨੂੰ ਪੰਪ ਕਰਕੇ ਫੇਫੜਿਆਂ ਵੱਲ ਧੱਕਦਾ ਹੈ। ਆਕਸੀਜਨ ਵਾਸਤੇ ਦਿਲ ਦੇ ਆਪਣੇ ਖੁਦ ਦੇ ਪੱਠਿਆਂ ਨੂੰ ਲਹੂ ਦੀ ਨਿਰਵਿਘਨ ਤੇ ਲੋੜੀਂਦੀ ਮਾਤਰਾ ਵਿੱਚ ਸਪਲਾਈ ਚਾਹੀਦੀ ਹੁੰਦੀ ਹੈ। ਜੇਕਰ ਦਿਲ ਦੀਆਂ ਲਹੂ–ਨਾੜੀਆਂ ਦੇ ਅੰਦਰ ਕੋਲੈਸਟਰੋਲ ਜੰਮ ਜਾਵੇ ਤਾਂ ਉਹਨਾਂ ਦੇ ਬੋਰ ਤੰਗ ਹੋ ਜਾਣ; ਜਾਂ ਬੰਦ ਹੀ ਹੋ ਜਾਣ ਤਾਂ ਉਹਨੂੰ ਦਿਲ ਦਾ ਦੌਰਾ ਕਹਿੰਦੇ ਹਨ , ਜਾਂ ਮੌਤ ਹੋ ਜਾਂਦੀ ਹੈ।

ਅੱਜ ਦੇ ਦਿਲ ਵਾਲਾ ਬੰਦਾ, ਜਿਹਦਾ ਦਿਲ ਅਜੇ 55 ਕੁ ਸਾਲ ਹੀ ਧੜਕਿਆ ਸੀ, ਧਰਮਪੁਰ (ਹਿਮਾਚਲ) 'ਚ ਸੜਕ ਦੇ ਕੰਢੇ ਮ੍ਰਿਤਕ ਪਾਇਆ ਗਿਆ ਸੀ, ਵਿਚਾਰਾ ਘਰੋਂ ਕੋਈ ਚੀਜ਼ ਲੈਣ ਗਿਆ ਪਰ ਵਾਪਸ ਨਾ ਅਇਆ। ਸੋ ਪੋਸਟਮਾਰਟਮ ਕਰਕੇ ਮੌਤ ਦਾ ਕਾਰਣ ਲੱਭਣ ਦੀ ਕੋਸ਼ਿਸ਼ ਕੀਤੀ ਗਈ। ਜਾਂਚ ਤੋਂ ਪਤਾ ਲੱਗਾ ਕਿ ਦਿਲ ਦੀਆਂ ਲਹੂ ਵਾਲੀਆਂ ਕਾਫੀ ਨਾੜੀਆਂ ਬੰਦ ਸਨ, ਇੱਥੋਂ ਤੱਕ ਕਿ ਉਹਨਾਂ ਅੰਦਰ ਕੈਲਸ਼ੀਅਮ ਜੰਮਿਆ ਪਿਆ ਸੀ।

ਸੋ ਅਸੀਂ ਕੋਸ਼ਿਸ਼ ਕਰੀਏ ਕਿ ਦਿਲ ਨੂੰ ਤੰਦਰੁਸਤ ਰੱਖਣ ਲਈ ਕੰਮ–ਕਾਰ, ਵਰਿਜ਼ਸ਼ ਕਰਿਆ ਕਰੀਏ, ਹਿਲਜੁਲ 'ਚ ਰਿਹਾ ਕਰੀਏ, ਲਿਫਟ ਦੀ ਥਾਂ 'ਤੇ ਪੌੜੀਆਂ ਵਰਤਿਆ ਕਰੀਏ, ਬੈਠੇ ਜਾਂ ਲੇਟੇ ਨਾ ਰਹੀਏ। ਕੰਮ ਤੇ ਵਰਿਜ਼ਸ਼ ਦੇ ਹਿਸਾਬ ਨਾਲ ਹੀ ਭੋਜਨ, ਘਿਓ ਵਗੈਰਾ ਖਾਈਏ ਤੇ ਗੋਗੜਾਂ ਨਾ ਵਧਾਈਏ ।

ਦਿਲ ਕਹਿੰਦਾ ਹੈ, "ਤੂੰ ਮੇਰੇ ਵਾਸਤੇ ਰੋਜ਼ 30 ਮਿੰਟ ਭੱਜਿਆ ਕਰ, ਮੈਂ ਤੇਰੇ ਵਾਸਤੇ ਸਾਰੀ ਉਮਰ ਦੌੜਦਾ ਰਹਾਂਗਾ"।


(ਡਾ:ਮਨਜੀਤ ਸਿੰਘ ਬੱਲ ਦੀ ਫੇਸਬੁੱਕ ਉੱਪਰੋਂ ਪੰਜਾਬੀ ਅਖਬਾਰ ਦੇ ਪਾਠਕਾਂ ਦੀ ਸਿਹਤਯਾਬੀ ਲਈ ਕਾਪੀ ਕੀਤਾ)



ਬਲਵਿੰਦਰ ਕੌਰ ਬਰਾੜ
403 590 9629

# ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ।

ਮੂਲ ਨੂੰ ਪਛਾਨਣਾ ਤਾਂ ਇੱਕ ਪਾਸੇ ਰਿਹਾ, ਇਹ ਤਾਂ ਸੋਚਣ ਦੀ ਵਿਹਲ ਈ ਨੀ ਲੱਗਦੀ, ਫੁੱਟਬਾਲ ਵਾਂਗੂ ਜਿੱਧਰੋਂ ਕਿੱਕ ਵੱਜਦੀ ਹੈ ਉੱਧਰ ਨੂੰ ਹੀ ਭੱਜੇ ਫਿਰਦੇ ਹਾਂ। ਸਾਡੇ ਸੰਵਿਧਾਨ ਦੀ ਪਹਿਲੀ ਸਤਰ ਹੀ ਇਹ ਹੈ ਕਿ ਖਣੋ ਠਹੇ ਸ਼ੲਲਡ ਆਪਣੇ ਆਪ ਨੂੰ ਪਛਾਣੋ। ਪਿੰਡ ਇੱਕ ਮਾਤਾ ਦਸਦੀ ਸੀ ਕਿ ਮੇਰਾ ਮਨ ਤਾਂ ਥਾਲ਼ੀ ਵਿਚਲੇ ਪਾਣੀ ਵਾਂਗ ਡੋਲਦਾ ਕਦੇ ਤੋਲ਼ਾ ਕਦੇ ਮਾਸਾ ਹੋਇਆ ਰਹਿੰਦੈ। ਮਨ ਦੀ ਸਥਿਰਤਾ ਨੂੰ ਕਿੰਨੇ ਹੀਲੇ ਕਰ ਵੇਖੋ, ਇਹ ਭਟਕਣ ਦੇ ਰਾਹ ਪੈ ਕੇ ਸਕੂਨ ਗਵਾ ਹੀ ਬੈਠਦਾ ਹੈ।ਘਰੋਂ ਬਾਹਰਲਾ ਮੌਸਮ ਤਾਂ ਕੁੱਝ ਦੇਰ ਠਹਿਰ ਹੀ ਜਾਂਦੈ ਪਰ ਮਨ ਦਾ ਮੌਸਮ ਤਾਂ ਪਲੋ ਪਲੀ ਬਦਲਦਾ ਹੀ ਰਿਹਾ ਹੈ। ਸਾਡੇ ਹਾਲਾਤ, ਸਾਡੀ ਦੌਲਤ, ਸਾਡੀ ਸਿਹਤ, ਸਾਡੀ ਔਲਾਦ, ਬਾਹਰ ਡਿਗਦੀ ਬਰਫ਼, ਹੋਰਨਾ ਦੀ ਜੇਬ ਵਿਚਲਾ ਵਜ਼ਨ ਤੇ ਹੋਰ ਪਤਾ ਨਹੀਂ ਕੀ ਕੀ ਇਸ ਮਨ ਤੇ ਭਾਰੂ ਹੋਇਆ ਰਹਿੰਦਾ ਹੈ।ਜਿਵੇਂ ਸ਼ਾਂਤ ਝੀਲ ਦੇ ਪਾਣੀ ਵਿੱਚ ਵੱਡਾ ਸਾਰਾ ਪੱਥਰ ਵਗਾਹ ਮਾਰੇ ਤੋਂ ਲਹਿਰਾਂ ਦੇ ਚੱਕਰ ਇੱਕ ਦੂਜੇ ਵਿੱਚ ਟਕਰਾਉਂਦੇ ਇੱਕ ਜਾਲ਼ ਜਿਹਾ ਬੁਣ ਧਰਦੇ ਨੇ, ਉਵੇਂ ਹੀ ਮਨ ਹਰ ਵਕਤ ਕਿਸੇ ਨਾ ਕਿਸੇ ਉਧੇੜਬੁਣ ਵਿੱਚ ਹੀ ਰੁੱਝਿਆ ਹੋਇਆ ਰਹਿੰਦਾ ਹੈ। ਅੰਗ੍ਰੇਜ਼ੀ ਦਾ ਕਵੀ ਕੌਲਰਿਜ ਆਖਦਾ ਹੈ ਜੇ ਤੁਸੀਂ ਉਦਾਸ ਹੋਵੋ ਸਾਰੀ ਕੁਦਰਤ ਹੀ ਰੋਂਦੀ ਲੱਗਦੀ ਹੈ। ਪਿੱਛੇ ਅਧੂਰੀਆਂ ਰਹੀਆਂ ਰੀਝਾਂ ਦਾ ਜਾਂ



ਆ ਰਹੇ ਸਮੇ ਦੀਆਂ ਲਾਲਸਾਵਾਂ ਦਾ ਪਿੱਛਾ ਕਰਦੇ ਅਸੀਂ ਸੋਚਾਂ ਹਵਾਲੇ ਹੋਏ ਸਾਵੇਂ ਨਹੀਂ ਰਹਿ ਸਕਦੇ। ਲੰਘ ਚਲੇ ਪਲਾਂ ਹਵਾਲੇ ਹੋਏ ਗੀਤ ਦੀ ਸਤਰ ਹੈ –

**ਹੱਸ ਵੇ ਮਨਾ ਕਦੇ ਖੇਡ ਵੇ ਮਨਾ,**
**ਏਸ ਜੱਗ ਤੇ ਨੀ ਆਉਣਾ ਫੇਰ ਵੇ ਮਨਾ।**

ਸਾਡੇ ਅੰਤਰਮਨ ਵਿੱਚ ਪਈਆਂ ਗੱਠਾਂ ਕਾਰਨ ਹਰ ਸਮੇ ਚੀਸ ਕਰਵਟ ਲੈਂਦੀ ਹੈ। ਸਮਾਜ ਦੁਆਲ਼ੇ ਵਗਲ਼ੀਆਂ ਲਛਮਣ–ਰੇਖਾਵਾਂ ਅੰਦਰ ਆਪਣਾ ਆਪ ਸਾਂਭਦੇ ਅਸੀਂ ਹਵਾਵਾਂ ਨੂੰ ਉਠ–ਉਠ ਦਰ ਖੋਲ੍ਹਦੇ ਹਾਂ। ਬੇ ਸਿਰ–ਪੈਰ ਸੋਚਾਂ ਹਵਾਲੇ ਬਸ ਮਧੋਲੇ ਜਾਂਦੇ ਹਾਂ। ਅਸੀਂ ਜਦੋਂ ਛੋਟੇ ਸੀ, ਸਾਡੀ ਕੋਈ ਜ਼ਿਦ, ਖਾਸ ਕਰ ਕੇ ਧੀਆਂ ਦੀ, ਨਹੀਂ ਪੁੱਗਦੀ ਸੀ। ਉਸ ਸਮੇ ਘਰ ਦਿਆਂ ਤੇ ਹਰਖ ਆਉਂਦਾ ਸੀ ਪਰ ਹੁਣ ਲੱਗਦਾ ਹੈ ਸਬਰ–ਸੰਤੋਖ ਦਾ ਉਹ ਵੱਡਾ ਪਾਠ ਅੱਜ ਤਕ ਕਾਇਮ ਹੈ ਜਿੱਥੇ ਦੇਖ ਪਰਾਈ ਚੋਪੜੀ ਨਾ ਤਰਸਾਏ ਜੀਅ ਸਿੱਖ ਲਿਆ ਸੀ। ਅਧਵਾਟੇ ਛੱਡੀਆਂ ਇਹ ਸੱਧਰਾਂ ਸਾਡੇ ਸੁਭਾਅ, ਸਾਡੇ ਵਿਵਹਾਰ ਅਤੇ ਹੋਰਨਾ ਨਾਲ ਵਰਤਾਰੇ ਦਾ ਵੱਡਾ ਹਿੱਸਾ ਹੋ ਜਾਂਦੀਆਂ ਹਨ।

ਸਾਡੀ ਗਲ਼ੀ ਦੀ ਇੱਕ ਔਰਤ ਦਾ ਪਤੀ ਬਾਹਰ ਲੋਕਾਂ ਨਾਲ ਹਸਦਾ ਖੇਡਦਾ ਜਦ ਘਰ ਵੜਦਾ ਕੌੜ–ਕੌੜ ਝਾਕਦਾ ਪੂਰਾ ਰੋਅਬ ਰੱਖਦਾ ਸੀ ਉਹ ਔਰਤ ਗਿੱਧੇ ਵਿੱਚ ਬੋਲੀ ਪਾਉਂਦੀ ਸੀ –

**ਕਦੇ ਨਾ ਆਇਆ ਵੇ ਤੂੰ ਹੱਸਦਾ ਖੇਡਦਾ,**
**ਮੱਥੇ ਉੱਤੇ ਰੱਖੇਂ ਸੌ ਤਿਉੜੀ ਕਰ ਕੇ।**
**ਤੈਨੂੰ ਦੱਬ ਕਿਉਂ ਨਾ ਦਿੱਤਾ ਵੇ ਕੁੜੀ ਕਰ ਕੇ।**

ਅਸਲ ਵਿੱਚ ਮਨ ਤੋਂ ਵੱਧ ਉਪਜਾਊ ਥਾਂ ਹੀ ਕੋਈ ਨਹੀਂ, ਉੱਥੇ ਜੋ ਵੀ ਬੀਜ ਬੀਜੀਏ, ਉਹੀ ਮੌਲਦਾ ਹੈ, ਚਾਹੇ ਪਿਆਰ ਹੋਵੇ ਜਾਂ ਨਫ਼ਰਤ। ਸਵਾਮੀ ਵਿਵੇਕਾ ਨੰਦ ਨੇ ਅਨੰਦ ਦੀ ਪ੍ਰੀਭਾਸ਼ਾ ਦਿੰਦਿਆਂ ਆਖਿਆ ਸੀ – ਇੱਕ ਇੱਛਾ ਪੂਰੀ ਹੋਣ ਪਿੱਛੋਂ ਦੂਜੀ ਦੇ ਪੈਦਾ ਹੋਣ ਵਿਚਲਾ ਵਕਫ਼ਾ ਹੀ ਅਨੰਦ ਹੈ। ਪਰ ਅਸੀਂ ਇਨ੍ਹਾਂ ਲਾਲਸਾਵਾਂ ਦੀ ਇੱਕ ਲੰਮੀ ਸੂਚੀ ਰੱਬ ਮੂਹਰੇ ਪਰੋਸਣ ਲਈ ਤਿਆਰ ਹੀ ਰੱਖਦੇ ਹਾਂ। ਸਾਰੀ ਉਮਰ ਇਨ੍ਹਾਂ ਦਾ ਪਿੱਛਾ ਕਰਦਿਆਂ ਹੀ ਲੰਘ ਜਾਂਦੀ ਹੈ। ਹੋਰ ਤਾਂ ਹੋਰ ਉਮਰ ਦੇ ਪਿਛਲੇ ਪਹਿਰੇ ਤੱਕ ਵੀ ਇਹ ਸੱਧਰਾਂ ਨਹੀਂ ਆਠਰਦੀਆਂ। ਮੈਂ ਕਈ ਬਜ਼ੁਰਗਾਂ ਨੂੰ ਲਾਲਚ–ਵੱਸ ਹੀ ਸਾਹਾਂ ਦੀ ਮੁਹਲਤ ਪੁਗਾ ਜਾਂਦੇ ਸੁਣਿਆ ਹੈ। ਅਧੂਰੇ ਹੀ ਜਿਉਂ ਕੇ ਅਸੀਂ ਮੌਤ ਕੋਲ ਜਾ ਕੇ ਹੀ ਪੂਰੇ ਹੁੰਦੇ ਹਾਂ। ਬਾਬਾ ਨਾਨਕ ਨੇ ਮਨ ਜੀਤੇ ਜੱਗ ਜੀਤ ਦੀ ਜੋ ਸਿੱਖਿਆ ਦਿੱਤੀ ਹੈ, ਇਨ੍ਹਾਂ ਇੱਛਾਵਾਂ ਤੇ ਹੀ ਕਾਬੂ ਪਾਉਣ ਲਈ ਦਿੱਤੀ ਹੋਣੀ ਹੈ। ਪਰ ਅਸੀਂ ਆਖਰੀ ਸਾਹ ਤੱਕ ਇਨ੍ਹਾਂ ਦਾ ਪਿੱਛਾ ਕਰਦੇ ਅੱਡੀਆਂ ਚੁੱਕ–ਚੁੱਕ ਫਾਹਾ ਲੈਂਦੇ ਹਾਂ। ਸਾਡੀ ਇਸ ਔਲਾਦ ਨੂੰ ਚਾਰ ਹਜ਼ਾਰ ਵੱਧ ਜਾਂ ਘੱਟ ਦੇ ਜਾਣ ਨਾਲ ਕੋਈ ਖਾਸ ਫ਼ਰਕ ਨਹੀਂ ਪੈਣਾ। ਹੁਣ ਸੋਚ ਬਦਲਣੀ ਪਵੇਗੀ। ਜੇ ਦਰਦ ਹੈ ਤਾਂ ਤੁਸੀਂ ਜ਼ਿੰਦਾ ਹੋ ਤੇ ਜੇ ਹੋਰਨਾ ਦਾ ਦਰਦ ਹੈ ਤਾਂ ਹਾਲੇ ਇਨਸਾਨੀਅਤ ਜ਼ਿੰਦਾ ਹੈ। ਆਓ ਆਪਾਂ ਇਸ ਦਰਦ ਦੀ ਥਾਹ ਪਾਈਏ। ਸਾਹਾਂ ਦੀ ਇਸ ਸੁੱਚ ਨਾਲ ਸਾਡੇ ਕਿਰਦਾਰ ਦਾ ਡੂੰਘਾ ਸੰਬੰਧ ਹੁੰਦਾ ਹੈ।


ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263


# ਅਰਪਨ ਲਿਖਾਰੀ ਸਭਾ ਦੀ ਮਾਸਿਕ ਮਿਲਣੀ ਦੌਰਾਨ, ਸ਼ਹੀਦ ਭਗਤ ਸਿੰਘ ਅਤੇ ਗਾਂਧੀ ਵਿਚਾਰਧਾਰਾ ਵਿਚਲੇ ਅੰਤਰ ਬਾਰੇ ਗੰਭੀਰਤਾ ਨਾਲ ਚਿੰਤਨ ਹੋਇਆ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਅਕਤੂਬਰ ਮਹੀਨੇ ਦੀ ਮਾਸਿਕ ਮੀਟਿੰਗ ਡਾ. ਜੋਗਾ ਸਿੰਘ ਅਤੇ ਕੇਸਰ ਸਿੰਘ ਨੀਰ ਦੀ ਪ੍ਰਧਾਨਗੀ ਹੇਠ ਅੱਠ ਅਕਤੂਬਰ ਨੂੰ ਕੋਸੋ ਹਾਲ ਵਿੱਚ ਹੋਈ। ਸਭਾ ਦੇ ਸਕੱਤਰ ਜਸਵੰਤ ਸਿੰਘ ਸੇਖੋਂ ਨੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆ ਆਖਿਆ। ਸ਼ੋਕ ਸਮਾਚਾਰ ਸਾਂਝੇ ਕਰਦਿਆਂ ਨਾਮਵਰ ਸ਼ਖ਼ਸੀਅਤਾਂ, ਨਾਨਕਸ਼ਾਹੀ ਕਲੰਡਰ ਦੇ ਸਿਰਜਿਕ ਪਾਲ ਸਿੰਘ ਪੁਰੇਵਾਲ, ਹਾਕੀ ਜਗਤ ਦੇ ਨਾਮਵਰ ਓਲੰਪੀਅਨ ਖਿਡਾਰੀ ਅਮਰ ਸਿੰਘ ਮਾਂਗਟ, ਲੇਖਕ ਅਤੇ ਵਿਗਿਆਨੀ ਗੁਰੂਮੇਲ ਸਿੰਘ ਸਿੱਧੂ ਅਤੇ ਬੀਬੀ ਹਰਮਿੰਦਰ ਕੌਰ ਚੁੱਘ ਦੇ ਵਿਛੋੜੇ ਬਾਰੇ ਜਾਣਕਾਰੀ ਸਾਂਝੀ ਕੀਤੀ।ਸਭਾ ਵੱਲੋਂ ਵਿੱਛੜੀਆਂ ਸ਼ਖ਼ਸੀਅਤਾਂ ਨੂੰ ਇੱਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ।ਕੇਸਰ ਸਿੰਘ ਨੀਰ ਨੇ ਇੰਨ੍ਹਾਂ ਵਿੱਛੜੀਆਂ ਸ਼ਖ਼ਸੀਅਤਾਂ ਬਾਰੇ ਸੰਖੇਪ ਅਤੇ ਭਾਵਪੂਰਤ ਜਾਣਕਾਰੀ ਸਾਂਝੀ ਕੀਤੀ।ਸਭਾ ਵੱਲੋਂ ਪਰਿਵਾਰਾਂ ਨਾਲ ਦੁੱਖ ਦਾ ਇਜ਼ਹਾਰ ਕਰਦਿਆਂ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਜਸਵੀਰ ਸਿੰਘ ਸਿਹੋਤਾ ਨੇ ਇੱਕ ਕਵਿਤਾ ਰਾਹੀਂ ਹਾਜ਼ਰੀ ਲਗਵਾਈ। ਲਖਵਿੰਦਰ ਸਿੰਘ ਜੌਹਲ ਨੇ ਅੱਜ ਦੀ ਰਾਜਨੀਤੀ ਤੇ ਟਕੋਰ ਕਰਦੀ ਕਵਿਤਾ ਸੁਣਾਈ। ਡਾ. ਮਨਮੋਹਨ ਸਿੰਘ ਬਾਠ ਨੇ ਇੱਕ ਗੀਤ ਸਾਜਾਂ ਦੀ ਧੁਨ ਤੇ ਸੁਣਇਆ। ਸੁਰਿੰਦਰ ਸਿੰਘ ਢਿੱਲੋਂ ਨੇ ਸਿੱਖ ਧਰਮ ਦੇ ਨਾਨਕਸ਼ਾਹੀ ਕਲੰਡਰ ਬਾਰੇ ਪੁਰੇਵਾਲ ਦੇ ਪਾਏ ਯੋਗਦਾਨ ਦੀ ਗੱਲ ਨੂੰ ਕਰਦਿਆਂ ਆਪਣੀ ਇੰਡੀਅਨ ਏਅਰ ਫੋਰਸ ਦੀ ਸਰਵਿਸ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ। ਪੈਰੀ ਮਾਹਲ ਨੇ ਅੱਜ ਦੇ ਪੰਜਾਬ ਦੇ ਰਾਜਨੀਤਿਕ ਅਤੇ ਸਮਾਜਿਕ ਮਹੌਲ ਬਾਰੇ ਵਿਚਾਰ ਰੱਖੇ। ਮਾਹਲ ਨੇ ਸ਼ੇਰੇ–ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਅਣਜਾਣੇ ਇਤਿਹਾਸਕ ਤੱਤਾਂ ਬਾਰੇ ਜਾਣਕਾਰੀ ਦਿੱਤੀ। ਕਹਾਣੀਕਾਰਾ ਗੁਰਚਰਨ ਕੌਰ ਥਿੰਦ ਨੇ 'ਸੁਪਨੇ' ਨਾਂ ਦੀ ਕਵਿਤਾ ਰਾਹੀਂ ਕੁਝ ਤਲਖ਼ ਹਕੀਕਤਾਂ ਨੂੰ ਸਾਹਮਣੇ ਰੱਖਿਆ। ਲੇਖਕ ਅਤੇ ਕਵੀਸ਼ਰ ਜਸਵੰਤ ਸਿੰਘ ਸੇਖੋਂ ਨੇ ਦਿਵਾਲੀ ਨਾਂ ਦੀ ਕਵਿਤਾ ਕਵੀਸ਼ਰੀ ਰੰਗ ਵਿੱਚ ਪੇਸ਼ ਕੀਤੀ। ਸੰਗੀਤਕ ਧੁਨਾਂ ਦੇ ਮਾਹਿਰ ਡਾ. ਜੋਗਾ ਸਿੰਘ ਨੇ ਜਿੰਦਗੀ ਦਾ ਫ਼ਲਸਫਾ ਪੇਸ਼ ਕਰਦਾ ਇੱਕ ਗੀਤ ਅਤੇ ਇੱਕ ਉਰਦੂ ਦੀ ਗ਼ਜ਼ਲ ਕੈਸ਼ੀਓ ਨਾਲ ਪੇਸ਼ ਕੀਤੀ ਜਿਸ ਨੂੰ ਸਰੋਤਿਆਂ ਵੱਲੋਂ ਬਹੁਤ ਸਲਾਹਿਆ ਗਿਆ। ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੇ ਡਾ. ਗੁਰੂਮੇਲ ਸਿੰਘ ਦੇ ਵਿਛੋੜੇ ਨੂੰ ਪੇਸ਼ ਕਰਦੀ ਇੱਕ ਕਵਿਤਾ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਜਰਨੈਲ ਸਿੰਘ ਤੱਗੜ ਨੇ ਮਲਕੀਤ ਸਿੰਘ ਸਿੱਧੂ ਦੀ ਲਿਖੀ ਇੱਕ ਕਵਿਤਾ ਅਤੇ ਪਾਲ ਢਿੱਲੋਂ ਦੀ ਇੱਕ ਗ਼ਜ਼ਲ ਪੇਸ਼ ਕੀਤੀ। ਵਾਤਾਵਰਨ ਨੂੰ ਧੁੰਦਲਾ ਕਰਨ ਦੇ ਖ਼ਿਲਾਫ਼, ਕੁਲਦੀਪ ਕੌਰ ਘਟੋੜਾ ਨੇ 'ਧਰਤੀ ਦੀ ਪੁਕਾਰ' ਜੋ ਮੁੱਨਖਤਾ ਨੂੰ ਹਲੂਣਾ ਦਿੰਦੀ ਕਵਿਤਾ ਸੁਣਾ ਕੇ ਸਰੋਤਿਆਂ ਨੂੰ ਸੋਚੀਂ ਪਾਇਆ। ਸ਼ਾਇਰ ਪਰਮਜੀਤ ਭੰਗੂ ਨੇ ਜ਼ੱਲਿਆਂ ਵਾਲੇ ਬਾਗ ਦੇ ਦੁਖ਼ਾਂਤ ਨੂੰ ਬਿਆਨ ਕਰਦੀ ਅਤੇ ਊਧਮ ਸਿੰਘ ਦੇ ਜਜ਼ਬਾਤਾਂ ਨੂੰ ਪੇਸ਼ ਕਰਦੀ ਕਵਿਤਾ ਨੇ ਸਰੋਤਿਆਂ ਵਿੱਚ ਜੋਸ਼ ਭਰ ਦਿੱਤਾ। ਨਛੱਤਰ ਸਿੰਘ ਪੁਰਬਾ ਨੇ ਨਸ਼ਿਆਂ ਦੇ ਨਰਕ ਨੂੰ ਪੇਸ਼ ਕਦੀ ਦੁਖਦਾਈ ਦਾਸਤਾਨ ਅਤੇ ਆਪਣੇ ਵਿਗਿਆਨ ਗਿਆਨ ਦੀ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ। ਮਾ. ਜੀਤ ਸਿੰਘ ਸਿੱਧੂ ਨੇ ਜੰਗ ਅਤੇ ਅਮਨ ਨਾਂ ਦੀ ਕਵਿਤਾ ਹਾਰੀਂ ਨਿਹਾਲ ਕੀਤਾ। ਜਗਦੇਵ ਸਿੰਘ ਸਿੱਧੂ ਨੇ ਲੋਕ–ਨਾਇਕ, ਸ਼ਹੀਦ ਭਗਤ ਸਿੰਘ ਅਤੇ ਗਾਂਧੀ ਦੀ ਵਿਚਾਰਧਾਰਾ ਵਿਚਲੇ ਅੰਤਰ ਬਾਰੇ ਗੰਭੀਰਤਾ ਨਾਲ ਚਿੰਤਨ ਕੀਤਾ। ਨਾਲ ਹੀ ਕੈਨੇਡਾ ਦੇ ਇਤਿਹਸਕ ਦੁਖਾਂਤ, ਨੇਟਿਵ ਬੱਚਿਆਂ ਦੇ ਦਿਵਸ ਦੀ ਗੱਲ ਵੀ ਕੀਤੀ ਕਿ ਉਨ੍ਹਾਂ ਬੱਚਿਆਂ ਨੂੰ, ਜਿੰਨ੍ਹਾਂ ਨੂੰ ਚੰਗੇ ਭਵਿੱਖ ਦੇ ਨਾਂ ਤੇ ਘਰਾਂ ਅਤੇ ਮਾਪਿਆਂ ਤੋਂ ਦੂਰ ਦੁਰਾਡੇ ਲਿਜਾਇਆ ਗਿਆ ਪਰ ਉਹ ਮੁੜ ਘਰਾਂ ਨੂੰ ਨਾ ਪਰਤਿਆਂ, ਦਾ ਦੁੱਖ ਸਾਂਝਾ ਕੀਤਾ। ਸਤਨਾਮ ਸਿੰਘ ਢਾਅ ਨੇ ਤਲਖ਼ ਹਕੀਤਤਾਂ ਨੂੰ ਬਿਆਨ ਕਰਦੀਆਂ ਕਾਵਿ–ਵੰਨਗੀਆਂ, ਵੱਖ ਵੱਖ ਸ਼ਾਇਰਾਂ ਦੇ ਵਿਚਾਰਾਂ ਨੂੰ ਸਰੋਤਿਆਂ ਦੇ ਸਨਮੁਖ ਕੀਤਾ। ਇਨ੍ਹਾਂ ਤੋ ਇਲਾਵਾ ਪ੍ਰੋ. ਸੁਖਵਿੰਦਰ ਸਿੰਘ ਥਿੰਦ, ਇਕਬਾਲ ਖ਼ਾਨ, ਹੈੱਡਮਾਸਟਰ ਅਮਰ ਸਿੰਘ ਕਿੰਗਰਾ ਅਤੇ ਸੁਬਾ ਸ਼ੇਖ ਨੇ ਇਸ ਸਾਹਿਤਕ ਚਰਚਾ ਵਿੱਚ ਵਿਸ਼ੇਸ਼ ਯੋਗਦਾਨ ਪਇਆ।ਅਖ਼ੀਰ ਤੇ ਸਤਨਾਮ ਸਿੰਘ ਢਾਅ ਨੇ ਆਏ ਹੋਏ ਸਾਹਿਤਕਾਰਾਂ ਸਾਹਿਤ ਪ੍ਰੇਮੀਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਅਗਲੀ ਮੀਟਿੰਗ ਜੋ 12 ਨੰਵਬਰ ਲਈ ਸੱਦਾ ਦਿੱਤਾ। ਹੋਰ ਜਾਣਕਾਰੀ ਲਈ 403-681-3132 'ਤੇ ਜਸਵੰਤ ਸਿੰਘ ਸੇਖੋਂ, 403-285-6091 'ਤੇ ਸਤਨਾਮ ਸਿੰਘ ਢਾਅ ਨੂੰ ਸੰਪਰਕ ਕੀਤਾ ਜਾ ਸਕਦਾ ਹੈ।

# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 31 ਸਾਲ,ਕੱਦ 5 ਫੁੱਟ 10 ਇੰਚ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਭਰਾ ਅਤੇ ਭੈਣ ਕਨੇਡੀਅਨ ਪੀ ਆਰ ਹਨ। ਸਾਰਾ ਪਰਿਵਾਰ ਐਡਮੰਟਨ ਵੈੱਲ ਸੈਟਲਡ ਹੈ। ਸੰਪਰਕ: 403 923 8025 ਜਾਂ 1 825 522 1954 ***211**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, BSc, Health care diploma, ਕਨੇਡਾ ਵਿੱਚ ਹੀ ਚੰਗੀ ਜੌਬ ਕਰ ਰਹੇ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕਨੇਡਾ ਦੇ ਸੈਸਕੈਚਵਾਨ ਸੂਬੇ ਵਿੱਚ ਵੈੱਲ ਸੈਟਲਡ ਹੈ। ਸੰਪਰਕ: 306 580 4935 ***211***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵੈਸ਼ਨੂੰ ਹੈ ਅਤੇ ਉਸ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***212***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਉਮਰ 28 ਸਾਲ,ਕੱਦ 5 ਫੁੱਟ 4 ਇੰਚ, ਧਾਲੀਵਾਲ (ਨਾਈ ਸਿੱਖ) ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਕਨੇਡਾ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਅਤੇ ਇੰਡੀਆ ਤੋਂ ਬੈਚੂਲਰ ਡਿਗਰੀ ਹੈ। ਸੰਪਰਕ: 587 839 1530 ਜਾਂ ਈ ਮੇਲ : jagdevssingh12@gmail.com ***211***

## ਲੜਕੇ ਦੀ ਲੋੜ

ਕਨੇਡੀਅਨ ਬੌਰਨ, 1990,ਕੱਦ 5 ਫੁੱਟ 7 ਇੰਚ,ਕਨੇਡਾ ਦੀ ਲੈਥਬਰਿੱਜ ਯੂਨੀਵਰਸਿਟੀ ਤੋਂ ਬੈਚੂਲਰ ਆਫ ਮੈਨੇਜਮੈਂਟ (ਅਕਾਊਂਟਿੰਗ ਮੇਜਰ) ਦੀ ਡਿਗਰੀ ਹੋਲਡਰ,ਜੱਟ ਸਿੱਖ ਬਰਾੜ ਪਰਿਵਾਰ ਦੀ ਸੋਹਣੀ ਸੁਨੱਖੀ ਚੰਗੀ ਨਾਮਵਰ ਕੰਪਨੀ ਵਿੱਚ ਜੌਬ ਕਰਦੀ ਲੜਕੀ ਲਈ ਕਨੇਡਾ ਦੇ ਹੀ ਜਨਮੇ, ਅਤੇ ਕਨੇਡਾ ਵਿੱਚ ਹੀ ਪੜੇ ਲਿਖੇ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 891 7072 ***211***

## ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਬਾਠ ,ਤਲਾਕਸੁਦਾ ਉਮਰ 42 ਸਾਲ ,ਕੱਦ 5 ਫੁੱਟ 7 ਇੰਚ,ਲਈ ਹਾਣ ਪ੍ਰਵਾਨ ਦੀ ਜੀਵਨ ਸਾਥਣ ਦੇ ਰਿਸ਼ਤੇ ਦੀ ਲੋੜ ਹੈ। 2 ਬੱਚੇ ਜੋ ਕਿ 18 ਸਾਲ ਤੋਂ ਵੱਧ ਉਮਰ ਦੇ ਹਨ ਉਹ ਮਾਂ ਨਾਲ ਰਹਿੰਦੇ ਹਨ। ਬਿਨਾ ਬੱਚਿਆਂ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 825 438 9687 ਜਾਂ 403 560 7894 ***211***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1988,ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਫੀਜੀਓਥਰੈਪੀ,ਜੋ ਕਿ ਫੀਜੀਓਥਰੈਪੀ ਦੇ ਕਲਿਨੀਕਲ ਇਮਤਿਹਾਨ ਦੀ ਉਡੀਕ ਵਿੱਚ ਹੈ ਲਈ ਕਨੇਡਾ ਤੋਂ ਹੀ ਬਰਾਬਰ ਦੀ ਯੋਗਤਾ ਵਾਲੇ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 400 6017 ,825 365 6017 ਜਾਂ ਵਟਸ ਐਪ 91 9646618381 ***210***

## ਲੜਕੇ/ਲੜਕੀ ਦੀ ਲੋੜ

ਸਿੱਧੂ ਪਰਿਵਾਰ ਦੀ ਕਨੇਡੀਅਨ ਪੀ ਆਰ ਲੜਕੀ ,ਜਨਮ 1990 ਅਤੇ ਇੰਡੀਆ ਰਹਿੰਦੇ ਲੜਕੇ ਜਨਮ 1992 ਲਈ ਰਿਸ਼ਤਿਆਂ ਦੀ ਲੋੜ ਹੈ ।
ਪਰਿਵਾਰ ਰਾਧਾ ਸਵਾਮੀ ਹੈ ਸੋ ਰਾਧਾਸਵਾਮੀ ਪਰਿਵਾਰ ਹੀ ਸੰਪਰਕ ਕਰਨ। ਕਾਲ: 1 204 698 8659***206***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਬਦੇਸਾ ਪਰਿਵਾਰ ਦੇ ਉੱਚੇ ਲੰਮੇ ਸੋਹਣੇ ਸੁਨੱਖੇ ਗੱਭਰੂ,ਉਮਰ 28 ਸਾਲ,ਕੱਦ 6 ਫੁੱਟ 3 ਇੰਚ ,ਨਾਨ ਸਮੋਕਰ, ਨਾਨ ਡਰਿੰਕਰ,ਚੰਗੀ ਜੌਬ ਕਰਦੇ ਬੈਚੂਲਰ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 351 1849 ***206***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਤੂਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਸੋਹਣੇ ਸੁਨੱਖੇ,(Never Married) ਉਮਰ 37 ਸਾਲ,ਕੱਦ 5 ਫੁੱਟ 10 ਇੰਚ, ਸਾਫਟਵੇਅਰ ਇੰਜੀਨੀਅਰ ਦੀ ਨੌਕਰੀ ਕਰਦੇ, ਨਾਨ ਡਰਿੰਕਰ ਲੜਕੇ ਲਈ ਪ੍ਰੋਫੈਸਨਲ ਕੁਆਲੀਫਾਈਡ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ ਜਾਂ ਵਟਸਐਪ 403 470 9599 ***210***

## ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020***220***

## ਲੜਕੇ ਦੀ ਲੋੜ

ਜੱਟ ਸਿੱਖ ਔਲਖ ਪਰਿਵਾਰ ਦੀ,ਬੀਤੇ 4 ਸਾਲ ਵਰਕ ਪਰਮਿਟ ਉੱਪਰ ਤੋਂ ਸਾਈਪ੍ਰਸ ਰਹਿ ਰਹੀ ਲੜਕੀ, ਉਮਰ 30 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ : ਜੀ ਐਨ ਐਮ ਨਰਸਿੰਗ, 2 ਸਾਲ ਦਾ ਹਸਪਤਾਲ ਵਿੱਚ ਜੌਬ ਕਰਨ ਦਾ ਤਜ਼ਰਬਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਉੱਪਰ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ। ਕਾਲ: 403 681 7586 ***210***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਆਰ ਐਨ ਦੀ ਚੰਗੀ ਜੌਬ ਕਰਦੀ ਲੜਕੀ ,ਜਨਮ 1991, ਕੱਦ 5 ਫੁੱਟ 2 ਇੰਚ, ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸਤੇ ਦੀ ਲੋੜ ਹੈ। ਲੜਕਾ ਵੈਜੀਟੇਰੀਅਨ ਅਤੇ ਨਾਨ ਡਰਿੰਕਰ ਹੋਣਾ ਚਾਹੀਦਾ ਹੈ। ਸੰਪਰਕ: 403 618 5457 ***205**

## ਲੜਕੀ ਦੀ ਲੋੜ

ਕਨੇਡਾ ਦੇ ਵਿਜਟਰ ਵੀਜੇ ਉੱਪਰ ਆਏ ਪੜੇ ਲਿਖੇ ਸਿੱਖ ਪਰਿਵਾਰ ਦੇ ਲੜਕੇ ,ਜਨਮ 1985,ਕੱਦ 5 ਫੁੱਟ 9 ਇੰਚ,ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾ ਸਟੂਡੈਂਟ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਲੜਕਾ ਇੰਡੀਆ ਵਿੱਚ ਅਮਰੀਕਨ ਕੰਪਨੀ ਵਿੱਚ ਅਕਾਊਟੈਂਟ ਵੱਜੋਂ ਜੌਬ ਕਰ ਰਿਹਾ ਹੈ।ਲੜਕੇ ਦੀ ਭੈਣ ਕਨੇਡਾ ਵੈਲ ਸੈਟਲਡ ਹੈ। ਸੰਪਰਕ; 403 991 1717 , 403 671 1159 ***209***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜਨਮ 1990,ਕੱਦ 5 ਫੁੱਟ 11 ਇੰਚ, ਇੰਮੀਗ੍ਰੇਸਨ ਦਾ ਆਪਣਾ ਕਾਰੋਬਾਰ ਕਰਦੇ ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਲਈ ਹਾਣ ਪ੍ਰਵਾਣ ਦੀ ਚੰਗੀ ਪੜ੍ਹੀ ਲਿਖੀ ਖਾਨਦਾਨੀ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 561 2195 ਜਾਂ ਵਟਸਐਪ 9888622317***205***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸੰਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 28 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੈਚੂਲਰ ਆਫ ਬਿਜਨਿਸ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 778 246 4261***209***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸੰਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 23 ਸਾਲ, ਕੱਦ 6 ਫੁੱਟ , ਵਿਦਿਅਕ ਯੋਗਤਾ ਪਲੱਸ ਟੂ ਪਰ ਹਾਲੇ ਅਗਲੇਰੀ ਪੜ੍ਹਾਈ ਜਾਰੀ ਹੈ,ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਵੱਡਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਜਲਦੀ ਹੀ ਪੰਜਾਬ ਵਿਆਹ ਕਰਵਾਉਣ ਆ ਰਿਹਾ ਹੈ। ਪਰਿਵਾਰ ਇੱਕੋ ਸਮੇਂ ਦੋਵੇਂ ਵਿਆਹ ਕਰਨਾ ਚਾਹੁੰਦਾ ਹੈ। ਸੰਪਰਕ: 1 778 246 4261 ***209***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਬਦੇਸਾ ਪਰਿਵਾਰ ਦੀ ਲੜਕੀ, ਉਮਰ 29 ਸਾਲ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਸਾਇੰਸ ਇਨ ਨਰਸਿੰਗ (ਇੰਡੀਆ) ਲਈ ਹਾਣ ਪਰਵਾਣ ਦੇ ਕਨੇਡੀਅਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕਾਲ: 1 (780) 236-0082 ***209***

## ਲੜਕੇ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 25 ਸਾਲ, ਕੱਦ 5 ਫੁੱਟ, ਵਿਦਿਅਕ ਯੋਗਤਾ BSc, B ed, ਲਈ ਕੈਨੇਡਾ ਤੋਂ ਹੀ ਵੈਸ਼ਨੋ ਪਰਿਵਾਰ ਦੇ ਚੰਗੀ ਜੌਬ ਕਰਦੇ। ਚੰਗੇ ਪੜ੍ਹੇ ਲਿਖੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਟੀਚਰ ਦੀ ਜੌਬ ਕਰ ਰਹੀ ਹੈ। ਵਿਨੀਪੈਗ ਵਾਸੀ ਲੜਕੇ ਨੂੰ ਪਹਿਲ। ਸੰਪਰਕ:1 431 999 1448 ***209***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸੂਸ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ: 12 ਗਰੇਡ ਲਈ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਉੱਪਰ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 780 242 3430***209***

## ਲੜਕੇ ਦੀ ਲੋੜ

ਜੱਟ ਸਿੱਖ ਬਾਠ ਪਰਿਵਾਰ ਦੀ ਕਨੇਡਾ ਸਟੂਡੈਂਟ ਵੀਜੇ ਉੱਪਰ ਰਹਿ ਰਹੀ ਲੜਕੀ ਉਮਰ 23 ਸਾਲ, ਕੱਦ 5 ਫੁੱਟ 1 ਇੰਚ ,ਵਿਦਿਅਕ ਯੋਗਤਾ ਬਾਰਵੀਂ ਪਾਸ (ਮੈਡੀਕਲ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਮਾਤਾ ਪਿਤਾ ਲੈਕਚਰਾਰ ਹਨ। ਲੜਕੀ ਪੇਂਡੂ ਅਤੇ ਸਹਿਰੀ ਜਾਇਦਾਦ ਦੀ ਮਾਲਕ ਹੈ। ਸੰਪਰਕ: 204 295 0178 ***205***

## ਲੜਕੇ ਦੀ ਲੋੜ

ਪੰਜਾਬ ਰਹਿੰਦੀ ਜੱਟ ਸਿੱਖ ਪਰਿਵਾਰ ਦੀ ਲੜਕੀ,ਉਮਰ 32 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਬੀ ਏ,ਐਮ ਏ, ਬੀਐੱਡ, ਲਈ ਕਨੇਡਾ ਅਮਰੀਕਾ ਜਾਂ ਨਿਊਜੀਲੈਂਡ ਤੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:001- 587 832 5256***205***

## ਲੜਕੇ ਦੀ ਲੋੜ

ਵਿਜਟਿਰ ਵੀਜੇ ਉੱਪਰ ਸ਼ਰਮਾ(ਸਾਰਸਵਤ ਬ੍ਰਾਹਮਣ) ਕਨੇਡਾ ਆਈ ਸੋਹਣੀ ਸੁਨੱਖੀ ਲੜਕੀ ਉਮਰ 38, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਗਰੈਜੂਏਸ਼ਨ, ਫਲਾਈਟ ਅਟੈਂਡਿਟ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਜਾਤਪਾਤ ਜਾਂ ਉਮਰ ਦਾ ਕੋਈ ਬੰਧਨ ਨਹੀ। ਬਿਨਾਂ ਬੱਚੇ ਤੋਂ ਤਲਾਕ ਸੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 429 7464 ਜਾਂ 587 889 0251 ***205***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 34 ਸਾਲ,ਕੱਦ 5 ਫੁੱਟ 6 ਇੰਚ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਪੱਗ ਬੰਨਣ ਵਾਲੇ ਲੜਕੇ ਨੂੰ ਪਹਿਲ, ਵਿਆਹ ਜਲਦੀ, ਲੜਕੇ ਦਾ ਕੱਦ 6 ਫੁੱਟ ਦੇ ਨਜਦੀਕ ਹੋਵੇ। ਸਿਰਫ ਕਨੇਡਾ ਵਿੱਚੋਂ ਹੀ ਵਰਕ ਪਰਮਿਟ ਜਾਂ ਵਿਜਟਿਰ ਆਏ ਲੜਕੇ ਹੀ ਸੰਪਰਕ ਕਰਨ। ਲੜਕੀ ਕੋਲ ਆਪਣਾ ਘਰ ਹੈ। ਕਾਲ: 1 604 507 3137 ਜਾਂ 91 98 778 13000 ***208***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਮੋਰੀਆ ਹਿੰਦੂ ਪਰਿਵਾਰ ਦੀ ਸੋਹਣੀ ਸੁਨੱਖੀ ,ਉਮਰ 26 ਸਾਲ, ਕੱਦ 5 ਫੁੱਟ 2 ਇੰਚ, ਹੈਲਥ ਕੇਅਰ ਏਡ ਦੀ ਯੋਗਤਾ ਵਾਲੀ ਲੜਕੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਸੰਪਰਕ:1-431 541 4449 ***208***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਤਲਾਕਸੁਦਾ,ਵੈੱਲ ਸੈਟਲਡ,ਵੈਸ਼ਨੂੰ ਲੜਕੇ ਉਮਰ 38 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਬੀ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 825 735 8700 ***208***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਕੰਬੋਜ਼ ਸਿੱਖ ਪਰਿਵਾਰ ਦੇ ਲੜਕੇ, ਉਮਰ 29 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਬੀ ਟੈਕ ਲਈ ਹਾਣ ਪ੍ਰਵਾਣ ਦੀ ਪੜੀ ਲਿਖੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵਿਨੀਪੈਗ ਵਿੱਚ ਆਪਣਾ ਘਰ, ਆਪਣਾ ਬਿਜਨਿਸ ਅਤੇ ਇੰਡੀਆ ਵਿੱਚ ਅਰਬਨ ਅਤੇ ਰੂਰਲ ਪ੍ਰਾਪਰਟੀ ਦਾ ਮਾਲਕ ਹੈ। ਕਾਲ: 1 431 337 7171 ***208***

## ਲੜਕੀ ਦੀ ਲੋੜ

ਵਿਜਟਿਰ ਵੀਜੇ ਉੱਪਰ ਕਨੇਡਾ ਆਏ ਰਾਮਗੜੀਆ ਉੱਭੀ ਪਰਵਾਰ ਦੇ ਸੋਹਣੇ ਸੁਨੱਖੇ,ਕਲੀਨਸ਼ੇਵ ਲੜਕੇ ਉਮਰ 28 ਸਾਲ,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਗਰੈਜੂਏਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 780 907 5965 ਜਾਂ ਇੰਡੀਆ ਮਾਪਿਆਂ ਦਾ ਫੋਨ: 98 881 42945 ***208***

## ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ,ਉਮਰ 38 ਸਾਲ, ਕੱਦ 5 ਫੁੱਟ 9 ਇੰਚ, ਪੜੇ ਲਿਖੇ,ਪੱਕੀ ਜੌਬ ਕਰਦੇ ਅਤੇ ਬਿਜਨਿਸ ਹੋਲਡਰ ਵੈਲ ਸੈਟਲਡ,ਤਲਾਕਸੁਦਾ ਲੜਕੇ ਵਾਸਤੇ ਕਨੇਡਾ ਵਿੱਚ ਹੀ ਰਹਿੰਦੀ ਪੜੀ ਲਿਖੀ, ਵੈਲ ਸੈਟਲਡ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਲੜਕੀ ਦੀ ਲੋੜ ਹੈ।ਬਿਨਾ ਬੱਚੇ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਕਾਲ ਜਾਂ ਵਟਸ ਐਪ : 403 862 0002,403 926 0080 ***208***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਸਿੱਧੂ ਪਰਿਵਾਰ ਦੇ ਲੜਕੇ ਉਮਰ 33 ਸਾਲ,ਕੱਦ 5 ਫੁੱਟ 8 ਇੰਚ, ਸਟੱਡੀ ਡਿਪਲੋਮਾਂ ਮਕੈਨੀਕਲ ਇੰਜੀਨੀਅਰ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਬਿਜਨਿਸ ਹੈ। ਸੰਪਰਕ: 780 600 3600 ***203***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਬਰਾੜ ਪਰਿਵਾਰ ਦੀ ਬੈਂਕ ਵਿੱਚ ਜੌਬ ਕਰਦੀ ਲੜਕੀ, ਜਨਮ 1992,ਕੱਦ 5 ਫੁੱਟ 5 ਇੰਚ, ਮਾਸਟਰ ਡਿਗਰੀ ਹੋਲਡਰ ਲਈ ਬਰਾਬਰ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਸਿਰਫ ਵਟਸਐਪ ਕਾਲ 917814432511 ***207***

## ਲੜਕੇ ਦੀ ਲੋੜ

ਕੈਲਗਰੀ ਵਾਸੀ ਸਵਰਨਕਾਰ ਸਦਿਓੜਾ ਸਿੱਖ ਲੜਕੀ ,ਉਮਰ 23 ਸਾਲ,ਕੱਦ 5 ਫੁੱਟ 5 ਇੰਚ, ਕਨੇਡੀਅਨ ਪੀ ਆਰ,ਬੈਂਕ ਨਾਲ ਐਸੋਸੀਏਟ ਫਾਈਨੈਂਸਲ ਐਡਵਾਈਜ਼ਰ ਤੌਰ ਤੇ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਉੱਚ ਜਾਂ ਬਰਾਬਰ ਯੋਗਤਾ ਵਾਲੇ ਹੀ ਸੰਪਰਕ ਕਰਨ। ਕਾਲ: 587 583 7939 ***206***

## ਲੜਕੀ ਦੀ ਲੋੜ

ਸਰਾਂ ਪਰਿਵਾਰ ਦੇ ਪੰਜਾਬ ਰਹਿੰਦੇ ਲੜਕੇ ਉਮਰ 29 ਸਾਲ ,ਕੱਦ 6 ਫੁੱਟ, ਵਿਦਿਅਕ ਯੋਗਤਾ ਕੰਪਿਊਟਿਰ ਸਾਇੰਸ(ਬੀ ਟੈੱਕ ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 403 909 5003***206***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is a Engineering Graduate from Canadian University and working as a Professional Engineer within a reputed company. Boy should be born or raised in Canada and a well settled equally qualified Professional. Contact only Jatt Sikh families. Contact: (403) 828 7973 or acheema8811@gmail.com ***205***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ,ਉਮਰ 30 ਸਾਲ, ਕੱਦ 5 ਫੁੱਟ 7 ਇੰਚ, ਨਸ਼ਾ ਰਹਿਤ, ਹਿਊਮਨ ਰਿਸੋਰਸ ਡਿਪਲੋਮਾਂ ਹੋਲਡਰ, ਪੁਲਿਸ ਵਿੱਚ ਕੰਮ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 1 204 908 0011 ਜਾਂ 1 204 421 7001 ***205***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਪੱਗ ਬੰਨਦੇ ਲੜਕੇ ਉਮਰ 29 ਸਾਲ,ਕੱਦ 5 ਫੁੱਟ 8 ਇੰਚ, ਡਬਲ ਐਮ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 639 883 0000 ***205***

## ਲੜਕੇ ਦੀ ਲੋੜ

ਜੱਟ ਸਿੱਖ ਘੁਮਾਣ ਪਰਿਵਾਰ ਦੀ ਲੜਕੀ 1991, ਕੱਦ 5 ਫੁੱਟ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ, ਬੈਚੁਲਰਜ ਇਨ ਪਬਲਿਕ ਹੈਲਥ ,ਹੁਣ ਵਰਕ ਪਰਮਿਟ ਤੇ ਕੰਮ ਕਰਦੀ ਲੜਕੀ ਲਈ ਕਨੇਡਾ ਤੋਂ ਹੀ ਬਰਾਬਰ ਦੀ ਯੋਗਤਾ ਵਾਲੇ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਜਾਂ ਵਰਕ ਪਰਮਿਟ ਵਾਲਾ ਵੀ ਵਿਚਾਰਨ ਯੋਗ ਹੈ। । ਵਟਸਐਪ: 9417969248 ਜਾਂ 403 690 2947 e Mail: amardhaliwalca@yahoo.ca ***205***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।
ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ। ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।
ਅੱਜ ਹੀ ਕਾਲ ਕਰੋ:
403 680 0436

## ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 702 0424 ***210***

Hiring !
Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract
Email: dclogistics4@gmail.com
Phone : 204-396-1696 , 204-891-0031

Hiring
Hair and face art salon islooking for hair-dresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com

A1 Roofing & Siding Ltd.
•ROOFING
•SIDING
•SOFFIT
•STUCCO
•HARDIE
•FASCIA
•EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094
Harwinder 403-402-5615

ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ
ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।
aerosignandprintinc@gmail.com

# Elections cannot establish Democracy

**Dalip Singh Wasan**

Concept of Democracy has been established centuries ago and in spite of elections in each so called democracies, none of the democratic country can call itself a real democracy. In elections, people do not elect their Representatives, but all the candidates are nominated either by political parties or by some individual autocrtats and when elected and they take oath, they are sitting in the august houses as supporters and oppositions. And we note the people from supporter side just say yes to all words coming from Prime Minister or Chief Minister and people from oppositions do not speak and if they speak none listens to them. None in the house can claim or declare that he is Representative of the people and none till date could put a Bill, Scheme or project for improvement of his area and people. Let the people expert in political science come forward and declare whether this type of functioning in our august houses is actually a democracy or it is just one man rule. Let t5here be an open discussion through press and let us bring situations through which we could elect our Representatives so that problems of the people could be solved. The concept of democracy established in theory is still a far cry. Thousands of people are sitting in our august houses, paid and even they get pension, a huge burden on the people for running this establishment which is not a democracy.

**101-C Vikas Colony, Patiala, Punjab, India-147001**

# ਓਨਟਾਰੀਓ 'ਚ ਦੋ ਪੁਲਿਸ ਅਧਿਕਾਰੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ?ਨਟਾਰੀ? ਦੇ ਇਨਿਸਫਿਲ ਦੇ ਇੱਕ ਘਰ ਦੇ ਅੰਦਰ ਕੀਤੀ ਗਈ ਗੋਲੀਬਾਰੀ 'ਚ ਦੋ ਪੁਲਿਸ ਅਧਿਕਾਰੀਆਂ ਦੀ ਮੌਤ ਹੋ ਗਈ। ਸਾਊਥ ਸਿਮਕੋਅ ਪੁਲਿਸ ਨੇ ਦੱਸਿਆ ਕਿ ਉਸ ਰਾਤ 8:00 ਵਜੇ ਕਰੀਬ ਪਹਿਲਾਂ 25ਵੀਂ ਸਾਈਡਰੋਡ ਇਲਾਕੇ ਵਿੱਚ ਸੋਮਰਜ਼ ਬੁਲੇਵਰਡ ਦੇ ਇੱਕ ਘਰ ਵਿੱਚ ਕਿਸੇ ਤਰ੍ਹਾਂ ਦੀ ਗੜਬੜ ਦੀ ਸੂਚਨਾ ਮਿਲੀ ਸੀ। ਇਸ ਤੋਂ ਤੁਰੰਤ ਬਾਅਦ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦੇ ਦੋ ਅਧਿਕਾਰੀਆਂ ਨੂੰ ਘਰ ਦੇ ਅੰਦਰੋਂ ਗੋਲੀ ਮਾਰੀ ਗਈ ਤੇ ਪੁਲਿਸ ਨਾਲ ਮੁਕਾਬਲੇ ਕਾਰਨ ਇੱਕ ਸ਼ੱਕੀ ਦੀ ਵੀ ਮੌਤ ਹੋ ਗਈ। ਇਲਾਕੇ ਵਿੱਚ ਰਹਿਣ ਵਾਲੇ ਲੋਕਾਂ ਵਿੱਚੋਂ ਇੱਕ ਨੇ ਦੱਸਿਆ ਕਿ ਉਸ ਨੂੰ ਛੇ ਜਾਂ ਸੱਤ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ ਸਨ । ਗੋਲੀਆਂ ਚੱਲਣ ਤੋਂ ਕੁੱਝ ਦੇਰ ਬਾਅਦ ਹੀ ਪੁਲਿਸ ਸਾਇਰਨ ਸੁਣਾਈ ਦੇਣ ਲੱਗੇ ਤੇ ਸੜਕਾਂ ਉੱਤੇ ਵੱਡੀ ਮਾਤਰਾ ਵਿੱਚ ਪੁਲਿਸ ਨਜ਼ਰ ਆਉਣ ਲੱਗੀ।ਇੱਕ ਜ਼ਖ਼ਮੀ ਅਧਿਕਾਰੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਇੱਕ ਅਧਿਕਾਰੀ ਦੀ ਮੌਤ ਹੋ ਗਈ ਤੇ ਦੂਜੇ ਨੂੰ ਏਅਰਲਿਫਟ ਕਰਕੇ ਟਰੌਮਾ ਸੈਂਟਰ ਲਿਜਾਇਆ ਗਿਆ। ਉਹ ਵੀ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਦਮ ਤੋੜ ਗਿਆ। ਪੁਲੀਸ ਦੇ ਡਿਪਟੀ ਚੀਫ ਨੇ ਮਾਰੇ ਗਏ ਪੁਲੀਸ ਅਫ਼ਸਰਾਂ ਦੀ ਪਹਿਚਾਣ ਕਾਂਸਟੇਬਲ ਡੇਵਨ ਨੌਰਥਅੱਪ ਅਤੇ ਕਾਂਸਟੇਬਲ ਮੌਰਗਨ ਰਸਲ ਦੇ ਰੂਪ ਵਿਚ ਕੀਤੀ ਹੈ । ਮਾਰੇ ਗਏ ਪੁਲੀਸ ਅਧਿਕਾਰੀਆਂ ਦੀਆਂ ਮ੍ਰਿਤਕ ਦੇਹਾਂ ਨੂੰ ਵੱਡੇ ਕਾਫਲਿਆਂ ਦੇ ਰੂਪ ਵਿੱਚ ਚੀਫ ਕਾਰਨਰ ਦੇ ਦਫ਼ਤਰ ਲਿਜਾਇਆ ਗਿਆ ਇਸ ਮਾਮਲੇ ਦੀ ਜਾਂਚ ਪ੍ਰੋਵਿੰਸ ਦੀ ਸਪੈਸ਼ਲ ਇਨਵੈਸਟੀਗੇਸ਼ਨਜ਼ ਯੂਨਿਟ (ਐਸਆਈਯੂ) ਵੱਲੋਂ ਕੀਤੀ ਜਾ ਰਹੀ ਹੈ। ਯੌਰਕ ਰੀਜਨਲ ਪੁਲਿਸ ਵੀ ਆਪਣੇ ਪੱਧਰ ਉੱਤੇ ਜਾਂਚ ਕਰ ਰਹੀ ਹੈ। ਉਧਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਵਿਰੋਧੀ ਧਿਰ ਦੇ ਆਗੂ ਪੀਅਰੇ ਪੌਲੀਵਰ ਨੇ ਪੁਲੀਸ ਅਧਿਕਾਰੀਆਂ ਦੀ ਮੌਤ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ

# ਇਰਾਨ ਉੱਪਰ ਲਗਾਈਆਂ ਪਾਬੰਦੀਆਂ ਨੂੰ ਲਾਗੂ ਕਰਨ ਲਈ 76 ਮਿਲੀਅਨ ਡਾਲਰ ਦਾ ਨਿਵੇਸ਼

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਈਰਾਨ ਵਿੱਚ ਬਾਈ ਸਾਲਾ ਮਹਿਲਾ ਮਾਹਸਾ ਅਮੀਨੀ ਦੀ ਪੁਲੀਸ ਹਿਰਾਸਤ ਵਿੱਚ ਹੋਈ ਮੌਤ ਤੋਂ ਬਾਅਦ ਹੋ ਰਹੇ ਰੋਸ ਮੁਜ਼ਾਹਰਿਆਂ ਨੂੰ ਦਬਾਉਣ ਲਈ ਸਰਕਾਰ ਵੱਲੋਂ ਕੀਤੇ ਗਏ ਜ਼ੁਲਮਾਂ ਉਪਰੰਤ ਕੈਨੇਡਾ ਸਰਕਾਰ ਵੱਲੋਂ ਈਰਾਨ ਦਿ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕਾਰਪਸ ਦੇ ਲਗਪਗ ਦਸ ਹਜ਼ਾਰ ਮੈਂਬਰਾਂ ਉੱਪਰ ਕੈਨੇਡਾ ਵਿਚ ਦਾਖਲ ਹੋਣ ਤੇ ਪੱਕੇ ਤੌਰ ਤੇ ਪਾਬੰਦੀ ਲਗਾ ਦਿੱਤੀ ਗਈ ਸੀ ਇਸ ਤੋਂ ਇਲਾਵਾ ਇਰਾਨ ਦੀਆਂ ਕਈ ਹੋਰ ਸੰਸਥਾਵਾਂ ਅਤੇ ਵਿਅਕਤੀਆਂ ਉੱਪਰ ਪਾਬੰਦੀਆਂ ਲਗਾਈਆਂ ਗਈਆਂ ਹਨ ਕੈਨੇਡਾ ਵੱਲੋਂ ਜੋ ਪਾਬੰਦੀਆਂ ਇਰਾਨ ਉੱਪਰ ਲਗਾਈਆਂ ਗਈਆਂ ਹਨ ਉਨ੍ਹਾਂ ਨੂੰ ਲਾਗੂ ਕਰਨ ਦੇ ਮਕਸਦ ਨਾਲ ਫੈਡਰਲ ਸਰਕਾਰ ਵੱਲੋਂ 76 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾ ਰਿਹਾ ਹੈ ਜਿਸ ਨਾਲ ਆਰਸੀਐਮਪੀ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਹੋਰਨਾਂ ਏਜੰਸੀਆਂ ਨੂੰ ਮਦਦ ਮਿਲੇਗੀ ਇਹ ਐਲਾਨ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਨਡੀਸਿਨੋ ਵੱਲੋਂ ਕੀਤਾ ਗਿਆ ਹੈ।

# ਮਹਿੰਗਾਈ ਪ੍ਰਭਾਵਿਤ ਕੈਨੇਡਾ ਵਾਸੀਆਂ ਨੂੰ ਵੱਡੀ ਮੱਦਦ ਦਿੱਤੀ ਜਾ ਰਹੀ ਹੈ - ਟਰੂਡੋ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਹੈ ਕਿ ਮਹਿੰਗਾਈ ਨਾਲ ਜੂਝ ਰਹੇ ਕੈਨੇਡਾ ਵਾਸੀਆਂ ਦੀ ਮੱਦਦ ਵਾਸਤੇ ਫੈਡਰਲ ਸਰਕਾਰ ਕਈ ਢੰਗ ਤਰੀਕੇ ਅਪਣਾ ਰਹੀ ਹੈ। ਉਨ੍ਹਾਂ ਆਖਿਆ ਕਿ ਕੈਨੇਡਾ ਵਾਸੀਆਂ ਨੂੰ ਰਾਹਤ ਦੇਣ ਦੇ ਮਕਸਦ ਨਾਲ ਇਸ ਪਤਝੜ ਦੇ ਮੌਸਮ ਵਿੱਚ ਕਾਸਟ ਆਫ ਲਿਵਿੰਗ ਰਿਲੀਫ ਐਕਟ ਬਿੱਲ ਪੇਸ਼ ਕੀਤਾ ਗਿਆ। ਜਿਸ ਵਿਚ ਛੇ ਮਹੀਨਿਆਂ ਲਈ ਜੀਐੱਸਟੀ ਕ੍ਰੈਡਿਟ ਦੁੱਗਣਾ ਕੀਤਾ ਗਿਆ ਹੈ। ਜਿਸ ਨਾਲ ਦੋ ਬੱਚਿਆਂ ਵਾਲੇ ਪਰਿਵਾਰ ਨੂੰ 467 ਡਾਲਰ ਦੀ ਵਾਧੂ ਰਾਹਤ ਮਿਲੇਗੀ ਇਸ ਨਾਲ ਕੈਨੇਡਾ ਦੇ ਗਿਆਰਾਂ ਮਿਲੀਅਨ ਪਰਿਵਾਰਾਂ ਨੂੰ ਲਾਭ ਹੋਵੇਗਾ। ਇਸ ਤੋਂ ਇਲਾਵਾ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ, ਜਿਨ੍ਹਾਂ ਕੋਲ ਡੈਂਟਲ ਕੇਅਰ ਪਲਾਨ ਨਹੀਂ ਹੈ,ਲਈ ਅਗਲੇ ਦੋ ਸਾਲਾਂ ਲਈ 1300 ਡਾਲਰ ਪ੍ਰਤੀ ਬੱਚਾ ਡੈਂਟਲ ਕੇਅਰ ਵਾਸਤੇ ਦਿੱਤੇ ਜਾਣਗੇ। ਇਸ ਤੋਂ ਇਲਾਵਾ ਘੱਟ ਆਮਦਨ ਵਾਲੇ ਕਿਰਾਏਦਾਰਾਂ ਨੂੰ ਇਕਮੁਸ਼ਤ 500 ਡਾਲਰ ਦੀ ਮਦਦ ਦਿੱਤੀ ਜਾਵੇਗੀ ਜਿਸ ਨਾਲ ਇਕ ਇਸ਼ਾਰਿਆ ਅੱਠ ਮਿਲੀਅਨ ਕਿਰਾਏਦਾਰਾਂ ਨੂੰ ਲਾਭ ਹੋਵੇਗਾ।

# ਕੈਨੇਡਾ ਦੁਆਰਾ ਯੂਕਰੇਨ ਨੂੰ ਹੋਰ ਫੌਜੀ ਸਾਜੋ ਸਾਮਾਨ ਭੇਜਣ ਦਾ ਐਲਾਨ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਲਗਪਗ ਅੱਠ ਮਹੀਨਿਆਂ ਤੋਂ ਰੂਸ ਵੱਲੋਂ ਛੇੜੀ ਗਈ ਜੰਗ ਦਾ ਸਾਹਮਣਾ ਕਰ ਰਹੇ ਯੂਕਰੇਨ ਦੇ ਰਾਸ਼ਟਰਪਤੀ ਵੱਲੋਂ ਬੀਤੇ ਦਿਨ ਰੂਸ ਦੁਆਰਾ ਹਮਲੇ ਤੇਜ਼ ਕਰਨ ਉਪਰੰਤ ਮਿੱਤਰ ਦੇਸ਼ਾਂ ਕੋਲੋਂ ਹੋਰ ਮਦਦ ਦੀ ਮੰਗ ਕੀਤੀ ਗਈ ਸੀ ਜਿਸ ਉੱਪਰ ਪ੍ਰਤੀਕਿਰਿਆ ਦਿੰਦਿਆਂ ਕੈਨੇਡਾ ਦੀ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਆਖਿਆ ਹੈ ਕਿ ਕੈਨੇਡਾ ਵੱਲੋਂ ਯੂਕਰੇਨ ਨੂੰ ਫੌਜੀ ਸਾਜ਼ੋ ਸਾਮਾਨ ਦੀ ਵਾਧੂ ਮਦਦ ਭੇਜੀ ਜਾ ਰਹੀ ਹੈ। ਜਿਸ ਵਿਚ ਲੜਾਈ ਵਿੱਚ ਸ਼ਾਮਲ ਫੌਜੀਆਂ ਨੂੰ ਸਰਦੀਆਂ ਵਿੱਚ ਪਹਿਨਿਆ ਜਾਣ ਵਾਲਾ ਸਾਮਾਨ ਡਰੋਨਜ਼ ਵਾਸਤੇ ਕੈਮਰੇ ਗੋਲਾਬਾਰੂਦ ਅਤੇ ਸੈਟੇਲਾਈਟ ਸੇਵਾਵਾਂ ਆਦਿ ਦੀ ਮਦਦ ਦਿੱਤੀ ਜਾ ਰਹੀ ਹੈ। ਰੱਖਿਆ ਮੰਤਰੀ ਨੇ ਇਹ ਐਲਾਨ ਬ੍ਰਸਲਜ਼ ਵਿਖੇ ਕੀਤਾ ਜਿਥੇ ਉਹ ਨਾਟੋ ਦੇਸ਼ਾਂ ਦੇ ਰੱਖਿਆ ਮੰਤਰੀਆਂ ਦੀ ਮੀਟਿੰਗ ਵਿੱਚ ਹਿੱਸਾ ਲੈਣ ਲਈ ਪਹੁੰਚੇ ਹੋਏ ਹਨ।

# ਮੂਲਨਿਵਾਸੀ ਨਾਰੀਆਂ ਹੋਈਆਂ ਬੇ-ਕਦਰ ਵਿਚਾਰੀਆਂ



ਜਗਦੇਵ ਸਿੱਧੂ
403 351 1136

**1821 ਈਸਵੀ ਵਿਚ ਹਡਜ਼ਨਜ ਬੇਅ ਕੰਪਨੀ ਨਾਲ ਨਾਰਥ ਵੈਸਟ ਕੰਪਨੀ ਦਾ ਰਲੇਵਾਂ ਹੋ ਗਿਆ। ਜਾਰਜ ਸਿੰਪਸਨ ਨੂੰ ਸਾਂਝੀ ਕੰਪਨੀ ਦੇ 78 ਲੱਖ ਵਰਗ ਕਿਲੋਮੀਟਰ ਵਿਸ਼ਾਲ ਇਲਾਕੇ ਦਾ ਗਵਰਨਰ ਨਿਯੁਕਤ ਕੀਤਾ ਗਿਆ। ਉਹ ਮੂਲਨਿਵਾਸੀਆਂ ਨੂੰ ਜੰਗਲੀ ਨਸਲ ਕਹਿੰਦਾ ਸੀ। ਜਦੋਂ ਗੌਂ ਕੱਢਣਾ ਹੁੰਦਾ, ਉਨ੍ਹਾਂ ਨੂੰ ਸ਼ਰਾਬ ਪਿਆ ਕੇ ਮਨ ਮਰਜ਼ੀ ਦਾ ਕੰਮ ਕਰਵਾ ਲੈਂਦਾ। ਉਹ ਸ਼ਰੇਆਮ ਕਹਿੰਦਾ ਸੀ ਕਿ ਇਨ੍ਹਾਂ ਨੂੰ ਤਾਂ ਲੋਹੇ ਦੀ ਲਾਠੀ ਨਾਲ ਸੂਤ ਕਰੀਦਾ ਹੈ, ਇਹ ਵੀ ਕਿ ਇੱਕ ਸਮਝਦਾਰ ਤੇ ਸੁਚੇਤ ਮੂਲਨਿਵਾਸੀ ਉਸ ਦੇ ਕਿਸੇ ਕੰਮ ਦਾ ਨਹੀਂ। ਆਪਣੀ ਚੌਧਰ ਹੇਠਲੇ ਸਾਰੇ ਇਲਾਕੇ ਵਿਚ ਮੂਲਨਿਵਾਸੀ ਪਤਨੀਆਂ ਭਾਲ਼ਦਾ ਰਹਿੰਦਾ। ਇੱਕ ਵਾਰ ਉਸ ਨੇ ਅਜਿਹੀ ਇੱਕ ਰਖੇਲ, ਮਾਰਗਰੇਟ ਟੇਲਰ, ਨੂੰ ਯਾਰਕ ਫੈਕਟਰੀ ਵਿਖੇ ਤਿਆਗ ਦਿੱਤਾ। ਉਹ ਕਰੀਅ ਨਸਲ ਦੀ ਮਾਂ ਦੀ ਧੀ ਸੀ ਅਤੇ ਉਸ ਵੇਲੇ ਸਿੰਪਸਨ ਤੋਂ ਗਰਭਵਤੀ ਸੀ। ਸਿੰਪਸਨ ਦੇ ਕਿੰਨੇ ਹੀ ਹੋਰ ਅਣ-ਅਧਿਕਾਰਤ ਬੱਚੇ ਸਨ।**

ਜਦੋਂ ਫਰਾਂਸੀਸੀ ਵਪਾਰੀ ਪਾਦਰੀਆਂ ਸਣੇ ਕੈਨੇਡਾ ਦੀ ਧਰਤੀ ਤੇ ਆਏ ਤਾਂ ਉਨ੍ਹਾਂ ਨੇ ਹੁਣ ਵਾਲੇ ਕੁਬੈੱਕ ਖੇਤਰ ਨੂੰ ਨਵਾਂ ਫਰਾਂਸ (New France ) ਦਾ ਨਾਂ ਦਿੱਤਾ ਅਤੇ ਨਸਲੀ-ਮਿਲਗੋਭੇ ਨਾਲ ਨਵੀਂ ਕੌਮ ਦੀ ਉਸਾਰੀ ਦਾ ਟੀਚਾ ਮਿਥਿਆ। ਜੱਤ ਦੇ ਇਨ੍ਹਾਂ ਵਪਾਰੀਆਂ ਨੂੰ ਸ਼ਾਦੀ ਕਰਨ ਲਈ ਹਾਣ-ਪਰਵਾਣ ਦੀਆਂ ਲਾੜੀਆਂ ਦੀ ਤਲਾਸ਼ ਸੀ ਕਿਉਂਕਿ ਏਧਰ ਆਉਣ ਸਮੇ ਫਰਾਂਸੀਸੀ ਕੁੜੀਆਂ ਜਾਂ ਔਰਤਾਂ ਮਰਦਾਂ ਨਾਲ ਨਹੀਂ ਸੀ ਆਈਆਂ। ਸੋ ਉਨ੍ਹਾਂ ਮਰਦਾਂ ਲਈ ਕੁੜੀਆਂ ਦੀ ਘਾਟ ਸੀ। ਬਹੁਤੇ ਵਪਾਰੀਆਂ ਨੇ ਮੂਲਨਿਵਾਸੀ ਲੜਕੀਆਂ ਜਾਂ ਔਰਤਾਂ ਨਾਲ ਸ਼ਾਦੀ ਕਰਨ ਨੂੰ ਤਰਜੀਹ ਦਿੱਤੀ। ਉਸ ਵੇਲ਼ੇ ਇਨ੍ਹਾਂ ਮੂਲਨਿਵਾਸੀ ਔਰਤਾਂ, ਖਾਸ ਕਰ ਕੇ ਕਰੀਅ ਕਬੀਲੇ ਦੀਆਂ ਔਰਤਾਂ ਦੇ ਸੁਹੱਪਣ ਅਤੇ ਸਚਿਆਰਪੁਣੇ ਬਾਰੇ ਬੜੀ ਚਰਚਾ ਸੀ। ਇੱਕ ਚਰਚਾ ਇਹ ਵੀ ਸੀ ਕਿ ਉਨ੍ਹਾਂ ਔਰਤਾਂ ਦੇ ਨੈਣ-ਨਕਸ਼ ਅਤੇ ਚਿਹਰੇ-ਮੁਹਰੇ ਆਭਾ ਵਾਲੇ ਸਨ, ਉਨ੍ਹਾਂ ਦੇ ਦੰਦ ਮੋਤੀਆਂ ਵਰਗੇ, ਸਾਧਾਰਨ ਵਲ਼-ਛਲ਼ ਰਹਿਤ ਆਦਤਾਂ, ਪਤਲੇ ਸਰੀਰ, ਵਧੀਆ ਮੁੜਵੇਂ ਗਿੱਟੇ ਮਰਦਾਂ ਦੇ ਮਨ ਨੂੰ ਲੁਭਾਉਣ ਤੇ ਖਿੱਚ ਪਾਉਣ ਲਈ ਕਾਫ਼ੀ ਸਨ। ਇਸ ਤੋਂ ਇਲਾਵਾ ਉਹ ਔਰਤਾਂ ਧਾਰਮਿਕ ਅਕੀਦੇ ਵਾਲ਼ੀਆਂ ਅਤੇ ਪਵਿੱਤਰ ਮੰਨੀਆਂ ਜਾਂਦੀਆਂ ਸਨ। ਉਹ ਉਸ ਸਮੇ ਦੇ ਔਖੇ ਤੇ ਦੁੱਭਰ ਘਰੇਲੂ ਕੰਮ ਨਿਪਟਾਉਣ ਲਈ ਤਕੜੀਆਂ ਤੇ ਸਮਰੱਥ ਸਨ। ਉਨ੍ਹਾਂ ਦੀਆਂ ਇਹ ਸਾਰੀਆਂ ਵਿਸ਼ੇਸ਼ਤਾਈਆਂ ਤੇ ਗੁਣ ਯੂਰਪੀਨ ਮਾਪ-ਦੰਡ ਮੁਤਾਬਕ ਸੁੰਦਰਤਾ ਦੇ ਵਧੀਆ ਮਿਆਰ ਦੀਆਂ ਲਖਾਇਕ ਸਨ। ਇਨ੍ਹਾਂ ਗੁਣਾਂ ਅਤੇ ਕਾਰਨਾਂ ਕਰ ਕੇ ਨਵੇਂ ਆਉਣ ਵਾਲੇ ਯੂਰਪੀਨ ਲੋਕਾਂ ਲਈ ਸ਼ਾਦੀ ਕਰਨ ਵਾਸਤੇ ਇਨ੍ਹਾਂ ਲਾੜੀਆਂ ਦੀ ਮੰਗ ਵਧ ਗਈ।

ਜਦੋਂ ਵਪਾਰੀ ਨੇਟਿਵ ਔਰਤਾਂ ਨਾਲ ਸੰਬੰਧ ਬਨਾਉਣ ਲੱਗੇ ਅਤੇ ਵਿਆਹ ਰਚਾਉਣ ਲੱਗੇ ਤਾਂ ਪਹਿਲਾਂ ਚਰਚ ਦੇ ਰਸਮ-ਰਿਵਾਜ ਮੁਤਾਬਕ ਪਾਦਰੀ ਦੀ ਹਾਜ਼ਰੀ ਵਿਚ ਅਜਿਹਾ ਕਰਨਾ ਹੁੰਦਾ ਸੀ। ਫਿਰ ਉਸ ਔਰਤ ਨੂੰ ਆਪਣੇ ਕਬੀਲੇ ਦੇ ਰੀਤੀ-ਰਿਵਾਜ ਤਿਆਗ ਕੇ ਇਸਾਈ ਧਰਮ ਅਤੇ ਪੱਛਮੀ ਸਭਿਅਤਾ ਦੇ ਰੰਗ-ਢੰਗ ਅਪਨਾਉਣੇ ਪੈਂਦੇ। ਉਸ ਨੂੰ ਆਪਣੀ ਬੋਲੀ, ਆਪਣਾ ਸਭਿਆਚਾਰ, ਭਾਈਚਾਰਾ ਅਤੇ ਰਹੁ-ਰੀਤਾਂ ਤਿਆਗਣ ਦਾ ਵਿਯੋਗ ਤੇ ਦੁੱਖ ਵੀ ਭੋਗਣਾ ਪੈਂਦਾ।

ਅਜਿਹੇ ਮਿਲਾਪ ਜਾਂ ਵਿਆਹ, ਪ੍ਰਵਾਨਤ ਜਾਂ ਅ-ਪ੍ਰਵਾਨਤ, ਕਈ ਪੀੜ੍ਹੀਆਂ ਤਕ ਚਲਦੇ ਰਹੇ। ਅਠਾਰ੍ਹਵੀਂ ਸਦੀ ਦੇ ਅੱਧ ਵਿਚ ਜੇਮਜ਼ ਈਸ਼ਮ ਦੀ ਪਤਨੀ ਕਰੀਅ ਮੂਲ ਦੀ ਸੀ ਤੇ ਉਨ੍ਹਾਂ ਦਾ ਇਕ ਪੁੱਤਰ ਸੀ। ਜੇਮਜ਼ ਲਿਖਦਾ ਹੈ ਕਿ ਓਦੋਂ ਅਜੇਹੇ ਬੇਰੜੇ ਬੱਚਿਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ ਤੇ ਇਹ ਬੱਚੇ ਸੁਹਣੇ-ਸੁਨੱਖੇ, ਬਹੁਤ ਪਿਆਰੇ, ਸਿੱਧੇ-ਸਾਦੇ ਅਤੇ ਮਿਹਨਤੀ ਸਨ। ਆਰਕਨੀ ਟਾਪੂ (Orkney Island ) ਦੇ ਅਨੇਕਾਂ ਮਜ਼ਦੂਰਾਂ ਤੇ ਕਾਮਿਆਂ ਨੇ ਮੂਲਨਿਵਾਸੀ ਔਰਤਾਂ ਨੂੰ ਪਤਨੀਆਂ ਬਣਾਇਆ। ਜੇ ਇਨ੍ਹਾਂ ਬੱਚਿਆਂ ਵਿੱਚੋਂ ਕਿਸੇ ਦੇ ਬਾਪ ਦੀ ਮੌਤ ਹੋ ਜਾਂਦੀ ਜਾਂ ਬਾਪ ਵਾਪਸ ਬਰਤਾਨੀਆਂ ਚਲਾ ਜਾਂਦਾ ਤਾਂ ਇਹ ਬੱਚੇ ਆਪਣੀ ਮਾਂ ਸਮੇਤ ਨਾਨਕੇ ਪਰਿਵਾਰ ਵਿਚ ਰਹਿਣ ਲਗਦੇ। ਹਡਜ਼ਨ ਬੇਅ ਕੰਪਨੀ (ਐਚ. ਬੀ. ਸੀ.) ਦੀਆਂ ਵਪਾਰਕ ਚੌਂਕੀਆਂ ਦੇ ਲਵੇ ਲੌਂਣੇ ਕਿੰਨੇ ਹੀ ਅਜਿਹੇ ਬੇਰੜੇ ਬੱਚੇ ਹੋ ਗਏ ਸਨ। ਸੋ ਕੰਪਨੀ ਇਨ੍ਹਾਂ ਮੁੰਡੇ-ਕੁੜੀਆਂ ਨੂੰ ਰੁਜ਼ਗਾਰ ਦੇਣ ਲੱਗ ਪਈ। ਇਹ ਫੈਕਟਰੀ ਬੁਆਏ ਦੇ ਤੌਰ ਤੇ ਮੱਛੀਆਂ ਫੜਦੇ, ਸ਼ਿਕਾਰ ਕਰਦੇ, ਪਸ਼ੂਆਂ ਨੂੰ ਸਾਭਦੇ, ਬਗੀਚੀ ਦੀ ਦੇਖ-ਭਾਲ਼ ਕਰਦੇ, ਰਿਕਾਰਡ ਰਖਦੇ, ਲੱਕੜੀਆਂ ਕਟਦੇ ਤੇ ਹੋਰ ਨਿੱਕ-ਸੁੱਕ ਦੇ ਕੰਮ ਕਰਦੇ। ਇਨ੍ਹਾਂ ਦੀਆਂ ਮਾਵਾਂ ਰਸੋਈ ਦਾ ਕੰਮ ਕਰਦੀਆਂ, ਘਰ ਦੀ ਸਫਾਈ ਕਰਦੀਆਂ, ਕੱਪੜੇ ਸਿਉਂਦੀਆਂ ਤੇ ਹੋਰ ਗੋਲੇ-ਧੰਦੇ ਕਰਨ ਤੋਂ ਇਲਾਵਾ ਦੁਭਾਸ਼ੀਏ ਦਾ ਕੰਮ ਵੀ ਕਰਦੀਆਂ।

1752 ਈਸਵੀ ਵਿਚ ਐਚ. ਬੀ. ਸੀ. ਕੰਪਨੀ ਨੇ ਜੌਹਨ ਇਜ਼ਬਿਸਟਰ ਨੂੰ ਅਲਬਾਨੀ ਫੋਰਟ ਦਾ ਨਵਾਂ ਚੀਫ਼ ਫੈਕਟਰ ਨਿਯੁਕਤ ਕੀਤਾ ਜਿਸ ਨੇ ਮੁਲਾਜ਼ਮਾਂ ਅੰਦਰ ਸਖ਼ਤ ਅਨੁਸ਼ਾਸਨ ਲਾਗੂ ਕੀਤਾ ਜਿਸ ਵਿਚ ਸ਼ਰਾਬ ਨਾ ਪੀਣ ਅਤੇ ਨੇਟਿਵ ਔਰਤਾਂ ਨਾਲ ਨੇੜਲੇ ਸੰਬੰਧ ਬਨਾਉਣ ਦੀ ਮਨਾਹੀ ਸ਼ਾਮਲ ਸਨ। ਅਜਿਹਾ ਅਨੁਸ਼ਾਸਨ ਤੋੜਨ ਵਾਲਿਆਂ ਨੂੰ ਸਖ਼ਤ ਸਜ਼ਾ ਦਿੰਦਾ ਸੀ। ਆਪ ਉਸ ਨੇ ਇੱਕ ਨੇਟਿਵ ਔਰਤ ਰਖੇਲ ਰੱਖੀ ਹੋਈ ਸੀ। ਉਸ ਦੇ ਲਫਟੈਣ ਵਿਲੀਅਮ ਲੈਂਬ ਨੇ ਵੀ ਦੋ ਰਖੇਲਾਂ ਰੱਖੀਆਂ ਹੋਈਆਂ ਸਨ ਜਿਨ੍ਹਾਂ ਵਿੱਚੋਂ ਇੱਕ ਦਾ ਨਾਂ ਸੀ ਵਾਨ ਅ ਵੋਜਨ ਜਿਹੜੀ ਕਿ ਅਲਬਾਨੀ ਵਪਾਰਕ ਕਪਤਾਨ ਵੱਪੀਸਿਸ ਦੀ ਧੀ ਸੀ। ਉਸ ਸਮੇਂ ਇਸ ਤਰ੍ਹਾਂ ਦੇ ਪੁਰਸ਼-ਇਸਤਰੀ ਮਿਲਾਪ ਜਾਂ ਵਿਆਹ ਬਾਰੇ ਇਹ ਰਿਵਾਜ ਸੀ ਕਿ ਦੋਵਾਂ ਧਿਰਾਂ ਨੂੰ ਬਰਾਬਰ ਦੇ ਸਮਾਜਿਕ ਅਧਿਕਾਰ, ਉਦਾਰਤਾ, ਦੋਸਤੀ ਅਤੇ ਇਖ਼ਲਾਕੀ ਤੌਰ ਤੇ ਮਨਜ਼ੂਰ-ਸ਼ੁਦਾ ਵਰਤ-ਵਿਹਾਰ ਕਰਨਾ ਬਣਦਾ ਸੀ। ਜਦੋਂ ਦਸੰਬਰ, 1754 ਵਿਚ ਵੱਪੀਸਿਸ ਆਪਣੇ ਦੋ ਪੁੱਤਰਾਂ-ਸ਼ੀਅਨਾਪ ਅਤੇ ਸਨੱਫ ਅਤੇ



ਜੁਆਈ ਅਨਸਾਇਟ ਸਣੇ ਦਰਜਨ ਕੁ ਹੋਰ ਪਰਿਵਾਰ ਦੇ ਜੀਆਂ ਨੂੰ ਲੈ ਕੇ ਲੈਂਬ ਦੇ ਘਰ ਪਹੁੰਚਿਆ ਤਾਂ ਲੈਂਬ ਨੇ ਬਣਦਾ ਉਚਿਤ ਵਿਹਾਰ ਕਰਨ ਦੀ ਬਜਾਏ ਉਨ੍ਹਾਂ ਨੂੰ ਫੋਰਟ ਤੋਂ ਬਾਹਰ ਬੈਠਣ ਲਈ ਕਿਹਾ। ਜਦੋਂ ਕਿ ਵੱਪੀਸਿਸ ਦੀ ਧੀ ਵਾਨ ਅ ਵੋਜਨ ਅਤੇ ਹੋਰ ਔਰਤਾਂ ਨੂੰ ਘਰ ਦੇ ਅੰਦਰ ਰੱਖਿਆ। ਇਸ ਤੋਂ ਪਹਿਲਾਂ ਵੀ ਇੱਕ ਵਾਰੀ ਇਜਵਿਸਟਰ ਨੇ ਵੀ ਉਸ ਨੂੰ ਫੋਰਟ ਅਲਬਾਨੀ ਵਿਚ ਦਾਖਲ ਹੋਣ ਤੋਂ ਵਰਜ ਦਿੱਤਾ ਸੀ ਜਦੋਂ ਕਿ ਉਹ ਅੰਦਰ ਜਾਣ ਦਾ ਬਾਕਾਇਦਾ ਹੱਕਦਾਰ ਸੀ। ਅਣਖੀ ਵੱਪੀਸਿਸ ਨੇ ਇਸ ਤਰ੍ਹਾਂ ਦੇ ਵਤੀਰੇ, ਘਰੋਗੀ ਤੇ ਔਰਤਾਂ ਦੇ ਜਿਨਸੀ ਸ਼ੋਸ਼ਣ ਨੂੰ ਬਰਦਾਸ਼ਤ ਨਾ ਕੀਤਾ। ਉਸ ਨੇ ਫੋਰਟ ਤੋਂ ਬਾਹਰ ਬੈਠੇ ਨੇ ਲੈਂਬ ਦੇ ਆਦਮੀਆਂ ਨੂੰ ਕੰਮ ਤੇ ਬਾਹਰ ਜਾਂਦਿਆਂ ਤੇ ਅੱਖ ਰੱਖੀ। ਜਦੋਂ ਵੇਖਿਆ ਕਿ ਤਕਰੀਬਨ ਸਾਰੇ ਬਾਹਰ ਜਾ ਚੁੱਕੇ ਹਨ ਤਾਂ ਆਪਣੇ ਪੁੱਤਰ ਸਨੱਫ ਨਾਲ ਫੋਰਟ ਦੇ ਅੰਦਰ ਗਿਆ, ਲੈਂਬ ਦੀ ਖੋਪੜੀ ਵਿਚ ਗੋਲੀ ਦਾਗ ਦਿੱਤੀ। ਫੇਰ ਉਨ੍ਹਾਂ ਨੇ ਫੋਰਟ ਅੰਦਰਲੇ ਚਾਰ ਹੋਰ ਆਦਮੀਆਂ ਨੂੰ ਮਾਰ ਮੁਕਾਇਆ ਅਤੇ ਲਾਸ਼ਾਂ ਨੂੰ ਪੁਰਾਣੀਆਂ ਲੱਕੜਾਂ ਦੇ ਢੇਰ ਹੇਠਾਂ ਦੱਬ ਦਿੱਤਾ। ਮਗਰੋਂ ਇਜਬਿਸਟਰ ਨੇ ਧੋਖੇ ਨਾਲ ਵੱਪੀਸਿਸ ਨੂੰ ਉਸ ਦੇ ਦੋਵਾਂ ਪੁੱਤਰਾਂ ਸਮੇਤ ਫਾਂਸੀ ਦੇ ਕੇ ਮਾਰਿਆ ਜਿਹੜੀ ਸਜ਼ਾ ਦੇਣ ਦਾ ਉਸ ਕੋਲ਼ ਕੋਈ ਅਧਿਕਾਰ ਨਹੀਂ ਸੀ।

1821 ਈਸਵੀ ਵਿਚ ਹਡਜ਼ਨਜ ਬੇਅ ਕੰਪਨੀ ਨਾਲ ਨਾਰਥ ਵੈਸਟ ਕੰਪਨੀ ਦਾ ਰਲੇਵਾਂ ਹੋ ਗਿਆ। ਜਾਰਜ ਸਿੰਪਸਨ ਨੂੰ ਸਾਂਝੀ ਕੰਪਨੀ ਦੇ 78 ਲੱਖ ਵਰਗ ਕਿਲੋਮੀਟਰ ਵਿਸ਼ਾਲ ਇਲਾਕੇ ਦਾ ਗਵਰਨਰ ਨਿਯੁਕਤ ਕੀਤਾ ਗਿਆ। ਉਹ ਮੂਲਨਿਵਾਸੀਆਂ ਨੂੰ ਜੰਗਲੀ ਨਸਲ ਕਹਿੰਦਾ ਸੀ। ਜਦੋਂ ਗੌਂ ਕੱਢਣਾ ਹੁੰਦਾ, ਉਨ੍ਹਾਂ ਨੂੰ ਸ਼ਰਾਬ ਪਿਆ ਕੇ ਮਨ ਮਰਜ਼ੀ ਦਾ ਕੰਮ ਕਰਵਾ ਲੈਂਦਾ। ਉਹ ਸ਼ਰੇਆਮ ਕਹਿੰਦਾ ਸੀ ਕਿ ਇਨ੍ਹਾਂ ਨੂੰ ਤਾਂ ਲੋਹੇ ਦੀ ਲਾਠੀ ਨਾਲ ਸੂਤ ਕਰੀਦਾ ਹੈ, ਇਹ ਵੀ ਕਿ ਇੱਕ ਸਮਝਦਾਰ ਤੇ ਸੁਚੇਤ ਮੂਲਨਿਵਾਸੀ ਉਸ ਦੇ ਕਿਸੇ ਕੰਮ ਦਾ ਨਹੀਂ। ਆਪਣੀ ਚੌਧਰ ਹੇਠਲੇ ਸਾਰੇ ਇਲਾਕੇ ਵਿਚ ਮੂਲਨਿਵਾਸੀ ਪਤਨੀਆਂ ਭਾਲ਼ਦਾ ਰਹਿੰਦਾ। ਇੱਕ ਵਾਰ ਉਸ ਨੇ ਅਜਿਹੀ ਇੱਕ ਰਖੇਲ, ਮਾਰਗਰੇਟ ਟੇਲਰ, ਨੂੰ ਯਾਰਕ ਫੈਕਟਰੀ ਵਿਖੇ ਤਿਆਗ ਦਿੱਤਾ। ਉਹ ਕਰੀਅ ਨਸਲ ਦੀ ਮਾਂ ਦੀ ਧੀ ਸੀ ਅਤੇ ਉਸ ਵੇਲੇ ਸਿੰਪਸਨ ਤੋਂ ਗਰਭਵਤੀ ਸੀ। ਸਿੰਪਸਨ ਦੇ ਕਿੰਨੇ ਹੀ ਹੋਰ ਅਣ-ਅਧਿਕਾਰਤ ਬੱਚੇ ਸਨ। ਉਸ ਨੇ ਹਦਾਇਤਾਂ ਦੇ ਰੱਖੀਆਂ ਸਨ ਕਿ ਜੇ ਬੱਚਾਚਿੱਟੇ ਰੰਗ ਦਾ ਹੋਇਆ ਤਾਂ ਉਸ ਦੀ ਸੰਭਾਲ ਕੀਤੀ ਜਾਵੇ, ਨਹੀਂ ਤਾਂ ਉਸ ਦਾ ਮਾਂ ਦੇ ਨਾਲ ਹੀ ਫਸਤਾ ਵੱਢ ਦਿੱਤਾ ਜਾਵੇ। ਸਿੰਪਸਨ ਦੇ ਦੋ ਬੱਚੇ ਸਕਾਟਲੈਂਡ ਵਿਚ ਵੀ ਸਨ ਅਤੇ ਕਈ ਹੋਰ ਉੱਤਰੀ ਅਮਰੀਕਾ ਦੀਆਂ ਨੇਟਿਵ ਔਰਤਾਂ ਦੁਆਰਾ ਜਨਮੇ ਹੋਏ ਸਨ। ਇਹ ਔਰਤਾਂ ਜੱਤ ਦੇ ਵਪਾਰੀਆਂ ਦੀਆਂ ਨੇਟਿਵ ਪਤਨੀਆਂ ਦੀਆਂ ਧੀਆਂ ਸਨ। ਸਿੰਪਸਨ ਨੇ ਯੌਰਕ ਫੈਕਟਰੀ ਦੇ ਜੌਹਨ ਜਾਰਜ ਮੈਕਟਾਵਿਸ਼ ਨੂੰ ਆਪਣੇ ਅਪਾਰਟਮੈਂਟ ਤੱਕ ਜਾਣ ਲਈ ਗੁਪਤ ਨਿੱਜੀ ਰਸਤਾ ਬਣਾਉਣ ਲਈ ਕਿਹਾ ਤਾਂ ਜੋ ਉਸ ਦੇ ਸ਼ੌਕੀਆ ਭੱਦੇ ਕਾਰਨਾਮੇ ਲੁਕੇ ਰਹਿਣ। ਉਹ ਆਪਣੀਆਂ ਰਖੇਲਾਂ ਨੂੰ 'ਬ੍ਰਿਟਸ਼ ਆਫ ਬਰਾਊਨ' ਜਾਣੀ ਵਰਤੋਂ ਦੀਆਂ ਵਸਤੂਆਂ ਹੀ ਕਹਿੰਦਾ ਹੁੰਦਾ ਸੀ। ਆਪਣੀ ਇੱਕ ਹੋਰ ਰਖੇਲ ਨੂੰ ਉਹ ਆਪਣੇ ਲਈ ਤਕੜੀ ਢਾਰਸ ਦਸਦਾ ਸੀ। ਜਦੋਂ ਉਸ ਦਾ ਪਹਿਲੀ ਰਖੇਲ-ਬੈਟਸੀ ਸਿਨਕਲੇਅਰ- ਤੋਂ ਮਨ ਭਰ ਗਿਆ, ਜਿਸ ਤੋਂ ਉਸ ਦਾ ਇੱਕ ਬੱਚਾ ਵੀ ਸੀ, ਤਾਂ ਉਸ ਨੇ ਆਪਣੇ ਇੱਕ ਮੁਤਹਿਤ ਨੂੰ ਕਿਹਾ ਕਿ ਉਸ ਔਰਤ ਨੂੰ ਦਫ਼ਾ ਕਰ ਦੇਵੇ ਕਿਉਂਕਿ ਉਹ ਹੁਣ ਵਾਧੂ ਦਾ ਬੇ-ਲੋੜਾ ਬੋਝ ਸੀ। ਉਹ ਕਿਹਾ ਕਰਦਾ ਸੀ ਕਿ ਮੈਨੂੰ ਉਹ ਔਰਤ ਰੱਖਣ ਵਿਚ ਕੋਈ ਮਜ਼ਾ ਨਹੀਂ ਆਉਂਦਾ ਜਿਸ ਵਿਚ ਕੋਈ ਖਿੱਚ ਨਾ ਰਹੇ। ਉਹ ਵਿਚਾਰੀਆਂ ਨੇਟਿਵ ਔਰਤਾਂ ਨੂੰ ਵਰਤ ਕੇ ਜਦੋਂ ਜੀਅ ਭਰ ਜਾਂਦਾ ਤਾਂ ਵਾਪਸ ਉਨ੍ਹਾਂ ਦੇ ਪਹਿਲੇ ਪਰਿਵਾਰਾਂ ਕੋਲ ਭੇਜ ਦਿੰਦਾ। ਅੱਠ ਔਰਤਾਂ ਤੋਂ ਉਸ ਦੇ ਤੇਰਾਂ ਬੱਚਿਆਂ ਦੀ ਤਾਂ ਪਛਾਣ ਜ਼ਾਹਿਰ ਸੀ ਪਰ ਅਣਪਛਾਤੇ ਪਤਾ ਨਹੀਂ ਕਿੰਨੇ ਸਨ। ਇਨ੍ਹਾਂ ਤੇਰਾਂ ਦੀ ਵੀ ਉਸ ਨੇ ਕੋਈ ਦੇਖਭਾਲ਼ ਨਹੀਂ ਕੀਤੀ ਜਾਂ ਜ਼ਿੰਮੇਵਾਰੀ ਨਾਲ ਪਾਲਣਾ-ਪੋਸ਼ਣਾ ਨਹੀਂ ਕੀਤੀ।

ਸਿੰਪਸਨ ਅਤੇ ਮੈਕਟਾਵਿਸ਼ ਦੀਆਂ ਕਈ ਚੌਂਕੀਆਂ ਲਵੇ ਕਿੰਨੀਆਂ ਹੀ ਨੇਟਿਵ ਮੂਲ ਦੀਆਂ ਅਣ-ਅਧਿਕਾਰਤ ਪਤਨੀਆਂ ਸਨ, ਜਿਨ੍ਹਾਂ ਜੇ ਅਨੇਕਾਂ ਬੱਚੇ ਸਨ। ਉਨ੍ਹਾਂ ਔਰਤਾਂ ਤੇ ਬੱਚਿਆਂ ਨੂੰ ਕਿਧਰੇ ਹੀ ਖੁਰਦ-ਬੁਰਦ ਕਰ ਦਿੱਤਾ ਜਾਂਦਾ ਸੀ ਅਤੇ ਕਿਸੇ ਨੂੰ ਵੀ ਆਪਣੀ ਪਿਤਰੀ ਪਛਾਣ ਨਹੀਂ ਸੀ ਦਿੱਤੀ ਜਾਂਦੀ। ਸਿੰਪਸਨ ਨੇ ਫੋਰਟ ਗੈਰੀ (ਹੁਣ ਵਿੰਨੀਪੈੱਗ) ਤੋਂ 32 ਕਿਲੋਮੀਟਰ ਉੱਤਰ ਵੱਲ ਰੈੱਡ ਰਿਵਰ ਤੇ ਲੋਅਰ ਫੋਰਟ ਗੈਰੀ ਨਾਂ ਦਾ ਨਵਾਂ ਪੱਥਰ ਦਾ ਕਿਲਾ ਬਣਵਾਇਆ (ਇਸ ਨੂੰ ਹੁਣ ਮਿਊਜ਼ੀਅਮ ਬਣਾ ਦਿੱਤਾ ਗਿਆ ਹੈ)। ਉਸ ਨੇ ਬਰਤਾਨੀਆਂ ਦੀ ਫਰਾਂਸਿਸ ਨਾਲ ਵਿਆਹ ਕਰਨ ਮਗਰੋਂ ਆਪਣੇ ਅਫ਼ਸਰਾਂ ਨੂੰ ਨੇਟਿਵ ਔਰਤਾਂ ਨਾਲ ਵਿਆਹ ਕਰਵਾਉਣ ਤੋਂ ਵਰਜ ਦਿੱਤਾ ਪਰ ਉਨ੍ਹਾਂ ਨਾਲ ਨਾਜਾਇਜ਼ ਜਿਨਸੀ ਸੰਬੰਧ ਬਨਾਉਣ ਦੀ ਖੁੱਲ੍ਹ ਦੇ ਦਿੱਤੀ। ਉਹ ਇਨ੍ਹਾਂ ਔਰਤਾਂ ਨੂੰ ਦੂਸਰੀ ਜਾਣੀ ਘਟੀਆ ਸ਼੍ਰੇਣੀ ਵਿਚ ਹੀ ਰਖਦਾ ਸੀ।

ਇੱਕ ਔਰਤ ਨਾਂਸੀ ਮਕੈਂਜ਼ੀ ਮਾਤੂਸਕੀ, ਸਤਾਰਾਂ ਵਰ੍ਹੇ ਤੱਕ ਮੈਕਟਾਵਿਸ਼ ਦੀ ਪਤਨੀ ਰਹੀ, ਉਨ੍ਹਾਂ ਦੇ ਸੱਤ ਬੱਚਿਆ ਦੀ ਮਾਂ ਬਣੀ। ਮੈਕਟਾਵਿਸ਼ ਨੇ ਜ਼ਬਰਦਸਤੀ ਉਸ ਨੂੰ ਆਪਣੇ ਜੂਨੀਅਰ ਅਫਸਰ ਨਾਲ ਦੂਸਰਾ ਵਿਆਹ ਕਰਵਾਉਣ ਲਈ ਮਜਬੂਰ ਕਰ ਦਿੱਤਾ ਸੀ। ਨਾਂਸੀ ਇੱਕ ਸਕਾਟਿਸ਼ ਵਪਾਰੀ ਰੌਡ੍ਰਿਕ ਮਕੈਂਜ਼ੀ ਅਤੇ ਚਿਪਵਾਇਨ (ਕਬੀਲਾ) ਮਾਂ ਦੀ ਧੀ ਸੀ। ਵੱਡੇ ਅਫਸਰਾਂ ਨਾਲ ਰਿਸ਼ਤੇ ਹੋਣ ਦੇ ਬਾਵਜੂਦ ਹੁਣ ਉਹ ਸਿੰਪਸਨ ਦੀ ਘਰੇਲੂ ਨੌਕਰਾਣੀ ਬਣ ਗਈ, ਜਦੋਂ ਕਿ ਮੈਕਟਾਵਿਸ਼ ਦੀ ਪਤਨੀ ਹੋਣ ਸਮੇਂ ਉਸ ਨੂੰ ਇਸੇ ਘਰ (ਫੋਰਟ) ਅੰਦਰ ਸਨਮਾਨਯੋਗ ਔਰਤ ਦਾ ਦਰਜਾ ਪ੍ਰਾਪਤ ਹੁੰਦਾ ਸੀ। ਉਹ ਆਪਣੇ ਨਵੇਂ ਪਤੀ ਨਾਲ ਫੋਰਟ ਵੈਨਕੂਵਰ ਨੂੰ ਜਾ ਰਹੀ ਸੀ ਪਰ ਰਸਤੇ ਵਿਚ ਕਿਸ਼ਤੀ ਦੇ ਦੁਰਘਟਨਾਗ੍ਰਸਤ ਹੋਣ ਕਾਰਨ ਉਸ ਦੇ ਤਿੰਨ ਬੱਚੇ ਅਤੇ ਪਤੀ ਮੌਤ ਦੇ ਮੂੰਹ ਜਾ ਪਏ। ਓਥੇ ਉਹ ਆਪਣੀ ਸਭ ਤੋਂ ਛੋਟੀ ਧੀ ਗਰੇਸ (ਜੋ ਮੈਕਟਾਵਿਸ਼ ਤੋਂ ਸੀ) ਨਾਲ ਰਹੀ। 1851 ਈਸਵੀ ਵਿਚ 61 ਸਾਲ ਦੀ ਉਮਰ ਵਿਚ ਫੋਰਟ ਵਿਕਟੋਰੀਆ ਵਿਖੇ ਉਸ ਦਾ ਨਿਧਨ ਹੋ ਗਿਆ।


ਜਦੋਂ ਚੀਫ਼ ਫੈਕਟਰ, ਵਿਲੀਅਮ ਕੋਨੌਲੀ ਦੀ ਧੀ ਅਮੇਲੀਆ ਨੇ ਕੰਪਨੀ ਦੇ ਕਲਰਕ ਜੇਮਜ਼ ਡਗਲਸ ਨਾਲ ਸ਼ਾਦੀ ਰਚਾ ਲਈ ਤਾਂ ਗੁੱਸੇ ਵਿਚ ਆ ਕੇ ਵਿਲੀਅਮ ਨੇ ਆਪਣੀ ਕਰੀਅ ਨਸਲ ਦੀ ਪਤਨੀ (ਅਮੇਲੀਆ ਦੀ ਮਾਂ) ਸੁਜ਼ਾਨ- ਮੀਓਨੀਪੀ- ਨੂੰ ਬਿਨਾ ਕਸੂਰੋਂ ਤਿਆਗ ਦਿੱਤਾ ਸੀ।

ਇਹ ਤਾਂ ਦੋ-ਚਾਰ ਮਿਸਾਲਾਂ ਹਨ। ਇਨ੍ਹਾਂ ਵਚਾਰੀਆਂ ਮੂਲਨਿਵਾਸੀ ਧੀਆਂ ਦੀ ਦਾਸਤਾਨ ਏਥੇ ਹੀ ਖ਼ਤਮ ਨਹੀਂ ਹੁੰਦੀ। ਜਦੋਂ ਇਨ੍ਹਾਂ ਨਾਲ ਸ਼ਾਦੀ-ਸ਼ੁਦਾ ਗੋਰੇ ਆਦਮੀ ਵਾਪਸ ਯੂਰਪ ਚਲੇ ਜਾਂਦੇ ਸਨ, ਜਾਂ ਮਰ ਜਾਂਦੇ ਸਨ, ਜਾਂ ਆਪਣੀਆਂ ਇਨ੍ਹਾਂ ਪਤਨੀਆਂ ਤੇ ਬੱਚਿਆਂ ਨੂੰ ਤਿਆਗ ਕੇ ਪਾਸੇ ਹੋ ਜਾਂਦੇ ਸਨ ਤਾਂ ਇਨ੍ਹਾਂ ਬੇ-ਸਹਾਰਾ ਔਰਤਾਂ ਤੇ ਬੱਚਿਆਂ ਕੋਲ ਅਜਿਹੇ ਆਦਮੀਆਂ ਦੀ ਪਿੱਛੇ ਰਹੀ ਜਾਇਦਾਦ ਤੇ ਕੋਈ ਅਧਿਕਾਰ ਨਹੀਂ ਸੀ ਹੁੰਦਾ। ਉਨ੍ਹਾਂ ਕੋਲ ਨਾ ਕੋਈ ਰਹਿਣ ਲਈ ਟਿਕਾਣਾ ਜਾਂ ਓਟ-ਆਸਰਾ ਹੁੰਦਾ ਸੀ, ਨਾ ਖਾਣ ਲਈ ਭੋਜਨ ਦਾ ਕੋਈ ਵਸੀਲਾ ਰਹਿੰਦਾ ਸੀ।

ਔਰਤਾਂ ਦੇ ਕੰਮ-ਕਾਰ = ਜਿੱਥੇ ਮੂਲਨਿਵਾਸੀ ਮਰਦਾਂ ਦਾ ਕੰਮ ਸ਼ਿਕਾਰ ਮਾਰ ਕੇ ਲਿਆਉਣਾ ਹੁੰਦਾ ਸੀ, ਔਰਤਾਂ ਪਸ਼ੂਆਂ ਦੀਆਂ ਖੱਲਾਂ ਲਾਹੁਣ ਤੋਂ ਇਲਾਵਾ ਕੰਮ ਆਉਣ ਵਾਲੀਆਂ ਹੱਡੀਆਂ ਸਾਫ਼ ਕਰ ਕੇ ਸਾਂਭਦੀਆਂ, ਖੱਲਾਂ ਨੂੰ ਚਰਬੀ ਖੁਰਚਣ ਅਤੇ ਜੱਤ ਲਾਹੁਣ ਮਗਰੋਂ ਸੁਕਾਉਂਦੀਆਂ, ਚਰਬੀ ਤੇ ਮੀਟ ਨੂੰ ਸੁਕਾ ਕੇ ਉਸ ਵਿਚ ਬੈਰੀਆਂ ਪਾ ਕੇ ਸਵਾਦਲਾ ਪੈਮੀਕਾਨ ਬਣਾ ਕੇ ਖੱਲ ਦੀਆਂ ਪੋਟਲ਼ੀਆਂ ਵਿਚ ਬੰਦ ਕਰ ਕੇ ਸਰਦੀਆਂ ਲਈ ਸਾਂਭ ਕੇ ਰਖਦੀਆਂ। ਉਹ ਜੱਤ ਲਾਹ ਕੇ ਉਸ ਨੂੰ ਸੰਵਾਰਦੀਆਂ ਤੇ ਸੰਭਾਲਦੀਆਂ, ਇਸ ਤੋਂ ਜੁੱਤੇ (ਮੌਜੇ), ਟੋਪੀਆਂ ਤੇ ਕੱਪੜੇ ਬਣਾਉਂਦੀਆਂ। ਸਿਊਣ ਲਈ ਬਰੀਕ ਨਾੜੀਆਂ ਧਾਗੇ ਵਜੋਂ ਵਰਤਦੀਆਂ ਜਾਂ ਚਮੜੇ ਦੇ ਮੋਟੇ ਧਾਗੇ ਕੱਟ ਕੇ ਵਰਤਦੀਆਂ। ਖੱਲਾਂ ਨੂੰ ਟੀਪੀ ਜਾਂ ਵਿਗਵੈਮ ਜਿਹੇ ਘਰਾਂ ਦੁਆਲੇ ਮੜ੍ਹਦੀਆਂ। ਵਿਗਵੈਮ ਬਨਾਉਣ ਲਈ ਦਰਖਤਾਂ ਦੀਆਂ ਡਾਹਣੀਆਂ ਅਤੇ ਬਿਲਕ (ਛਿਲਕਾ) ਇਕੱਠਾ ਕਰਦੀਆਂ। ਡਾਹਣੀਆਂ ਨੂੰ ਟੈਂਟ (ਟੀਪੀ ਜਾਂ ਵਿਗਵੈਮ) ਦੇ ਥੰਮਾਂ ਜਾਂ ਕਹਿ ਲਵੋ ਲੱਕੜ ਦੇ ਮੋਟੇ ਟੋਬਿਆਂ ਨਾਲ ਬੰਨ੍ਹ ਕੇ ਜੋੜਦੀਆਂ, ਛਿਲਕੇ ਅਤੇ ਖੱਲ ਨੂੰ ਇਨ੍ਹਾਂ ਦੁਆਲੇ ਵਗਲ਼ਦੀਆਂ, ਖੱਲ ਜਾਂ ਨਾੜੀਆਂ ਦੇ ਧਾਗਿਆਂ ਨਾਲ ਉਪਰ ਦੀ ਸਿਊਂ ਦਿੰਦੀਆਂ। ਇਉਂ ਇਹ ਘਰ ਮੀਂਹ, ਧੁੱਪ ਅਤੇ ਠੰਢੀਆਂ ਹਵਾਵਾਂ ਤੋਂ ਬਚਾਉਣ ਦੇ ਯੋਗ ਹੋ ਜਾਂਦੇ ਸਨ। ਪੁਸ਼ਤ-ਦਰ-ਪੁਸ਼ਤ ਔਰਤਾਂ ਹਕੀਮੀ ਦਾ ਕੰਮ ਵੀ ਕਰਦੀਆਂ। ਅਜਿਹੀ ਔਰਤ ਕੋਲ ਜੜੀ-ਬੂਟੀਆਂ ਦੀ ਭਰੀ ਹਿਰਨ ਦੀ ਖੱਲ ਤੋਂ ਬਣੀ ਜੱਦੀ-ਪੁਸ਼ਤੀ ਪੋਟਲੀ ਹੁੰਦੀ ਸੀ। ਉਸ ਨੂੰ ਹਕੀਮ ਔਰਤ (ਮੈਡੀਸਨ ਵੋਮੈਨ) ਕਿਹਾ ਜਾਂਦਾ ਸੀ।

ਘਰੋਗੀ ਕਲ਼ੇਸ਼ ਤੇ ਸ਼ਰਾਬ = ਯੂਰਪੀ ਵਪਾਰੀ ਕਾਹਦੇ ਆਏ, ਆਪਣੇ ਨਾਲ ਬੀਮਾਰੀਆਂ ਦੀ ਅਲਾਮਤ ਲਿਆਏ ਤੇ ਨਾਲ ਹੀ ਮੂਲਨਿਵਾਸੀਆਂ ਦੇ ਸੁਖੀ ਵਸਦੇ ਘਰਾਂ ਵਿਚ ਪੁਆੜੇ ਪਾਉਣ ਵਾਲੀ ਸੰਕਨ ਸ਼ਰਾਬ ਦੇ ਡਰੱਮ ਭਰ ਕੇ ਲਿਆਏ। ਉਹ ਇਨ੍ਹਾਂ ਭੋਲ਼ੇ ਲੋਕਾਂ ਨੂੰ ਸ਼ਰਾਬ ਪਿਆ ਕੇ ਇਸ ਦੇ ਬਦਲੇ ਵੱਧ ਤੋਂ ਵੱਧ ਜਾਨਵਰ ਮਰਵਾਕੇ ਖੱਲਾਂ, ਜੱਤ ਤੇ ਹੱਡੀਆਂ ਬਟੋਰ ਲੈਂਦੇ। ਸ਼ਰਾਬ ਦੀ ਅੰਨ੍ਹੀ ਵਰਤੋਂ ਨੇ ਇਨ੍ਹਾਂ ਦੇ ਘਰਾਂ ਵਿਚ ਕਲ਼ੇਸ਼ ਸਹੇੜ ਦਿੱਤੇ। ਬਿਨਾ ਵਜਾਹ ਔਰਤਾਂ ਨੂੰ ਗਾਲ਼ੀ-ਗਲੋਚ ਕਰਦੇ ਤੇ ਮਾਰ-ਪਿਟਾਈ ਕਰਦੇ। ਏਥੋਂ ਹੀ ਅਸਲ ਵਿਚ ਔਰਤਾਂ ਤੇ ਘਰੋਗੀ ਜ਼ੁਲਮਾਂ ਦਾ ਵਾਧਾ ਹੋਣ ਲੱਗਿਆ। ਘਰਾਂ ਦੇ ਕਲ਼ੇਸ਼ ਦੌਰਾਨ ਔਰਤਾਂ ਵੀ ਸ਼ਰਾਬਨੋਸ਼ੀ ਦੀ ਆਦਤ ਦੀ ਜਕੜ ਵਿਚ ਆ ਗਈਆਂ। ਇਸ ਦਾ ਇਨ੍ਹਾਂ ਦੇ ਸਮੁੱਚੇ ਰਹਿਣ-ਸਹਿਣ, ਸਭਿਆਚਾਰ, ਆਰਥਿਕਤਾ ਅਤੇ ਪਰਿਵਾਰਕ ਢਾਂਚੇ ਉੱਤੇ ਮਾਰੂ ਅਸਰ ਪਿਆ। ਅਜਿਹੇ ਹਾਲਾਤ ਬਣਦੇ ਗਏ ਕਿ ਔਰਤਾਂ ਨੂੰ ਵੇਸਵਾਗਮਨੀ ਦਾ ਸ਼ਿਕਾਰ ਹੋਣਾ ਪਿਆ। ਕਈ ਹਾਲਤਾਂ ਵਿਚ ਉਨ੍ਹਾਂ ਤੋਂ ਜ਼ਬਰਦਸਤੀ ਇਹ ਧੰਦਾ ਕਰਵਾਇਆ ਜਾਣ ਲੱਗਿਆ। ਕਈ ਅਜੇ ਤੱਕ ਵੀ ਇਸ ਵਰਤਾਰੇ ਤੋਂ ਮੁਕਤ ਨਹੀਂ ਹੋ ਸਕੇ। ਰਿਹਾਇਸ਼ੀ ਸਕੂਲਾਂ ਅੰਦਰ ਮਾਸੂਮ ਬੱਚੀਆਂ ਨਾਲ ਹੋਏ ਵਤੀਰੇ ਅਤੇ ਕਬਰਾਂ ਵਿਚ ਪਏ ਪਿੰਜਰਾਂ ਦੀ ਦਾਸਤਾਨ ਰੂਹ ਨੂੰ ਕੰਬਾ ਦਿੰਦੀ ਹੈ। ਹਜ਼ਾਰਾਂ ਕਤਲ ਕੀਤੀਆਂ ਅਤੇ ਗੁੰਮਸ਼ੁਦਾ ਔਰਤਾਂ ਤੇ ਕੁੜੀਆਂ ਬਾਰੇ ਅਧਿਕਾਰਤ ਰਿਪੋਰਟ ਵਿਚ ਬੜੇ ਸਨਸਨੀ ਖੁਲਾਸੇ ਹਨ ਤੇ ਇਸ ਨੂੰ ਰਿਹਾਇਸ਼ੀ ਸਕੂਲਾਂ ਦੇ ਵਰਤਾਰੇ ਸਮੇਤ ਨਸਲਕੁਸ਼ੀ ਗਰਦਾਨਿਆ ਗਿਆ ਹੈ। ਹੁਣ ਦੇ ਚਾਈਲਡ ਐਂਡ ਫੈਮਿਲੀ ਸਰਵਿਸ (ਸੀ. ਐਫ. ਐਸ ) ਕੇਂਦਰ ਇਨ੍ਹਾਂ ਔਰਤਾਂ ਲਈ ਇੱਕ ਤਰ੍ਹਾਂ ਦੀਆਂ ਦੂਜੀਆਂ ਜੇਲ੍ਹਾਂ ਵਾਂਗ ਹਨ। ਇਨ੍ਹਾਂ ਮਾਣਮੱਤੀਆਂ ਨੇਟਿਵ ਧੀਆਂ ਪ੍ਰਤੀ ਹਾਅ ਦਾ ਨਾਹਰਾ ਮਾਰਨਾ ਅਤੇ ਇਨ੍ਹਾਂ ਦੀ ਹਾਲਤ ਸੁਧਾਰਨ ਦੇ ਯਤਨਾਂ ਵਿਚ ਸ਼ਾਮਲ ਹੋਣਾ ਸਭ ਦਾ ਪਵਿੱਤਰ ਫ਼ਰਜ਼ ਹੈ।

# ਪਰੰਪਰਾ ਕਿਵੇਂ ਜਨਮ ਲੈਂਦੀ ਹੈ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਭਾਰਤ ਦੇ ਆਮ ਲੋਕਾਂ ਵਿੱਚ 'ਤੇ ਖਾਸ ਤੌਰ 'ਤੇ ਸੁਰੱਖਿਆ ਦਸਤਿਆਂ ਵਿੱਚ ਰੱਜ ਕੇ ਲਕੀਰ ਦੀ ਫਕੀਰੀ ਕੀਤੀ ਜਾਂਦੀ ਹੈ। ਜੇ ਇੱਕ ਵਾਰ ਕਿਸੇ ਅਫਸਰ ਨੇ ਕਿਤੇ ਗਾਰਦ ਲਗਾ ਦਿੱਤੀ, ਜਾਂ ਕਿਸੇ ਨੂੰ ਗੰਨਮੈਨ ਦੇ ਦਿੱਤੇ ਤਾਂ ਫਿਰ ਸਾਲਾਂ ਤੱਕ ਉਸੇ ਤਰਾਂ ਨਾਲ ਹੀ ਚੱਲਦਾ ਰਹਿੰਦਾ ਹੈ। ਮਜੀਠੇ ਥਾਣੇ ਵਿੱਚ ਇੱਕ ਛੀਨਾ ਨਾਮ ਦਾ ਛੋਟਾ ਥਾਣੇਦਾਰ ਹੁੰਦਾ ਸੀ ਜਿਸ ਦਾ ਅਸਲ ਰੈਂਕ ਹੌਲਦਾਰ ਸੀ। ਕਈ ਸਾਲ ਪਹਿਲਾਂ ਅੱਤਵਾਦ ਦੌਰਾਨ ਉਸ ਦੇ ਏਰੀਆ ਦੇ ਡੀ.ਐਸ.ਪੀ. ਨੇ ਕਿਸੇ ਕੰਮ ਬਦਲੇ ਖੁਸ਼ ਹੋ ਕੇ ਉਸ ਨੂੰ ਲੋਕਲ ਰੈਂਕ ਥਾਣੇਦਾਰ ਬਣਾਉਣ ਲਈ ਸ਼ਿਫਾਰਸ਼ੀ ਚਿੱਠੀ ਲਿਖ ਕੇ ਐਸ.ਐਸ.ਪੀ. ਨੂੰ ਭੇਜ ਦਿੱਤੀ। ਪਤਾ ਨਹੀਂ ਐਸ.ਐਸ.ਪੀ. ਨੇ ਅੱਗੇ ਡੀ.ਜੀ.ਪੀ. ਦਫਤਰ ਨੂੰ ਲਿਖ ਕੇ ਭੇਜਿਆ ਕਿ ਨਹੀਂ, ਮੁੱਕਦੀ ਗੱਲ ਛੀਨੇ ਨੂੰ ਰੈਂਕ ਨਾ ਮਿਲਿਆ। ਪਰ ਛੀਨੇ ਨੇ ਕਮਾਲ ਦੀ ਫੁਰਤੀ ਵਿਖਾਈ ਤੇ ਡੀ.ਐਸ.ਪੀ. ਦੀ ਸ਼ਿਫਾਰਸ਼ ਦੇ ਅਧਾਰ 'ਤੇ ਹੀ ਆਪਣੇ ਆਪ ਸਟਾਰ ਲਗਾ ਕੇ ਏ.ਐਸ.ਆਈ ਬਣ ਗਿਆ। ਰਿਟਾਇਰਮੈਂਟ ਤੱਕ ਉਸ ਨੂੰ ਕਿਸੇ ਨੇ ਨਾ ਪੁੱਛਿਆ ਕਿ ਉਹ ਕਿਸ ਆਰਡਰ ਦੇ ਅਨੁਸਾਰ ਥਾਣੇਦਾਰ ਦੀ ਵਰਦੀ ਪਾਈ ਫਿਰਦਾ ਹੈ? ਇਸ ਤਰਾਂ ਦੀਆਂ ਕਈ ਮਿਸਾਲਾਂ ਪੁਲਿਸ ਮਹਿਕਮੇ ਵਿੱਚ ਵੇਖਣ ਨੂੰ ਮਿਲਦੀਆਂ ਹਨ।

ਜਦੋਂ ਮੈਂ ਮਜੀਠੇ ਸਬ ਡਵੀਜ਼ਨ ਦਾ ਡੀ.ਐਸ.ਪੀ. ਲੱਗਾ ਹੋਇਆ ਸੀ ਤਾਂ ਸੰਨ 2003 ਵਿੱਚ ਕੱਥੂਨੰਗਲ ਥਾਣੇ ਦੀ ਚੈਕਿੰਗ ਦੌਰਾਨ ਪਤਾ ਲੱਗਾ ਕਿ ਨਹਿਰ ਵਾਲੇ ਰੇਲਵੇ ਪੁਲ (ਅੰਮ੍ਰਿਤਸਰ – ਡੇਰਾ ਬਾਬਾ ਨਾਨਕ ਰੇਲਵੇ ਟਰੈਕ) 'ਤੇ ਪਿਛਲੇ 13 ਸਾਲਾਂ ਤੋਂ ਥਾਣੇ ਵੱਲੋਂ ਗਾਰਦ ਲੱਗੀ ਹੋਈ ਸੀ ਤੇ ਲਗਾਤਰ ਉਹ ਹੀ ਤਿੰਨ ਸਿਪਾਹੀ ਉਥੇ ਡਿਊਟੀ ਦੇ ਰਹੇ ਸਨ। ਮੈਂ ਐਸ.ਐਚ.ਉ. ਨੂੰ ਪੁੱਛਿਆ ਕਿ ਇਹ ਗਾਰਦ ਕਿਸ ਆਰਡਰ ਨਾਲ ਲਗਾਈ ਗਈ ਹੈ? ਜਵਾਬ ਆਇਆ ਕਿ ਸਰ ਅੱਤਵਾਦ ਸਮੇਂ ਅਫਸਰਾਂ ਦੇ ਜ਼ੁਬਾਨੀ ਹੁਕਮਾਂ ਨਾਲ ਲਗਾਈ ਗਈ ਸੀ। ਪਰ ਕਿਸ ਅਫਸਰ ਨੇ ਹੁਕਮ ਦਿੱਤਾ ਸੀ, ਉਸ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਮੈਂ ਕਿਹਾ ਕਿ ਹੁਣ ਤਾਂ ਅੱਤਵਾਦ ਨਹੀਂ ਹੈ, ਹੁਣ ਕਿਉਂ ਲੱਗੀ ਹੈ? ਜਵਾਬ ਮਿਲਿਆ ਕਿ ਸਰ ਪਹਿਲਾਂ ਤੋਂ ਹੀ ਚੱਲਦੀ ਆ ਰਹੀ ਹੈ। ਮੈਂ ਐਸ.ਐਚ.ਉ. ਨੂੰ ਨਾਲ ਲੈ ਕੇ ਗਾਰਦ ਚੈੱਕ ਕਰਨ ਲਈ ਪਹੁੰਚਿਆ ਤਾਂ ਉਥੇ ਦਾ ਮਾਹੌਲ ਵੇਖਣ ਹੀ ਵਾਲਾ ਸੀ। ਇੱਕ ਸਿਪਾਹੀ ਵੱਡਾ ਸਾਰਾ ਕੱਛਾ ਪਾ ਕੇ ਰੇਲਵੇ ਦੀ ਅੱਧਾ ਏਕੜ ਜ਼ਮੀਨ 'ਤੇ ਕਬਜ਼ਾ ਕਰ ਕੇ ਬਣਾਈ ਗਈ ਬਗੀਚੀ ਵਿੱਚ ਸਬਜ਼ੀ ਗੋਡ ਰਿਹਾ ਸੀ। ਬੁਰੀ ਤਰਾਂ ਜੰਗਾਲੀਆਂ ਹੋਈਆਂ ਰਾਈਫਲਾਂ ਇੱਕ ਢੱਠੇ ਜਿਹੇ ਕਮਰੇ ਵਿੱਚ ਪਈਆਂ ਸਨ। ਪੁੱਛ ਗਿੱਛ ਕਰਨ 'ਤੇ ਪਤਾ ਲੱਗਾ ਕਿ ਰੋਜ਼ਾਨਾ ਸਿਰਫ ਇੱਕ ਸਿਪਾਹੀ ਵਾਰੀ ਨਾਲ ਰਾਈਫਲਾਂ ਦੀ ਰਾਖੀ ਲਈ ਇਥੇ ਰਹਿੰਦਾ ਹੈ ਤੇ ਬਾਕੀ ਘਰੇ ਅਰਾਮ ਫਰਮਾਉਂਦੇ ਹਨ। ਗੋਡੀ ਕਰਨ ਵਾਲਾ ਸਿਪਾਹੀ ਦੋ ਚਾਰ ਦਿਨਾਂ ਬਾਅਦ ਫੇਰੀ ਵਾਲਿਆਂ ਨੂੰ ਸਬਜ਼ੀ ਵੇਚ ਕੇ ਪੰਜ ਸੱਤ ਸੌ ਵੱਟ ਲੈਂਦਾ ਸੀ ਤੇ ਨਾਲ ਦੋ ਟੈਕਸੀਆਂ ਵੀ ਪਾਈਆਂ ਹੋਈਆਂ ਸਨ। ਬਾਕੀ ਦੇ ਦੋ ਸਿਪਾਹੀ ਭਾਈਵਾਲੀ ਵਿੱਚ ਪ੍ਰਾਪਰਟੀ ਦਾ ਧੰਦਾ ਕਰ ਰਹੇ ਸਨ। ਮੈਂ ਉਸ ਸਿਪਾਹੀ ਨੂੰ ਸਣੇ ਹਥਿਆਰਾਂ ਦੇ ਗੱਡੀ ਵਿੱਚ ਲੱਦ ਕੇ ਥਾਣੇ ਜਮ੍ਹਾਂ ਕਰਵਾਇਆ ਤੇ ਸਾਰੀ ਗਾਰਦ ਨੂੰ ਥਾਣੇ ਡਿਊਟੀ ਕਰਨ ਦਾ ਹੁਕਮ ਦੇ ਦਿੱਤਾ। ਸ਼ਾਮ ਤੱਕ ਮੈਨੂੰ ਲੀਡਰਾਂ ਅਤੇ ਅਫਸਰਾਂ ਦੇ ਕੋਈ 200 ਫੋਨ ਆਏ ਕਿ ਉਹਨਾਂ ਨੂੰ ਦੁਬਾਰਾ ਉਥੇ ਹੀ ਵਾਪਸ ਭੇਜਿਆ ਜਾਵੇ, ਪਰ ਮੈਂ ਇਹ ਕਹਿ ਕੇ ਟਾਲ ਦਿੱਤਾ ਕਿ ਗਾਰਦ ਦੇ ਆਰਡਰ ਚੰਡੀਗੜ੍ਹ ਤੋਂ ਕੈਂਸਲ ਹੋ ਗਏ ਹਨ।

ਇੱਕ ਛਾਉਣੀ ਵਿੱਚ ਇੱਕ ਨਵੇਂ ਕਮਾਂਡੈਂਟ ਦੀ ਪੋਸਟਿੰਗ ਹੋਈ। ਇੰਸਪੈਕਸ਼ਨ ਦੌਰਾਨ ਉਸ ਨੇ ਵੇਖਿਆ ਕਿ ਬੱਚਿਆਂ ਦੇ ਪਾਰਕ ਵਿੱਚ ਇੱਕ ਜਵਾਨ ਇੱਕ ਬੈਂਚ ਦੀ ਪਹਿਰੇਦਾਰੀ ਕਰ ਰਿਹਾ ਹੈ। ਉਸ ਦੇ ਕਾਰਨ ਪੁੱਛਣ 'ਤੇ ਸਿਪਾਹੀ ਨੇ ਜਵਾਬ ਦਿੱਤਾ, ਉਜ਼ਨਾਬ ਮੈਨੂੰ ਤਾਂ ਇਸ ਬਾਰੇ ਪਤਾ ਨਹੀਂ ਹੈ। ਪਿਛਲੇ ਕਮਾਂਡੈਂਟ ਸਾਹਿਬ ਨੇ ਇਸ ਦੀ ਪਹਿਰੇਦਾਰੀ ਕਰਨ ਦਾ ਹੁਕਮ ਦਿੱਤਾ ਸੀ। ਅਸੀਂ ਚਾਰ ਸਿਪਾਹੀ ਵਾਰੀ ਵਾਰੀ 24 ਘੰਟੇ ਇਸ ਬੈਂਚ ਦੀ ਪਹਿਰੇਦਾਰੀ ਕਰਦੇ ਹਾਂ।" ਕਮਾਂਡੈਂਟ ਕੁਝ ਦਿਨ ਤਾਂ ਚੁੱਪ ਰਿਹਾ ਕਿ ਸ਼ਾਇਦ ਇਸ ਛਾਉਣੀ ਦੀ ਇਹ ਕੋਈ ਪਰੰਪਰਾ ਹੋਵੇਗੀ। ਪਰ ਫਿਰ ਉਸ ਨੇ ਤਹਿ ਤੱਕ ਜਾਣ ਦਾ ਫੈਸਲਾ ਕੀਤਾ ਤੇ ਪਿਛਲੇ ਕਮਾਂਡੈਂਟ ਨੂੰ ਫੋਨ ਕੀਤਾ ਕਿ ਉਸ ਵਿਸ਼ੇਸ਼ ਬੈਂਚ ਦੀ ਪਹਿਰੇਦਾਰੀ ਕਿਉਂ ਕੀਤੀ ਜਾ ਰਹੀ ਹੈ? ਪਿਛਲੇ ਕਮਾਂਡੈਂਟ ਨੇ ਦੱਸਿਆ ਕਿ ਉਸ ਨੂੰ ਵੀ ਨਹੀਂ ਪਤਾ। ਉਸ ਤੋਂ ਪਿਛਲਾ ਕਮਾਂਡੈਂਟ ਉਸ ਬੈਂਚ ਦੀ ਪਹਿਰੇਦਾਰੀ ਕਰਵਾਉਂਦਾ ਸੀ, ਸੋ ਮੈਂ ਵੀ ਪਰੰਪਰਾ ਨੂੰ ਕਾਇਮ ਰੱਖਿਆ। ਨਵੇਂ ਕਮਾਂਡੈਂਟ ਨੇ ਆਪਣੇ ਯਤਨ ਜਾਰੀ ਰੱਖੇ ਤੇ ਅੱਗੇ ਤੋਂ ਅੱਗੇ ਪੁੱਛੀ ਗਿਆ, ਪਰ ਸਾਰਿਆਂ ਨੇ ਪਿਛਲੀ ਪਰੰਪਰਾ ਕਾਇਮ ਰੱਖਣ ਬਾਰੇ ਦੱਸ ਕੇ ਪੱਲਾ ਝਾੜ ਲਿਆ।

ਉਸ ਦੇ ਯਤਨਾਂ ਨੂੰ ਉਦੋਂ ਬੂਰ ਪਿਆ ਜਦੋਂ ਅਖੀਰ ਵਿੱਚ ਉਸ ਦੀ ਗੱਲ ਇੱਕ 99 ਸਾਲਾਂ ਦੇ ਰਿਟਾਇਰਡ ਜਨਰਲ ਨਾਲ ਹੋਈ। ਨਵੇਂ ਕਮਾਂਡੈਂਟ ਨੇ ਉਸ ਨੂੰ ਫੋਨ ਕੀਤਾ, ਉਸਰ ਮੈਂ ਤੁਹਾਨੂੰ ਡਿਸਟਰਬ ਕਰਨ ਲਈ ਮਾਫੀ ਚਾਹੁੰਦਾ ਹਾਂ। ਮੈਂ ਫਲਾਣੀ ਛਾਉਣੀ ਦਾ ਕਮਾਂਡੈਂਟ ਹਾਂ ਜਿੱਥੇ ਤੁਸੀਂ 60 ਸਾਲ ਪਹਿਲਾਂ ਕਮਾਂਡੈਂਟ ਹੁੰਦੇ ਸੀ। ਮੈਂ ਇਥੇ ਇੱਕ ਗਾਰਦ ਨੂੰ ਇੱਕ ਬੈਂਚ ਦੀ ਰਖਵਾਲੀ ਕਰਦੇ ਹੋਏ ਵੇਖਿਆ ਹੈ। ਕੀ ਤੁਸੀਂ ਮੈਨੂੰ ਇਸ ਬੈਂਚ ਬਾਰੇ ਕੁਝ ਜਾਣਕਾਰੀ ਦੇ ਸਕਦੇ ਹੋ? ਕੀ ਇਹ ਬੈਂਚ ਕੋਈ ਕੀਮਤੀ ਇਤਿਹਾਸਿਕ ਧਰੋਹਰ ਹੈ?"

ਜਰਨੈਲ ਸਾਹਿਬ ਨੂੰ ਇਹ ਗੱਲ ਸੁਣ ਕੇ ਸਖਤ ਹੈਰਾਨੀ ਹੋਈ, ਉਕੀ ਕਿਹਾ? ਉਸ ਬੈਂਚ ਦਾ ਪੇਂਟ ਅਜੇ ਤੱਕ ਨਹੀਂ ਸੁੱਕਾ?" ਕਮਾਂਡੈਂਟ ਨੇ ਫਿਰ ਪੁੱਛਿਆ, ਉਸਰ ਪੇਂਟ, ਕਿਹੜਾ ਪੇਂਟ? ਮੈਨੂੰ ਤੁਹਾਡੀ ਸਮਝ ਨਹੀਂ ਆਈ। ਬੈਂਚ ਤਾਂ ਗਲਿਆ ਸੜਿਆ ਪਿਆ ਹੈ।" ਜਰਨੈਲ ਸਾਹਿਬ ਹੱਸ ਕੇ ਬੋਲੇ, ਉਕਾਕਾ ਜਦੋਂ ਮੈਂ ਇਥੇ ਕਮਾਂਡੈਂਟ ਸੀ ਤਾਂ ਉਸ ਵੇਲੇ ਬੈਂਚ ਨੂੰ ਪੇਂਟ ਕੀਤਾ ਗਿਆ ਸੀ। ਪਾਰਕ ਵਿੱਚ ਖੇਡਣ ਵਾਲੇ ਬੱਚੇ ਕਿਤੇ ਆਪਣੇ ਕੱਪੜੇ ਖਰਾਬ ਨਾ ਕਰ ਲੈਣ, ਇਸ ਲਈ ਉਥੇ ਦੋ ਸਿਪਾਹੀਆਂ ਦੀ ਡਿਊਟੀ ਲਗਾਈ ਗਈ ਸੀ। ਮੈਨੂੰ ਤਾਂ ਉਸ ਰਾਤ ਹੀ ਜੰਗ ਕਾਰਨ ਬਾਰਡਰ 'ਤੇ ਜਾਣਾ ਪੈ ਗਿਆ ਸੀ ਤੇ ਉਥੋਂ ਹੀ ਮੇਰੀ ਬਦਲੀ ਹੋ ਗਈ ਸੀ।" ਸੁਣ ਕੇ ਨਵੇਂ ਕਮਾਂਡੈਂਟ ਨੂੰ ਚੱਕਰ ਆਉਣ ਲੱਗ ਪਏ।

# ਮਾਡਲਿੰਗ ਤੋਂ ਫ਼ਿਲਮਾਂ ਵੱਲ ਆਇਆ ਜਿੰਮੀ ਸ਼ਰਮਾ



ਸੁਰਜੀਤ ਜੱਸਲ
9814607737

ਮੌਜੂਦਾ ਦੌਰ ਦੇ ਗਾਇਕੀ ਪ੍ਰਧਾਨ ਸਿਨਮੇ ਵਿੱਚ ਬਹੁਤੇ ਗਾਇਕ ਨਾਇਕ ਬਣਕੇ ਉੱਭਰੇ ਹਨ ਪ੍ਰੰਤੂ ਕੁਝ ਨਾਇਕ ਅਜਿਹੇ ਵੀ ਹਨ ਜੋ ਇੰਨ੍ਹਾਂ ਗਾਇਕਾਂ ਦੇ ਹੀ ਗੀਤਾਂ ਵਿੱਚ ਅਦਾਕਾਰੀ ਕਰਕੇ ਸਟਾਰ ਕਲਾਕਾਰ ਬਣੇ। ਅਜਿਹੇ ਅਦਾਕਾਰਾਂ ਚੋਂ ਇੱਕ ਨਾਂ ਹੈ ਜਿੰਮੀ ਸ਼ਰਮਾਂ ...ਜੋ ਪਿਛਲੇ ਦੋ ਦਹਾਕਿਆਂ ਤੋਂ ਮਿਊਜ਼ਿਕ ਵੀਡਿਓਜ਼ ਖੇਤਰ ਦਾ ਇੱਕ ਜਾਣਿਆ ਪਛਾਣਿਆ ਚਿਹਰਾ ਹੈ। ਇਸੇ ਪਛਾਣ ਨੇ ਜਿੰਮੀ ਸ਼ਰਮਾਂ ਨੂੰ ਪੰਜਾਬੀ ਫ਼ਿਲਮਾਂ ਨਾਲ ਜੋੜਿਆ ਜੋ ਬਤੌਰ ਨਾਇਕ ਇੱਕ ਦਰਜਨ ਦੇ ਕਰੀਬ ਫ਼ਿਲਮਾਂ ਕਰਕੇ ਚੁੱਕਿਆ ਹੈ। ਕੁਝ ਸਾਲ ਦੇ ਵਕਫ਼ੇ ਬਾਅਦ ਜਿੰਮੀ ਸ਼ਰਮਾਂ ਇੰਨ੍ਹੀ ਦਿਨੀਂ ਆਪਣੀ ਨਵੀਂ ਫ਼ਿਲਮ 'ਵਿੱਚ ਬੋਲੂੰਗਾ ਤੇਰੇ' ਨਾਲ ਮੁੜ ਸਰਗਰਮ ਹੋਇਆ ਹੈ। ਗੋਇਲ ਮਿਊਜ਼ਿਕ ਦੀ ਪੇਸ਼ਕਸ਼ ਤੇ ਵਿੰਨਰ ਫ਼ਿਲਮਜ਼ ਦੇ ਬੈਨਰ ਹੇਠ ਬਣੀ ਲੇਖਕ ਨਿਰਦੇਸ਼ਕ ਗੁਰਮੀਤ ਸਾਜਨ ਤੇ ਮਨਜੀਤ ਸਿੰਘ ਟੋਨੀ ਦੀ ਇਹ ਫ਼ਿਲਮ ਬਾਰੇ ਜਿੰਮੀ ਸ਼ਰਮਾ ਨੇ ਦੱਸਿਆ ਕਿ ਇਹ ਫ਼ਿਲਮ ਕਾਮੇਡੀ, ਰੁਮਾਂਸ ਤੇ ਟਰੈਜਡੀ ਅਧਾਰਤ ਮਨੋਰੰਜਨ ਭਰਪੂਰ ਕਹਾਣੀ ਹੈ ਜਿਸ ਵਿੱਚ ਬਤੌਰ ਨਾਇਕ ਉਸਨੇ ਪਟਵਾਰੀ ਦਾ ਕਿਰਦਾਰ ਨਿਭਾਇਆ ਹੈ ਜੋ ਫ਼ਿਲਮ ਦੀ ਨਾਇਕਾ ਨੂੰ ਪਿਆਰ ਕਰਦਾ ਹੈ। ਇਸ ਫ਼ਿਲਮ ਵਿੱਚ



ਜਿੰਮੀ ਸ਼ਰਮਾ

ਰਵਿੰਦਰ ਗਰੇਵਾਲ ਨੇ ਇੱਕ ਭੂਤ ਦਾ ਕਿਰਦਾਰ ਨਿਭਾਇਆ ਹੈ ਜਿਸਦੇ ਆਲੇ ਦੁਆਲੇ ਸਾਰੀ ਫ਼ਿਲਮ ਘੁੰਮਦੀ ਹੈ। ਦਰਸ਼ਕ ਇਸ ਫ਼ਿਲਮ ਰਾਹੀਂ ਵੇਖਣਗੇ ਕਿ ਕਿਵੇਂ ਇੱਕ ਭੂਤ ਦੇ ਸਿਰ 'ਤੇ 'ਪਿਆਰ ਦਾ ਭੂਤ' ਸਵਾਰ ਹੁੰਦਾ ਹੈ। ਇਹ ਪਹਿਲੀ ਭੂਤਾਂ ਵਾਲੀ ਫ਼ਿਲਮ ਹੈ ਜੋ ਦਰਸ਼ਕਾਂ ਨੂੰ ਡਰਾਉਣ ਦੀ ਵਜਾਏ ਹਸਾਵੇਗੀ। ਇਹ ਫ਼ਿਲਮ ਹਰ ਉਮਰ ਦੇ ਦਰਸ਼ਕ ਦਾ ਮਨੋਰੰਜਨ ਕਰੇਗੀ। ਫ਼ਿਲਮ ਦੀ ਕਹਾਣੀ ਦੇ ਨਾਲ ਨਾਲ ਗੀਤ ਸੰਗੀਤ ਵੀ ਬਹੁਤ ਖੂਬਸੂਰਤ ਹੈ। ਇਸ ਫ਼ਿਲਮ ਵਿਚ ਰਵਿੰਦਰ ਗਰੇਵਾਲ, ਮੌਲੀਨਾ ਸੋਢੀ, ਜਿੰਮੀ ਸ਼ਰਮਾਂ, ਗੁਰਮੀਤ ਸਾਜਨ, ਨਿਸ਼ਾ ਬਾਨੋ, ਅਨੀਤਾ ਮੀਤ, ਸੁੱਖੀ ਚਾਹਲ, ਮਨਜੀਤ ਮਨੀ, ਮਲਕੀਤ ਰੌਣੀ, ਪਰਮਿੰਦਰ ਕੌਰ ਗਿੱਲ, ਦਿਲਾਵਰ ਸਿੱਧੂ, ਸੁਖਦੇਵ ਬਰਨਾਲਾ, ਅੰਮ੍ਰਿਤਪਾਲ ਸਿੰਘ ਬਿੱਲਾ, ਸਤਿੰਦਰ ਕੌਰ, ਗੁਰਪ੍ਰੀਤ ਤੋਤੀ, ਜੱਸੀ ਮਾਨ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। 14 ਅਕਤੂਬਰ ਨੂੰ ਰਿਲੀਜ਼ ਹੋਈ ਇਹ ਪੰਜਾਬੀ ਸਿਨਮੇ ਨੂੰ ਇੱਕ ਨਵਾਂ ਮੋੜ ਦੇਵੇਗੀ। ਲੁਧਿਆਣਾ ਵਾਸੀ ਜਿੰਮੀ ਸ਼ਰਮਾ ਨੇ ਦੱਸਿਆ ਕਿ ਕਲਾ ਨਾਲ ਉਸਨੂੰ ਬਚਪਨ ਤੋਂ ਹੀ ਲਗਾਓ ਸੀ। ਬਾਡੀ ਬਿਲਡਰ ਬਣਦਾ ਬਣਦਾ ਉਹ ਅਚਾਨਕ ਮਾਡਲਿੰਗ ਵੱਲ ਆ ਗਿਆ। 500 ਤੋਂ ਵੱਧ ਗੀਤਾਂ ਵਿੱਚ ਅਦਾਕਾਰੀ ਕਰ ਚੁੱਕਿਆ ਜਿੰਮੀ ਸ਼ਰਮਾ 10 ਤੋਂ ਵੱਧ ਫ਼ਿਲਮਾਂ ਹੀਰੋ ਵਜੋਂ ਕਰ ਚੁੱਕਾ ਹੈ। ਉਸਨੇ ' ਮਰ ਜਾਵਾਂ ਗੁੜ ਖਾ ਕੇ, ਰਹੇ ਚੜ੍ਹਦੀਕਲਾ ਪੰਜਾਬ ਦੀ, ਪਿੰਕੀ ਮੋਗੇ ਵਾਲੀ 2, 25 ਕਿੱਲੇ, ਓਏ ਹੋਏ ਪਿਆਰ ਹੋ ਗਿਆ' ਆਦਿ ਸਮੇਤ ਤਿੰਨ ਹਿੰਦੀ ਫ਼ਿਲਮਾਂ 'ਏਕ ਕਹਾਣੀ ਜੂਲੀ ਕੀ, ਹਿੰਡਨ ਸਟਰਾਈਕ,ਰਕਤਧਾਰ' ਵੀ ਕੀਤੀਆਂ। ਗੀਤਾਂ ਦੀ ਗੱਲ ਕਰੀਏ ਤਾਂ ' ਅਜੇ ਸਫ਼ਾਰੀ ਸਮਝ ਸੋਹਣੀਏ 5911 ਨੂੰ ( ਸੁਰਜੀਤ ਭੁੱਲਰ) ਡਾਂਗ ਵਰਗਿਆ ਯਾਰਾ, ਦੁੱਖ ਵਿਛੜੀ ਦਾ (ਧਰਮਪ੍ਰੀਤ), ਤੈਨੂੰ ਰੱਜ ਕੇ ਰਵਾਂਵਾਂ ਕਿਤੇ ਟੱਕਰੇ ਜੇ ਕੱਲਾ( ਜਸਵਿੰਦਰ ਬਰਾੜ), ਰੰਗਲੀ ਕੋਠੀ ( ਅਮਰ ਅਰਸ਼ੀ) ਚੁੰਘਦੇ ਆ ਬੂਰੀਆਂ ਤੇ ਖੇਡਦੇ ਕਬੱਡੀਆਂ( ਪ੍ਰੀਤ ਬਰਾੜ) ਛੁੱਟੀਆਂ (ਜਸ਼ਨਦੀਪ) ਕਰ ਲਿਆ ਜਿੰਮ ਜੁਆਇਨ(ਮਿਸ ਪੂਜਾ-ਜਤਿੰਦਰ ਗਿੱਲ) ਡੋਰੀਆ( ਸਾਬਰ ਕੋਟੀ) ਕੈਂਠੇ ਵਾਲਾ ਧਾਰ ਕੱਢਦਾ( ਮਲਿਕਾ ਜੋਤੀ) ਗੱਲ ਚੱਕਲੀ ਮੁੰਡਿਆ ਨੇ( ਗੁਰਲੇਜ਼ ਅਖ਼ਤਰ) ਗੀਤਾਂ ਜ਼ਰੀਏ ਜਿੰਮੀ ਦਾ ਚਿਹਰਾ ਅੱਜ ਵੀ ਲੋਕਾਂ ਵਿੱਚ ਹਰਮਨ ਪਿਆਰਾ ਹੈ। ਜਿੰਮੀ ਦਾ ਕਹਿਣਾ ਹੈ ਕਿ ਉਹ ਫ਼ਿਲਮਾਂ ਦੇ ਨਾਲ ਨਾਲ ਗੀਤਾਂ ਵਿੱਚ ਵੀ ਕੰਮ ਕਰਦਾ ਰਹੇਗਾ ਕਿਉਂਕਿ ਗੀਤਾਂ ਨਾਲ ਹੀ ਉਸਦੀ ਮੁੱਢਲੀ ਪਛਾਣ ਬਣੀ ਹੈ। ਭਵਿੱਖ ਵਿੱਚ ਉਸਦੀਆਂ ਦੋ ਪੰਜਾਬੀ ਫ਼ਿਲਮਾਂ ਅਤੇ ਇੱਕ ਵੈੱਬ ਸ਼ੀਰਜ਼ ਵੀ ਆ ਰਹੀ ਹੈ।

ਫ਼ਿਲਮ 'ਵਿੱਚ ਬੋਲੂੰਗਾ ਤੇਰੇ' ਤੋਂ ਜਿੰਮੀ ਨੂੰ ਭਰਪੂਰ ਆਸਾਂ ਹਨ। ੧੪ ਅਕਤੂਬਰ ਨੂੰ ਦੇਸ਼ ਵਿਦੇਸ਼ਾਂ ਵਿਚ ਰਿਲੀਜ਼ ਹੋਈ ਇਸ ਫ਼ਿਲਮ ਦਾ ਨਿਰਮਾਣ ਗੋਇਲ ਮਿਊਜ਼ਿਕ ਅਤੇ ਮਨਜੀਤ ਸਿੰਘ ਟੋਨੀ ਤੇ ਗੁਰਮੀਤ ਸਾਜਨ ਨੇ ਮਿਲ ਕੇ ਕੀਤਾ ਹੈ। ਜਿਸਦੇ ਸਹਿ ਨਿਰਮਾਤਾ ਬਾਗੀ ਸੰਧੂ ਰੁੜਕਾ ਕਲਾ(ਯੂ ਕੇ), ਗੁਰਮੀਤ ਫੋਟੋਜਨਿਕ ਤੇ ਪਰਵਿੰਦਰ ਬਤਰਾ ਹਨ। ਇਸ ਦੇ ਗੀਤ ਅਤੇ ਟਰੇਲਰ ਦਰਸ਼ਕਾਂ ਦੀ ਪਹਿਲਾਂ ਹੀ ਪਸੰਦ ਬਣੇ ਹੋਏ ਹਨ।

# ਪੰਜਾਬੀ ਗਾਇਕੀ ਦੀ 'ਸੰਦਲੀ ਫ਼ਿਜ਼ਾ ਦਾ ਗਹਿਣਾਂ' ਨੇ ਉਦਾਸ ਗੀਤ ...

**ਇਕ ਸਮਾਂ ਸੀ ਜਦ ਨੌਜਵਾਨੀ ਇਨ੍ਹਾਂ ਕਲਾਕਾਰਾਂ ਨੂੰ ਉਦਾਸ ਗੀਤਾਂ ਵਾਲੇ ਕਲਾਕਾਰਾਂ ਦੇ ਨਾਮ ਨਾਲ ਬੁਲਾਉਣ ਲੱਗੀ ਸੀ । ਖ਼ੈਰ ਕੁਝ ਵੀ ਸੀ ਪਰ ਉਸ ਸਮੇਂ ਉਦਾਸ ਗੀਤਾਂ ਜ਼ਰੀਏ ਇਨ੍ਹਾਂ ਕਲਾਕਾਰਾਂ ਵੱਲੋਂ ਕੀਤੀ ਝੰਡੀ ਪੰਜਾਬੀ ਗਾਇਕੀ ਦੇ ਇਤਿਹਾਸ ਦਾ ਹਿੱਸਾ ਜ਼ਰੂਰ ਬਣ ਗਈ । ਕਿਤੇ ਨਾ ਕਿਤੇ ਸੱਥਾਂ ਵਿੱਚ ਬੈਠੇ ਲੋਕ ਅੱਜ ਵੀ ਕਹਿ ਦਿੰਦੇ ਨੇ ਕਿ ਅੱਜ ਦੇ ਆਹ 'ਫੁਕਰਾਪੰਥੀ ਕਲਾਕਾਰਾਂ' ਨਾਲੋਂ ਉਨ੍ਹਾਂ ਕਲਾਕਾਰਾਂ ਦੀ ਗਾਇਕੀ ਕਈ ਦਰਜੇ ਜ਼ਿਆਦਾ ਚੰਗੀ ਸੀ ।**



ਮਨਜਿੰਦਰ ਸਿੰਘ ਸਰੌਦ
(ਮਾਲੇਰਕੋਟਲਾ)
94634 -63136

- ਪੰਜਾਬੀ ਗਾਇਕੀ ਦੇ ਵਿਹੜੇ ਅੰਦਰ ਸਮੇਂ-ਸਮੇਂ ਤੇ ਹਰ ਤਰ੍ਹਾਂ ਦੇ ਰੰਗ ਤੇ ਵੰਨਗੀਆਂ ਆਪੋ ਆਪਣੀ ਕਲਾ ਦਾ ਜੌਹਰ ਜ਼ਰੂਰ ਵਿਖਾਉਂਦੀਆਂ ਰਹਿੰਦੀਆਂ ਹਨ। ਜਿਵੇਂ ਅੱਜਕੱਲ੍ਹ ਸਿੰਗਲ ਟਰੈਕ ਰਾਹੀਂ ਧੂਹ ਘੜੀਸ ਤੇ ਚੱਕਲੋ ਧਰਲੋ ਵਾਲੇ ਗੀਤਾਂ ਨੇ ਹਨੇਰੀ ਲਿਆਂਦੀ ਹੈ। ਕਦੇ ਉਸੇ ਤਰ੍ਹਾਂ ਨੱਬੇ ਵੇਂ ਦਹਾਕੇ ਦੇ ਆਲੇ ਦੁਆਲੇ ਪੰਜਾਬੀ ਗਾਇਕੀ ਦੇ ਵਿਹੜੇ ਅੰਦਰ ਉਦਾਸ ਗੀਤਾਂ ਦੀਆਂ ਕਲੀਆਂ ਦੇ ਫੁੱਲ ਵੀ ਖਿੜਦੇ ਸਨ। ਇਹ ਵੱਖਰਾ ਵਿਸ਼ਾ ਹੈ ਕਿ ਅੱਜ ਕੱਲ੍ਹ ਦੀ ਗਾਇਕੀ ਨੇ ਪੰਜਾਬ ਦੀ ਨੌਜਵਾਨੀ ਨੂੰ ਕੁਰਾਹੇ ਪਾਉਣ ਦਾ ਵੱਡਾ ਯਤਨ ਯਤਨ ਕੀਤੈ, ਪਰ ਉਦਾਸ ਗੀਤਾਂ ਜ਼ਰੀਏ ਉਸ ਸਮੇਂ ਦੀ ਨੌਜਵਾਨੀ ਆਪਣੇ ਪ੍ਰਤੀਬਿੰਬ ਨੂੰ ਕਿਸੇ ਹੋਰ ਢੰਗ ਨਾਲ ਵੇਖਦੀ ਸੀ। ਅੱਜ ਦੀ ਕੱਚ-ਘਰੜ ਗਾਇਕੀ ਤੇ ਉਸ ਸਮੇਂ ਦੀ ਉਦਾਸ ਸੁਰ ਵਾਲੀ ਗਾਇਕੀ ਵਿਚ ਬੜਾ ਵੱਡਾ ਅੰਤਰ ਸਾਫ਼ ਵਿਖਾਈ ਦਿੰਦਾ ਹੈ। ਇਹ ਠੀਕ ਹੈ ਕਿ ਸਮੇਂ ਦੀ ਮਾਰੀ ਪਲਟੀ ਤੇ ਗਲੈਮਰ ਦੀ ਚਕਾਚੌਂਧ ਨੇ ਵੀਡੀਓਜ਼ ਦੇ ਖੇਤਰ ਰਾਹੀਂ ਇਕ ਵੱਡਾ ਪਲੇਟਫਾਰਮ ਕਲਾਕਾਰ ਵਰਗ ਨੂੰ ਦਿੱਤਾ ਪਰ ਉਸ ਸਮੇਂ ਜੋ ਸੁਹਜ ਤੇ ਸਵਾਦ ਉਦਾਸ ਗੀਤਾਂ ਨੂੰ ਸੁਣਨ ਵਿੱਚ ਆਉਂਦਾ ਸੀ ਉਹ ਕਿਧਰੇ ਵੀ ਵਿਖਾਈ ਨਹੀਂ ਦਿੰਦਾ। ਇਕ ਸਮਾਂ ਉਹ ਵੀ ਸੀ ਜਦ ਕਾਲਜੀਏਟ ਨੌਜਵਾਨ ਤੇ ਮੁੰਡੇ ਕੁੜੀਆਂ ਉਸ ਸਮੇਂ ਦੇ ਉਦਾਸ ਗੀਤਾਂ ਦੇ ਇਸ ਕਦਰ ਦੀਵਾਨੇ ਸਨ ਕਿ ਉਹ ਉਦਾਸ ਗੀਤ ਗਾਉਣ ਵਾਲੇ ਕਲਾਕਾਰਾਂ ਦੀਆਂ ਤਸਵੀਰਾਂ ਤੱਕ ਨੂੰ ਪਿਆਰ ਕਰਦੇ ਸਨ। ਉਸ ਸਮੇਂ ਦੇ ਦੀਵਾਨਿਆਂ ਕੋਲ ਅੱਜ ਵੀ ਇਹ ਗੀਤ ਕਿਸੇ ਸੱਜਣ ਦੇ ਗਹਿਣੇ' ਵਾਂਗਰਾਂ ਸਾਂਭੇ ਪਏ ਹਨ।

ਪੰਜਾਬੀ ਗਾਇਕੀ ਤੇ ਗੀਤਕਾਰੀ ਦੇ ਇਤਿਹਾਸ ਅੰਦਰ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਆਪਣੇ ਸਮੇਂ ਦੇ ਬਾਬਾ ਬੋਹੜ ਜਰਨੈਲ ਸਿੰਘ ਘੁਮਾਣ ਦੀ ਕਲਮ ਚੋਂ ਨਿਕਲੇ ਗੀਤਾਂ ਨੂੰ ਦਰਜਨਾਂ ਕਲਾਕਾਰ ਗਾ ਕੇ ਗਾਇਕੀ ਦੇ ਸ਼ਾਹ ਅਸਵਾਰ ਬਣੇ। ਉਦਾਸ ਗੀਤਾਂ ਰਾਹੀਂ ਪੰਜਾਬ ਦੀ ਨੌਜਵਾਨੀ ਦਾ ਵੱਡਾ ਹਿੱਸਾ ਜਰਨੈਲ ਸਿੰਘ ਘੁਮਾਣ ਤੇ ਭਿੰਦਰ ਡੱਬਵਾਲੀ ਨੂੰ ਆਪਣੇ ਗੀਤਾਂ ਦਾ ਹੀਰੋ ਤੇ ਆਦਰਸ਼ ਮੰਨਣ ਤੋਂ ਇਨਕਾਰੀ ਨਹੀਂ ਸੀ। ਜੇ ਵੇਖੀਏ ਭਾਵੇਂ ਅੱਗੇ-ਪਿੱਛੇ ਬਹੁਤ ਸਾਰੇ ਗੀਤ ਮਾਰਕੀਟ ਦੇ ਵਿਚ ਉਦਾਸੀ ਸੁਰ ਵਾਲੇ ਆਏ ਪਰ ਪੰਜਾਬੀ ਗਾਇਕ ਰਣਜੀਤ ਮਣੀ , ਧਰਮਪ੍ਰੀਤ , ਮਨਜੀਤ ਰੂਪੋਵਾਲੀਆ , ਹਰਦੇਵ ਮਾਹੀਨੰਗਲ , ਦਵਿੰਦਰ ਕੋਹੇਨੂਰ ,





ਕਰਮਜੀਤ ਰੰਧਾਵਾ ਸਮੇਤ ਕਈ ਚੋਟੀ ਦੇ ਕਲਾਕਾਰ ਨੇ ਲੰਬਾ ਸਮਾਂ ਉਦਾਸ ਗੀਤਾਂ ਰਾਹੀਂ ਮਾਰਕੀਟ ਅੰਦਰ ਆਪਣੇ ਸਬਦ ਰਾਹੀਂ ਜਲਵਾ ਬਿਖੇਰਿਆ। ਜ਼ਿਆਦਾਤਰ ਉਦਾਸ ਗੀਤ ਉਸ ਸਮੇਂ ਦੇ ਗੀਤਕਾਰ ਬਚਨ ਬੇਦਿਲ , ਭਿੰਦਰ ਡੱਬਵਾਲੀ , ਕੋਮਲ ਸੁਨਾਮੀ ਦੀਆਂ ਕਲਮਾਂ ਦਾ ਸ਼ਿੰਗਾਰ ਬਣੇ । ਗੀਤਕਾਰ ਜਸਬੀਰ ਗੁਣਾਚੌਰੀਆ ਤੇ ਗੁਰਚਰਨ ਵਿਰਕ ਦੀ ਗਿਣਤੀ ਵੀ ਪਾਏਦਾਰ ਗੀਤਕਾਰਾਂ ਵਿੱਚ ਹੁੰਦੀ ਸੀ। ਹਰਜਿੰਦਰ ਬੱਲ ਦੇ ਲਿਖੇ ਗੀਤ ਵੀ ਨੌਜਵਾਨਾਂ ਦੇ ਮੂੰਹਾਂ ਤੇ ਆਪ ਮੁਹਾਰੇ ਆ ਜਾਂਦੇ ਸਨ। ਲੰਘੇ ਸਮੇਂ ਇਨ੍ਹਾਂ ਵਿੱਚੋਂ ਕਈ ਗੀਤਾਂ ਤੇ ਆਸ਼ਕੀ ਨੂੰ ਬੜ੍ਹਾਵਾ ਦੇਣ ਦੇ ਦੋਸ਼ ਵੀ ਲੱਗੇ। ਗਾਇਕ ਰਣਜੀਤ ਮਣੀ ਨੂੰ ਉਸ ਸਮੇਂ 'ਮੇਰੇ ਸੋਹਣੇ ਦਾ ਪ੍ਰਿੰਸੀਪਲ ਜੀ ਹਾੜ੍ਹਾ ਕੱਟਿਓ ਨਾ ਕਾਲਜ ਚੋਂ ਨਾਂ' ਤੇ 'ਤੇਰੇ ਵਿਆਹ ਦੇ ਕਾਰਡ' ਵਾਲੀ ਕੈਸਟ ਨੇ ਹੱਥੋ-ਹੱਥੀ ਸਟਾਰਾਂ ਦੀ ਗਿਣਤੀ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ। ਇਕ ਤਰ੍ਹਾਂ ਨਾਲ ਪੰਜਾਬੀ ਗਾਇਕੀ ਦੇ ਇਤਿਹਾਸ ਵਿਚ ਧੁਮ ਮਚਾ ਦਿੱਤੀ ਸੀ ਇਨ੍ਹਾਂ ਗੀਤਾਂ ਨੇ। ਸਵ.ਧਰਮਪ੍ਰੀਤ ਦੇ 'ਟੁੱਟੇ ਦਿੱਲ ਨੀ ਜੁੜ ?ਦੇ ਅੜੀਏ ਤੋੜੀ ਨਾਂ' ਗੀਤ ਵਾਲੀ ਕੈਸਟ ਬੱਸਾਂ ਤੋਂ ਲੈ ਕੇ ਟਰੈਕਟਰਾਂ ਤਕ ਰੂਹ ਨਾਲ ਸੁਣੀ ਗਈ। ਸੋਹਣੇ ਸੁਨੱਖੇ ਨੌਜਵਾਨ ਮਨਜੀਤ ਰੂਪੋਵਾਲੀਆ ਦਾ ਆਪਣਾ ਇੱਕ ਵੱਖਰਾ ਸਥਾਨ ਸੀ ਉਸ ਨੇ ਗੀਤ ਭਾਵੇਂ ਘੱਟ ਗਾਏ ਪਰ 'ਜੇ ਕਹਿਤਾ ਜੀਅ ਨੀ ਲੱਗਣਾ ਫੇਰ ਕਿਹੜਾ ਵਾਪਸ ਆਜੇਂਗੀ', 'ਇਹ ਕੁੜੀ ਓਹੀ ਹੋਣੀ ਐ' ਸਦਾ ਲਈ ਨੌਜਵਾਨ ਸਰੋਤਿਆਂ ਦੇ ਮੂੰਹੋਂ ਚੜ੍ਹ ਗਏ। ਹਰਦੇਵ ਮਾਹੀਨੰਗਲ ਨੇ 'ਰਾਤੀਂ ਘੋਲ ਕੇ ਸ਼ਰਾਬ ਵਿਚ ਪੀ ਗਿਆ' ਤੇ 'ਮਾਹੀ ਚਾਹੁੰਦਾ ਕਿਸੇ ਹੋਰ ਨੂੰ' ਵਰਗੇ ਗੀਤਾਂ ਨੂੰ ਜਦ ਆਪਣੀ ਆਵਾਜ਼ ਰਾਹੀਂ ਕਾਇਨਾਤ ਦੀ ਸੰਦਲੀ ਫ਼ਿਜ਼ਾ ਵਿੱਚ ਬਿਖੇਰਿਆ ਤਾਂ ਉਸ ਨੂੰ ਵੱਡੇ ਮਾਣ ਸਨਮਾਨ ਮਿਲੇ। ਉਸ ਸਮੇਂ ਕਈ ਪੰਜਾਬੀ ਗਾਇਕੀ ਦੇ ਪੰਡਤਾਂ ਵੱਲੋਂ ਉਸ ਗਾਇਕੀ ਨੂੰ ਹਟਕੋਰਿਆਂ ਤੇ ਹਉਕਿਆਂ ਦੀ ਗਾਇਕੀ ਕਹੇ ਜਾਣ ਦੇ ਨਾਲ-ਨਾਲ ਬਹੁਤੇ ਲੋਕ ਟੁੱਟੇ ਦਿਲਾਂ ਤੇ ਵਿਛੋੜੇ ਦੀ ਵੇਦਨਾ ਦਾ ਸ਼ਿਕਾਰ ਨੌਜਵਾਨਾਂ ਲਈ ਇਸ ਗਾਇਕੀ ਨੂੰ ਵੱਡਾ ਢਾਰਸ ਵੀ ਮੰਨਦੇ ਸਨ। ਗ਼ਰੀਬ ਘਰ ਚੋਂ ਉੱਠੇ ਦਵਿੰਦਰ ਕੋਹੇਨੂਰ ਤੇ ਕਰਮਜੀਤ ਰੰਧਾਵਾ ਨੇ ਜ਼ਿਆਦਾਤਰ ਬਚਨ ਬੇਦਿਲ ਦੀ ਕਲਮ ਚੋਂ ਨਿਕਲੇ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ ਤੇ ਬੇਸ਼ੱਕ ਲੰਮਾ ਸਮਾਂ ਪੰਜਾਬੀ ਗਾਇਕੀ ਅੰਦਰ ਟਿਕ ਨਾ ਸਕੇ ਪਰ ਇੱਕ ਸਥਾਨ ਜ਼ਰੂਰ ਬਣਾ ਗਏ। ਦਵਿੰਦਰ ਨੇ 'ਤੈਨੂੰ




ਦਿਲ ਦੇ ਖ਼ੂਨ ਦੀ ਮਹਿੰਦੀ ਦਿੰਦੇ ਤਲੀਆਂ ਉੱਤੇ ਲਾਉਣ ਲਈ' ਵਰਗੇ ਗੀਤ ਗਾਏ ਤਾਂ ਨੌਜਵਾਨੀ ਨੇ ਇਕਦਮ ਉਸ ਨੂੰ ਅੱਖਾਂ ਦੀਆਂ ਪਲਕਾਂ ਤੇ ਚੁੱਕ ਲਿਆ। ਰੰਧਾਵਾ ਨੇ ਜ਼ਿਆਦਾਤਰ ਕਿਸਾਨੀ ਨਾਲ ਸਬੰਧਤ ਗੀਤਾਂ ਨੂੰ ਨੂੰ ਆਪਣੀ ਆਵਾਜ਼ ਦਿੱਤੀ । ਪੰਜਾਬੀ ਗਾਇਕੀ ਦੇ ਇਤਿਹਾਸ ਅੰਦਰ ਕਈ ਦਹਾਕੇ ਇਨ੍ਹਾਂ ਕਲਾਕਾਰਾਂ ਨੇ ਆਪਣੇ ਸਰੋਤਿਆਂ ਦੇ ਮਨਾਂ ਤੇ ਰੱਜ ਕੇ ਰਾਜ ਕੀਤਾ ਤੇ ਚੋਖਾ ਨਾਵਾਂ ਵੀ ਕਮਾਇਆ ਪਰ ਇਨ੍ਹਾਂ ਵਿੱਚੋਂ ਬਹੁਤੇ 'ਗਲੈਮਰ ਦੀਆਂ ਫੇਟਾਂ' ਨੂੰ ਝੱਲ ਨਾ ਸਕੇ ਤੇ ਛੇਤੀ ਹੀ ਪਰਦੇ ਤੋਂ ਅਲੋਪ ਹੋ ਗਏ। ਕਈਆਂ ਨੇ ਸਮੇਂ ਦੇ ਨਾਲ ਬਦਲਣ ਦੀ ਡਾਹਢੀ ਕੋਸ਼ਿਸ਼ ਵੀ ਕੀਤੀ ਤੇ ਥੋੜ੍ਹਾ ਬਹੁਤਾ ਸਫਲ ਵੀ ਹੋਏ ਪਰ ਜ਼ਿਆਦਾਤਰੂ ਨੂੰ ਅਸਫ਼ਲਤਾ ਦਾ ਮੂੰਹ ਹੀ ਵੇਖਣਾ ਪਿਆ। ਪੰਜਾਬੀ ਗਾਇਕੀ ਦੇ ਇਕ ਖੇਤਰ ਦੇ ਇਨ੍ਹਾਂ ਫ਼ਨਕਾਰਾਂ ਵਿੱਚੋਂ ਕੁਝ ਇਕ ਇਸ ਸੰਸਾਰ ਤੋਂ ਕੂਚ ਵੀ ਕਰ ਚੁੱਕੇ ਹਨ ਤੇ ਕਈਆਂ ਨੇ ਆਪਣਾ ਰੈਣ ਬਸੇਰਾ ਵਿਦੇਸ਼ੀ ਧਰਤੀ ਤੇ ਬਣਾ ਲਿਆ ਹੈ। ਇਨ੍ਹਾਂ ਉਦਾਸ ਗੀਤਾਂ ਨੂੰ ਆਪਣੀ ਆਵਾਜ਼ ਦੇਣ ਵਾਲੇ ਕਲਾਕਾਰਾਂ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਭਾਵੇਂ ਟੁੱਟਵੇਂ-ਟੁੱਟਵੇਂ ਗੀਤ ਮਾਰਕੀਟ ਵਿਚ ਆਉਂਦੇ ਰਹੇ ਪਰ ਇਹ ਉਹ ਸਮਾਂ ਸੀ ਜਦ ਜ਼ਿਆਦਾਤਰ ਤੂਤੀ ਇਨ੍ਹਾਂ ਕਲਾਕਾਰਾਂ ਦੇ ਉਦਾਸ ਗੀਤਾਂ ਦੀ ਹੀ ਮਾਰਕੀਟ ਅੰਦਰ ਬੋਲਦੀ ਸੀ।

ਉਦਾਸ ਗੀਤ ਭਾਵੇਂ ਰਾਜ ਬਰਾੜ , ਕਰਮਜੀਤ ਅਨਮੋਲ , ਇੰਦਰਜੀਤ ਨਿੱਕੂ , ਰਵਿੰਦਰ ਗਰੇਵਾਲ , ਫ਼ਕੀਰ ਚੰਦ ਪਤੰਗਾ ਸਮੇਤ ਹੋਰਨਾਂ ਕਈ ਕਲਾਕਾਰਾਂ ਨੇ ਵੀ ਗਾਏ ਪਰ ਪਰ ਉਪਰਲੇ ਕਲਾਕਾਰਾਂ ਵੱਲੋਂ ਕੇਵਲ ਤੇ ਕੇਵਲ ਲੰਮਾ ਸਮਾਂ ਉਦਾਸ ਗੀਤਾਂ ਜ਼ਰੀਏ ਮਾਰਕੀਟ ਅੰਦਰ ਆਪਣੇ ਨਾਮ ਦਾ ਡੰਕਾ ਵਜਵਾਇਆ ਗਿਆ। ਇਕ ਸਮਾਂ ਸੀ ਜਦ ਨੌਜਵਾਨੀ ਇਨ੍ਹਾਂ ਕਲਾਕਾਰਾਂ ਨੂੰ ਉਦਾਸ ਗੀਤਾਂ ਵਾਲੇ ਕਲਾਕਾਰਾਂ ਦੇ ਨਾਮ ਨਾਲ ਬੁਲਾਉਣ ਲੱਗੀ ਸੀ। ਖ਼ੈਰ ਕੁਝ ਵੀ ਸੀ ਪਰ ਉਸ ਸਮੇਂ ਉਦਾਸ ਗੀਤਾਂ ਜ਼ਰੀਏ ਇਨ੍ਹਾਂ ਕਲਾਕਾਰਾਂ ਵੱਲੋਂ ਕੀਤੀ ਝੰਡੀ ਪੰਜਾਬੀ ਗਾਇਕੀ ਦੇ ਇਤਿਹਾਸ ਦਾ ਹਿੱਸਾ ਜ਼ਰੂਰ ਬਣ ਗਈ। ਕਿਤੇ ਨਾ ਕਿਤੇ ਸੱਥਾਂ ਵਿੱਚ ਬੈਠੇ ਲੋਕ ਅੱਜ ਵੀ ਕਹਿ ਦਿੰਦੇ ਨੇ ਕਿ ਅੱਜ ਦੇ ਆਹ 'ਫੁਕਰਾਪੰਥੀ ਕਲਾਕਾਰਾਂ' ਨਾਲੋਂ ਉਨ੍ਹਾਂ ਕਲਾਕਾਰਾਂ ਦੀ ਗਾਇਕੀ ਕਈ ਦਰਜੇ ਜ਼ਿਆਦਾ ਚੰਗੀ ਸੀ। ਇਹ ਗੱਲ ਠੀਕ ਹੈ ਕਿ ਉਸ ਸਮੇਂ ਵੀ ਕਈ ਕਲਾਕਾਰਾਂ ਤੇ ਆਪਣੇ ਗੀਤਾਂ ਜ਼ਰੀਏ ਨੌਜਵਾਨੀ ਨੂੰ ਵਿਗਾੜਨ ਦੇ ਦੋਸ਼ ਲੱਗੇ ਪਰ ਅੱਜ ਦੇ ਮੁਕਾਬਲੇ ਉਸ ਨੂੰ 'ਤੁੱਛ' ਗਿਣਿਆ ਜਾਵੇਗਾ। ਬਿਨਾਂ ਸ਼ੱਕ ਉਦਾਸ ਗੀਤਾਂ ਨੇ ਲੰਬਾ ਸਮਾਂ ਪੰਜਾਬੀ ਗਾਇਕੀ ਦੀ 'ਸੰਦਲੀ ਫ਼ਿਜ਼ਾ' ਅੰਦਰ ਆਪਣੀ 'ਕਲਾ ਦਾ ਜਲਵਾ' ਬਿਖੇਰਿਆ। ਜਿਸ ਨੂੰ ਅੱਜ ਕਈ ਦਹਾਕੇ ਬੀਤ ਜਾਣ ਦੇ ਬਾਅਦ ਵੀ ਉਸ ਸਮੇਂ ਦੇ ਸਮਕਾਲੀ ਲੋਕ 'ਠੰਡੀ ਹਾਅ' ਭਰ ਕੇ ਯਾਦ ਕਰਦੇ ਹਨ।

# ਪੰਜਾਬੀ ਰੰਗਮੰਚ ਦੀਆਂ ਟੂਟੀਆਂ



ਡਾ. ਸਾਹਿਬ ਸਿੰਘ

"ਇਸ ਤੋਂ ਬਾਅਦ ਭਾਅਜੀ ਦੇ ਮੂੰਹੋਂ ਨਿਕਲਿਆ ਇਹ ਸਹਿਜ ਸੁਭਾਵਿਕ ਸ਼ਬਦ ਸਾਡੀਆਂ ਮਹਿਫ਼ਲਾਂ ਦਾ ਸ਼ਿੰਗਾਰ ਬਣ ਗਿਆ, ਅਸੀਂ ਗੱਲ-ਗੱਲ 'ਤੇ ਇਕ-ਦੂਜੇ ਨੂੰ 'ਟੂਟੀ' ਕਹਿ ਕੇ ਸੁਆਦ ਲੈਂਦੇ। ਇਸ ਸ਼ਬਦ ਅੰਦਰ ਤਾਰੀਫ਼ ਵੀ ਸੀ, ਵਿਸ਼ਲੇਸ਼ਣ ਵੀ ਜਿਵੇਂ ਭਾਅਜੀ ਐਲਾਨ ਕਰ ਰਹੇ ਹੋਣ ਕਿ ਫਲਾਣਾ ਬੰਦਾ ਬੜਾ ਸਿਆਣਾ ਹੈ, ਬੜਾ ਤਜਰਬੇਕਾਰ ਹੈ, ਬੜਾ ਕਾਰੀਗਰ ਹੈ, ਬੜਾ ਮਿਹਨਤੀ ਹੈ, ਬੜਾ ਸਿਰੜੀ ਹੈ, ਬੜਾ ਹਰਮਨ-ਪਿਆਰਾ ਹੈ ਪਰ ਪਰ ਟੂਟੀ ਹੋਣ ਲਈ ਭਾਅਜੀ ਅਨੁਸਾਰ ਇਨ੍ਹਾਂ ਗੁਣਾਂ ਦੇ ਨਾਲ-ਨਾਲ ਹੇਠ ਲਿਖੇ ਗੁਣਾਂ ਵਿੱਚੋਂ ਕੋਈ ਇਕ ਜਾਂ ਸਾਰੇ ਹੋਣੇ ਜ਼ਰੂਰੀ ਸਨ: ਸੰਵੇਦਨਸ਼ੀਲ, ਸ਼ਰਾਰਤੀ, ਸਕੀਮੀ, ਜੁਗਾੜੀ, ਤੇਜ਼-ਤਰਾਰ ਜਾਂ ਪ੍ਰਪੱਕ ਵਿਉਂਤਕਾਰ!"

ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਡਾ. ਆਤਮਜੀਤ ਦੇ ਘਰ ਦਾ ਪੁਨਰ ਨਿਰਮਾਣ ਚੱਲ ਰਿਹਾ ਸੀ ਨਿਰਮਾਣ ਕਾਰਜ ਚੱਲਦਿਆਂ ਹੁਣ ਬਾਥਰੂਮ ਦੀਆਂ ਟੂਟੀਆਂ ਲੱਗਣ ਦੀ ਵਾਰੀ ਹੈ ਤੇ ਮੇਰਾ ਫੋਨ ਖੜਕ ਪਿਆ ਹੈ 'ਆਤਮਜੀਤ' ਤੇ 'ਸਾਹਿਬ' ਦੀ ਵਾਰਤਾਲਾਪ ਹੋ ਰਹੀ ਹੈ। ਸੰਦਰਭ ਟੂਟੀਆਂ ਦਾ ਹੈ। ਸੋਚਦੇ ਹੋਵੋਗੇ ਕਿ ਇਹ ਰੰਗਮੰਚ ਵਾਲੇ, ਡਰਾਮੇ ਵਾਲੇ, ਡਰਾਮੇਬਾਜ਼ ਵੀ ਅਜੀਬ ਨੇ। ਭਲਾ ਟੂਟੀ ਵੀ ਕੋਈ ਸੰਦਰਭ ਹੋਇਆ? ਟੂਟੀ ਤਾਂ ਟੂਟੀ ਏ, ਖੋਲ੍ਹੋ ਤਾਂ ਪਾਣੀ ਆਉਂਦਾ ਏ, ਬੰਦ ਕਰ ਦਿਓ ਤਾਂ ਮਨ ਸ਼ਾਂਤ ਹੋ ਜਾਂਦਾ ਕਿ ਹੁਣ ਬਿੱਲ ਜ਼ਿਆਦਾ ਨਹੀਂ ਆਏਗਾ। ਪਰ ਡਾ. 'ਆਤਮਜੀਤ' ਤੇ 'ਸਾਹਿਬ' ਦੀ ਕੋਈ ਤਾਂ ਟੂਟੀ-ਸਾਂਝ ਹੈ, ਬੱਸ ਇਹੀ ਅੱਜ ਦੀ ਇਸ ਕਲਮ ਘਸਾਈ ਦਾ ਕਾਰਨ ਹੈ। ਇਹ ਦੋ ਟੂਟੀਆਂ ਜਾਣਦੀਆਂ ਨੇ ਕਿ ਇਕ ਆਈ.ਐੱਸ.ਆਈ. ਮਾਰਕਾ ਟੂਟੀ ਆਪਣੀ ਮਿਆਦ ਪੂਰੀ ਹੋਣ ਤੋਂ ਬਾਅਦ ਵੀ ਇਨ੍ਹਾਂ ਟੂਟੀਆਂ ਅੰਦਰ ਐਸਾ ਜੋੜ ਬਣ ਕੇ ਕੰਮ ਕਰ ਰਹੀ ਹੈ ਕਿ ਇਹ ਟੂਟੀਆਂ ਲੋਕਾਈ ਦੀ ਪਿਆਸ ਬੁਝਾਉਣ ਲਈ ਯਤਨਸ਼ੀਲ ਹਨ ਤੇ ਲੋਕ ਇਨ੍ਹਾਂ ਟੂਟੀਆਂ ਨੂੰ ਅਪਣਾ ਰਹੇ ਹਨ।

ਇਹ ਗੱਲ ਵੀਹ ਕੁ ਸਾਲ ਪੁਰਾਣੀ ਹੈ। ਭਾਅਜੀ ਗੁਰਸ਼ਰਨ ਸਿੰਘ ਦੇ ਘਰ ਮੈਂ ਇਕ ਦਿਨ ਕਿਸੇ ਨਾਟਕ ਦੀ ਰਿਹਰਸਲ ਲਈ ਗਿਆ ਸੀ। ਉਨ੍ਹੀਂ ਦਿਨੀਂ ਮੈਂ ਡਾ. ਆਤਮਜੀਤ ਦੇ ਨਾਟਕ 'ਪੂਰਨ' ਵਿੱਚ 'ਸਲਵਾਨ' ਦਾ ਰੋਲ ਕਰ ਰਿਹਾ ਸੀ। ਮੈਂ ਭਾਅਜੀ ਨਾਲ 'ਆਤਮਜੀਤੀ ਤਜ਼ਰਬੇ' ਸਾਂਝੇ ਕਰ ਰਿਹਾ ਸੀ ਤੇ ਖ਼ੁਸ਼ੀ ਨਾਲ ਫੁੱਲਿਆ ਹੋਇਆ ਸੀ ਕਿ ਮੈਂ ਬਤੌਰ ਅਦਾਕਾਰ ਦੋ ਵੱਡੇ ਮੋਰਚੇ ਸਰ ਕਰ ਲਏ ਹਨ। ਭਾਅਜੀ ਬੜੇ ਪਿਆਰ ਨਾਲ ਮੈਨੂੰ ਡਾ. ਆਤਮਜੀਤ ਦੀ ਵਿਦਵਤਾ, ਬਾਰੀਕਬੀਨੀ, ਤਕਨੀਕੀ ਨਿਪੁੰਨਤਾ ਆਦਿ ਬਾਰੇ ਸਮਝਾ ਰਹੇ ਸਨ (ਬਿਲਕੁਲ ਉਵੇਂ ਜਿਵੇਂ ਇਕ ਬਾਪ ਆਪਣੇ ਬੱਚੇ ਨੂੰ ਕਹਿ ਰਿਹਾ ਹੋਵੇ ਕਿ ਫਲਾਣੇ ਅਧਿਆਪਕ ਕੋਲੋਂ ਤੂੰ ਬਹੁਤ ਕੁਝ ਸਿੱਖੇਂਗਾ!) ਮੈਂ ਮੰਤਰ-ਮੁਗਧ ਹੋਇਆ ਸੁਣ ਰਿਹਾ ਸੀ ਕਿ ਅੰਤ ਵਿੱਚ ਭਾਅਜੀ ਨੇ ਇਕ ਰੰਗਮੰਚੀ ਤੁਣਕਾ ਮਾਰਿਆ, "ਉਂਝ ਆਤਮਜੀਤ ਬੜਾ ਟੂਟੀ ਏ।"ਇਹ ਬੋਲ ਕੇ ਭਾਅਜੀ ਆਪਣੇ ਅੰਦਾਜ਼ ਵਿਚ ਹੱਸੇ ਪਰ ਮੈਂ ਨਾ ਹੱਸਿਆ। ਨਾ ਗੰਭੀਰ ਹੋਇਆ। ਪਰ ਘਰ ਜਾ ਕੇ ਸੋਚਦਾ ਰਿਹਾ ਕਿ ਭਾਅਜੀ ਨੇ ਆਤਮਜੀਤ ਦੀ ਤਾਰੀਫ਼ ਕੀਤੀ ਏ ਜਾਂ ਬਦਖੋਈ? ਮੈਨੂੰ ਅਸੀਸ ਦਿੱਤੀ ਏ ਜਾਂ ਕੋਈ ਤਾੜਨਾ ਕੀਤੀ ਏ? ਭਾਅਜੀ ਆਤਮਜੀਤ ਦੇ ਮਿੱਤਰ ਨੇ ਜਾਂ ਦੁਸ਼ਮਣ?

(ਉਦੋਂ ਦੁਸ਼ਮਣੀ ਅਤੇ ਮਿੱਤਰਤਾ ਦੇ ਵਿਚਕਾਰਲਾ ਸ਼ਬਦ ਅਜੇ ਸਮਝ ਨਹੀਂ ਸੀ ਆਇਆ!) ਮੈਨੂੰ ਉਹ ਕੀ ਕਹਿਣਾ ਚਾਹੁੰਦੇ ਨੇ? ਕਈ ਮਹੀਨੇ ਮੈਂ ਇਸ ਸਵਾਲ ਨਾਲ ਜੂਝਦਾ ਰਿਹਾ। ਪੰਜਾਬੀਆਂ ਦੀ ਨਾਟਕ ਬਾਰੇ ਸਮਝ ਵਾਲੀ ਟੂਟੀ ਜ਼ਿਆਦਾਤਰ 'ਖੱਬੇ ਪਾਸੇ' ਨੂੰ ਹੀ ਖੁੱਲ੍ਹਦੀ ਹੈ। ਇਹ ਟੂਟੀ ਕਿੱਧਰ ਨੂੰ ਘੁਮਾਈ ਬਾਬੇ ਨੇ, ਸਮਝਣ ਵਿਚ ਮੈਨੂੰ ਕਈ ਸਾਲ ਲੱਗ ਗਏ। ਭਾਜੀ ਦਾ ਨਾਟਕ ਬਾ-ਮਕਸਦ ਸੀ, ਆਤਮਜੀਤ ਦਾ ਵੀ। ਭਾਅਜੀ ਦਰਸ਼ਕਾਂ ਵਿੱਚ ਬਹੁਤ ਹਰਮਨ-ਪਿਆਰੇ ਹਨ, ਆਤਮਜੀਤ ਵੀ ਦਰਸ਼ਕਾਂ ਨੂੰ ਕੀਲ ਲੈਣ ਦੀ ਸਮਰੱਥਾ ਰੱਖਦੇ ਹਨ। ਭਾਅਜੀ ਕੋਈ ਨਾ ਕੋਈ ਸੱਚ ਉਜਾਗਰ ਕਰਕੇ ਸਮਾਜ ਨੂੰ ਤਬਦੀਲੀ ਦੇ ਰਾਹ ਪਾਉਣਾ ਚਾਹੁੰਦੇ ਹਨ, ਆਤਮਜੀਤ ਵੀ ਪ੍ਰਾਪਤ ਵਿਵਸਥਾ ਪ੍ਰਤੀ ਆਕ੍ਰੋਸ਼ ਪ੍ਰਗਟ ਕਰਦੇ ਹਨ। ਇਹਦਾ ਅਰਥ ਤਾਂ ਇਹ ਨਿਕਲਦਾ ਹੈ ਕਿ ਦੋਵੇਂ ਟੂਟੀਆਂ ਦਾ ਪਾਣੀ ਬੰਜਰ ਹੋਈ ਜ਼ਮੀਨ ਨੂੰ ਉਪਜਾਊ ਕਰਨ ਦੇ




ਆਹਰ ਵਿੱਚ ਹੈ। ਫਿਰ ਅੰਤਰ ਤਾਂ ਅੰਦਾਜ਼ ਵਿੱਚ ਹੋਇਆ, ਨਿਸ਼ਾਨੇ ਵਿਚ ਨਹੀਂ। ਮੈਂ ਆਪਣੀ ਦੁਬਿਧਾ ਵਿੱਚੋਂ ਨਿਕਲਣ ਲਈ ਕਿਸੇ ਤਣ-ਪੱਤਣ ਲੱਗਣ ਹੀ ਵਾਲਾ ਸੀ ਕਿ ਇਕ ਦਿਨ ਭਾਅਜੀ ਨੇ ਇਕ ਨਵੀਂ ਟੂਟੀ ਈਜਾਦ ਕਰ ਮਾਰੀ। ਮੈਂ ਸੁਖਿੰਦਰ ਦੁਆਰਾ ਸੰਪਾਦਿਤ ਕਿਤਾਬ 'ਬਘਿਆੜਾਂ ਦੇ ਵੱਸ' ਤਾਜ਼ੀ-ਤਾਜ਼ੀ ਪੜ੍ਹੀ ਸੀ। ਇਸ ਕਿਤਾਬ ਵਿਚ ਸੁਰਿੰਦਰ ਧੰਜਲ ਵੱਲੋਂ ਪੇਸ਼ ਕੀਤੇ ਵਿਸ਼ਲੇਸ਼ਣ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ ਸੀ। ਭਾਅਜੀ ਨਾਲ ਇਸ ਦਾ ਜ਼ਿਕਰ ਕੀਤਾ। ਭਾਅਜੀ ਮੈਨੂੰ ਕੁਝ ਦੇਰ ਸੁਣਦੇ ਰਹੇ (ਵਿੱਚ ਸੁਖਿੰਦਰ ਦਾ ਵੀ ਜ਼ਿਕਰ ਆਇਆ) ਫਿਰ ਆਪਣੇ ਖ਼ੁਸੂਸੀ ਅੰਦਾਜ਼ ਵਿਚ ਕਹਿੰਦੇ, "ਏਅ ਅ ਸਾਹਬ, ਧੰਜਲ ਦੀ ਕੀ ਗੱਲ ਕਰਨਾ ਏਂ, ਉਹਨੂੰ ਮੈਂ ਬੜੀ ਦੇਰ ਤੋਂ ਜਾਣਨਾ ਵਾਂ ਉਹ ਬੜਾ ਟੂਟੀ ਏ।"ਉਦੋਂ ਅਜੇ ਡਾ. ਆਤਮਜੀਤ ਦੇ ਨਾਟਕ 'ਕੈਮਲੂਪਸ ਦੀਆਂ ਮੱਛੀਆਂ' ਦਾ ਆਗਮਨ ਨਹੀਂ ਸੀ ਹੋਇਆ ਤੇ ਧੰਜਲ ਦਾ ਵਿਸਤ੍ਰਿਤ ਲੇਖ ਸਾਹਮਣੇ ਨਹੀਂ ਸੀ ਆਇਆ, ਇਸ ਲਈ ਮੈਂ 'ਟੂਟੀ ਪਰਿਵਾਰ' ਦਾ ਕੋਈ 'ਆਤਮਜੀਤ-ਧੰਜਲ' ਸੰਪਰਕ ਨਾ ਜੋੜ ਸਕਿਆ।

ਬਸ ਇੰਨਾ ਸਪਸ਼ਟ ਹੋ ਗਿਆ ਕਿ ਬਾਬੇ ਦੇ ਮੂੰਹੋਂ ਨਿਕਲਿਆ ਲਫ਼ਜ਼ 'ਟੂਟੀ' ਆਮ ਟੂਟੀਆਂ ਵਾਂਗ ਖੁੱਲ੍ਹਦਾ ਅਤੇ ਬੰਦ ਨਹੀਂ ਹੁੰਦਾ ਇਹ ਤਾਂ ਕਿਸੇ ਰਹੱਸਮਈ ਪਹਾੜੀ ਝਰਨੇ ਵਾਂਗ ਵਗਦੀ ਜਲ-ਧਾਰਾ ਵਰਗਾ ਕੁਝ ਬਿਆਨ ਕਰ ਰਿਹਾ ਹੈ। ਰਹੀ ਸਹੀ ਕਸਰ ਉਦੋਂ ਪੂਰੀ ਹੋ ਗਈ ਜਦੋਂ ਭਾਅਜੀ ਨੇ ਇਕ ਦਿਨ ਕੇਵਲ ਧਾਲੀਵਾਲ ਦੇ ਇਕ ਨਾਟਕ ਤੋਂ ਖ਼ੁਸ਼ ਹੋ ਕੇ ਮੈਨੂੰ ਕਿਹਾ ਕਿ ਕੇਵਲ ਹੁਣ 'ਪੂਰਾ ਟੂਟੀ' ਹੋ ਗਿਆ ਹੈ ਤੇ ਸਿਖ਼ਰ ਉਦੋਂ ਵਾਪਰਿਆ ਜਦੋਂ ਕੇਵਲ ਨੇ ਮੈਨੂੰ ਦੱਸਿਆ ਕਿ ਭਾਅਜੀ ਇਕ ਦਿਨ ਕਹਿੰਦੇ, "ਸਾਹਬ ਨੂੰ ਮੈਂ ਪਹਿਲੀ ਵਾਰ ਈ ਸਟੇਜ 'ਤੇ ਦੇਖਿਆ ਸੀ ਤਾਂ ਸਮਝ ਗਿਆ ਸੀ ਕਿ ਇਹ ਪੂਰਾ 'ਟੂਟੀ' ਕਲਾਕਾਰ ਏ।"

ਇਸ ਤੋਂ ਬਾਅਦ ਭਾਅਜੀ ਦੇ ਮੂੰਹੋਂ ਨਿਕਲਿਆ ਇਹ ਸਹਿਜ ਸੁਭਾਵਿਕ ਸ਼ਬਦ ਸਾਡੀਆਂ ਮਹਿਫ਼ਲਾਂ ਦਾ ਸ਼ਿੰਗਾਰ ਬਣ ਗਿਆ, ਅਸੀਂ ਗੱਲ-ਗੱਲ 'ਤੇ ਇਕ-ਦੂਜੇ ਨੂੰ 'ਟੂਟੀ' ਕਹਿ ਕੇ ਸੁਆਦ ਲੈਂਦੇ। ਇਸ ਸ਼ਬਦ ਅੰਦਰ ਤਾਰੀਫ਼ ਵੀ ਸੀ, ਵਿਸ਼ਲੇਸ਼ਣ ਵੀ ਜਿਵੇਂ ਭਾਅਜੀ ਐਲਾਨ ਕਰ ਰਹੇ ਹੋਣ ਕਿ ਫਲਾਣਾ ਬੰਦਾ ਬੜਾ ਸਿਆਣਾ ਹੈ, ਬੜਾ ਤਜਰਬੇਕਾਰ ਹੈ, ਬੜਾ ਕਾਰੀਗਰ ਹੈ, ਬੜਾ ਮਿਹਨਤੀ ਹੈ, ਬੜਾ ਸਿਰੜੀ ਹੈ, ਬੜਾ ਹਰਮਨ-ਪਿਆਰਾ ਹੈ ਪਰ ਪਰ ਟੂਟੀ ਹੋਣ ਲਈ ਭਾਅਜੀ ਅਨੁਸਾਰ ਇਨ੍ਹਾਂ ਗੁਣਾਂ ਦੇ ਨਾਲ-ਨਾਲ ਹੇਠ ਲਿਖੇ ਗੁਣਾਂ ਵਿੱਚੋਂ ਕੋਈ ਇਕ ਜਾਂ ਸਾਰੇ ਹੋਣੇ ਜ਼ਰੂਰੀ ਸਨ: ਸੰਵੇਦਨਸ਼ੀਲ, ਸ਼ਰਾਰਤੀ, ਸਕੀਮੀ, ਜੁਗਾੜੀ, ਤੇਜ਼-ਤਰਾਰ ਜਾਂ ਪ੍ਰਪੱਕ ਵਿਉਂਤਕਾਰ! ਇਹ ਵਿਚਾਰ ਕਰਨੀ ਹੁਣ ਹੋਰ ਵੀ ਜ਼ਰੂਰੀ ਹੋ ਗਈ ਕਿਉਂਕਿ ਪੰਜਾਬੀ ਨਾਟਕ ਅਤੇ ਰੰਗਮੰਚ ਹੁਣ ਬਹੁਤ ਸਾਰੀਆਂ ਨਵੀਆਂ ਪਿਰਤਾਂ ਪਾਉਣ ਲਈ ਯਤਨਸ਼ੀਲ ਹੈ।ਨਾਟਕਾਂ ਦੇ ਵਿਸ਼ੇ ਵੰਨ-ਸੁਵੰਨੇ ਹੋ ਰਹੇ ਹਨ, ਨਾਟਕਾਂ ਦੀ ਘਾੜਤ ਦਿਲਚਸਪ ਹੋ ਰਹੀ ਹੈ।ਸਮਾਜ ਦੀਆਂ ਗੁੰਝਲਾਂ ਨਾਟਕ ਵਿਚ ਪ੍ਰਵੇਸ਼ ਕਰ ਰਹੀਆਂ ਹਨ (ਜੋ ਪਹਿਲਾਂ ਸਿਰਫ ਕੁਝ ਚੁਨਿੰਦਾ ਨਾਟਕਕਾਰਾਂ ਦੀਆਂ ਕਿਰਤਾਂ ਵਿਚ ਆਉਂਦੀਆਂ ਸਨ। ਮੈਨੂੰ ਇਉਂ ਲੱਗਦਾ ਹੈ ਜਿਵੇਂ ਬਾਜ਼ਾਰ ਵਿਚ ਭਾਂਤ-ਭਾਂਤ ਦੀਆਂ ਟੂਟੀਆਂ ਆ ਗਈਆਂ ਹਨ, ਉਵੇਂ ਹੀ ਪੰਜਾਬੀ ਰੰਗਮੰਚ ਦਾ ਵਿਹੜਾ ਵੀ ਸਤਰੰਗੀ ਹੋ ਗਿਆ ਹੈ। ਕਿਸੇ ਟੂਟੀ ਦਾ ਮੂੰਹ 'ਹੇਠਾਂ ਲਟਕਿਆ' ਹੈ, ਉੱਪਰ ਚੁੱਕ ਦਿਓ ਤਾਂ ਚੱਲ ਪੈਂਦੀ ਹੈ, ਕਿਸੇ ਨੇ ਮੂੰਹ ਉਤਾਂਹ ਚੁੱਕਿਆ ਹੋਵੇ, ਥੋੜ੍ਹਾ ਦਬਾ ਦਿਓ ਤਾਂ ਚੱਲ ਪੈਂਦੀ ਹੈ ਕਿਸੇ ਦਾ ਕੰਨ 'ਖੱਬੇ ਪਾਸੇ' ਮਰੋੜੋ ਤਾਂ ਪਾਣੀ ਨਿਕਲਦਾ ਹੈ, ਕਿਸੇ ਨੂੰ 'ਸੱਜੇ ਪਾਸੇ' ਮਰੋੜਾ ਦਿਓ ਤਾਂ 'ਪਾਣੀ-ਪਾਣੀ' ਹੋ ਜਾਂਦੀ ਹੈ ਕਿਸੇ ਅੱਗੇ ਜ਼ਰਾ ਜਿੰਨਾ ਹੱਥ ਅੱਡੋ, ਬੁੱਕ ਭਰ ਦਿੰਦੀ ਹੈ ਕੋਈ ਜਿਵੇਂ ਤੁਹਾਡੀ ਛੋਹ ਨੂੰ ਹੀ ਤਰਸ ਰਹੀ ਹੋਵੇ, ਹੱਥ ਲਾਓ ਪਾਣੀ ਹਾਜ਼ਰ! ਟੂਟੀਆਂ ਵੰਨ-ਸੁਵੰਨੀਆਂ!

ਪਰ ਸਵਾਲ ਇਹ ਹੈ ਕਿ ਟੂਟੀਆਂ ਬਚਣ ਕਿਵੇਂ, ਜੇ ਸੰਭਾਲ ਨਾ ਹੋਵੇ! ਟੂਟੀ ਵਿੱਚੋਂ ਪਾਣੀ ਨਿਕਲਦਾ ਤਾਂ ਹਰ ਕਿਸੇ ਨੂੰ ਚੰਗਾ ਲਗਦਾ ਹੈ, ਪਰ ਜੇ ਕਿਤੇ ਘਸ ਕੇ ਟੂਟੀ ਰਿਸਣ ਲੱਗ ਪਵੇ, ਫਸਣ ਲੱਗ ਪਵੇ ਤਾਂ ਉਸ ਦਾ ਰੱਖ-ਰਖਾਓ ਤਾਂ ਕਰਨਾ ਹੀ ਪਊ ਇਹ ਤਾਂ ਨਹੀਂ ਕਿ ਵਿਚਾਰੀ ਨੂੰ ਸੁਬ੍ਹਾ-ਸ਼ਾਮ ਘੁਮਾਈ ਜਾਓ ਤੇ ਜਿੱਦਣ ਥੋੜ੍ਹਾ ਨਖਰਾ ਕਰੇ ਜਾਂ ਪਿਆਰ-ਸਤਿਕਾਰ ਦੀ ਆਸ ਰੱਖੇ, ਤੁਸੀਂ ਉਸ ਨੂੰ ਸੜਨ, ਜਲਣ, ਜੰਗ ਲੱਗਣ ਤੇ ਮੁੱਕ ਜਾਣ ਲਈ ਕਿਸੇ ਖੂੰਜੇ ਸੁੱਟ ਦੇਵੋ! (ਜੁਗਿੰਦਰ ਬਾਹਰਲਾ ਬੜਾ ਟੂਟੀ ਸੀ!) ਉਸਦੀਆਂ ਲੋੜਾਂ, ਉਸਦੀਆਂ ਪ੍ਰਾਪਤੀਆਂ ਨੂੰ ਅਣਦੇਖਿਆ ਕਰਕੇ ਉਸ ਨੂੰ ਬੇਕਦਰੀ ਦੇ ਡੂੰਘੇ ਖੂਹ-ਖਾਤਿਆਂ ਵਿਚ ਡੁੱਬਣ ਲਈ ਮਜਬੂਰ ਕਰ ਦਿਓ! (ਨੰਦ ਲਾਲ ਨੂਰਪੂਰੀ ਬੜਾ ਟੂਟੀ ਸੀ!) ਉਹ ਬਾਗ਼ੀ ਬੋਲ ਉੱਚੇ ਕਰੇ ਤੇ ਜ਼ੋਰਾਵਰਾਂ ਦੀ ਧੱਕੇਸ਼ਾਹੀ ਨੂੰ ਸੜਕਾਂ 'ਤੇ ਲਲਕਾਰੇ ਤਾਂ ਉਸਦੀ ਛਾਤੀ ਅੰਦਰ ਲੋਹਾ ਦਾਗ ਦਿਓ! (ਸਫ਼ਦਰ ਹਾਸ਼ਮੀ ਬੜਾ ਟੂਟੀ ਸੀ!) ਉਫ-ਉਫ! ਇਹ ਮੈਨੂੰ ਕੀ ਹੋ ਜਾਂਦਾ ਐ? ਸ਼ਰਾਰਤ ਤੋਂ ਸ਼ੁਰੂ ਹੋਇਆ ਸੀ, ਆਖਿਰ 'ਆਪਣੀ ਔਕਾਤ' 'ਤੇ ਉੱਤਰ ਹੀ ਆਇਆ। ਪਰ ਕੀ ਕਰਾਂ, ਅਫ਼ਸੋਸ ਹੁੰਦਾ ਐ, ਇਨ੍ਹਾਂ ਸਾਰਿਆਂ ਦੀ ਬੇਵਕਤੀ ਅਤੇ ਜ਼ਾਲਿਮਾਨਾ ਮੌਤ 'ਤੇ ਪਰ ਦਿਲ ਦੇ ਕਿਸੇ ਕੋਨੇ ਇਕ ਤਸੱਲੀ ਦਾ ਅਹਿਸਾਸ ਵੀ ਜਾਗਦਾ ਐ ਕਿ ਜਦੋਂ ਅਜਮੇਰ ਔਲਖ ਦੀ ਭਿਆਨਕ ਬੀਮਾਰੀ ਬਾਰੇ ਪੰਜਾਬੀਆਂ ਨੂੰ ਕਨਸੋਅ ਮਿਲੀ ਤਾਂ ਉਨ੍ਹਾਂ ਸੁਰ ਮਿਲਾ ਕੇ ਆਖਿਆ, "ਅਸੀਂ ਤੈਨੂੰ ਜਾਣ ਨਹੀਂ ਦੇਣਾ ਅਜਮੇਰ ਬਾਈ।" ਤੇ ਵਿਹੜਿਆਂ, ਖੇਤਾਂ, ਦਫ਼ਤਰਾਂ, ਮੰਡੀਆਂ, ਹੱਟੀਆਂ-ਭੱਠੀਆਂ ਨੇ ਤੁਪਕਾ-ਤੁਪਕਾ ਕਰਕੇ ਐਸਾ ਸਮੁੰਦਰ ਭਰਿਆ ਕਿ ਪੰਜਾਬੀ ਰੰਗਮੰਚ ਦੀ ਇਹ ਸਿਖਰਲੀ ਨਰੋਈ ਟੂਟੀ ਮੁੜ ਜਾਨ ਫੜ ਗਈ, ਆਪਣੇ ਲੋਕਾਂ ਦੀਆਂ ਆਸਾਂ ਸਿੰਜਣ ਲਈ। ਟੂਟੀ ਤੇ ਬੂਟੀ ਦਾ ਸਿਰਫ ਉਚਾਰਨ ਹੀ ਇੱਕੋ ਜਿਹਾ ਨਹੀਂ, ਲੱਛਣ ਵੀ ਮਿਲਦੇ ਹਨ। ਟੂਟੀ ਸਿੰਜਦੀ ਹੈ, ਬੂਟੀ ਉੱਗਦੀ ਹੈ ਤੇ ਹਰਿਆ-ਭਰਿਆ ਪੇੜ ਬਣਦੀ ਹੈ। ਪਰ ਜੇ ਟੂਟੀ ਜ਼ਹਿਰੀਲਾ ਪਾਣੀ ਉਗਲਣ ਲੱਗ ਪਵੇ ਤਾਂ ਜ਼ਹਿਰ ਭਰੀਆਂ ਬੂਟੀਆਂ ਉੱਗਦੀਆਂ ਹਨ ਤੇ ਵਾਤਾਵਰਨ ਪ੍ਰਦੂਸ਼ਿਤ ਹੋ ਜਾਂਦਾ ਹੈ। ਰੰਗਮੰਚ ਦੀਆਂ ਟੂਟੀਆਂ ਨੂੰ ਇਹ ਮਾਣ ਪ੍ਰਾਪਤ ਹੈ ਕਿ ਬਹੁਤ ਸਾਰੀਆਂ ਗਾਇਕੀ, ਗੀਤਕਾਰੀ ਅਤੇ ਫਿਲਮੀ ਟੂਟੀਆਂ ਵਾਂਗ ਅੰਨ੍ਹੀ ਬਾਜ਼ਾਰੀ ਦੌੜ ਦਾ ਹਿੱਸਾ ਨਹੀਂ ਬਣੀਆਂ ਅਤੇ ਆਪਣੇ ਧਰਮ 'ਤੇ ਕਾਇਮ ਰਹੀਆਂ ਤੇ ਲੋਕ-ਸੰਘਰਸ਼ਾਂ ਦਾ ਬੂਟਾ ਸਿੰਜਦੀਆਂ ਰਹੀਆਂ। ਪਰ ਦੋਸਤੋ! ਇਸ ਭੁਲੇਖੇ ਵਿਚ ਨਾ ਰਹਿਣਾ ਕਿ ਰੰਗਮੰਚ ਦੀਆਂ ਟੂਟੀਆਂ ਆਪਸ ਵਿਚ ਖਹਿੰਦੀਆਂ ਨਹੀਂ ਪੂਰਾ ਖੁੱਭ ਕੇ ਲੜਦੀਆਂ ਹਨ, ਸੜਦੀਆਂ ਵੀ ਹਨ ਤੇ ਡਰਦੀਆਂ ਵੀ ਹਨ! ਕਦੀ-ਕਦੀ ਕਿਸੇ ਟੂਟੀ ਨੂੰ ਅਹਿਸਾਸ-ਏ-ਬਿਹਤਰੀ ਦਾ ਰੋਗ ਵੀ ਲੱਗ ਜਾਂਦਾ ਹੈ। ਫਿਰ ਉਸ ਨੂੰ ਬਾਕੀ ਟੂਟੀਆਂ ਨਕਲੀ ਅਤੇ ਕਮਜ਼ੋਰ ਲੱਗਣ ਲੱਗ ਪੈਂਦੀਆਂ ਹਨ ਕੁਝ ਆਧੁਨਿਕ ਟੂਟੀਆਂ ਪੁਰਾਤਨ ਪ੍ਰਚੱਲਿਤ ਟੂਟੀਆਂ ਨੂੰ ਸਾਦੀਆਂ - ਸਾਧਾਰਨ ਕਹਿ ਕੇ ਨਕਾਰਨ ਦੀ ਕੋਸ਼ਿਸ਼ ਵੀ ਕਰਦੀਆਂ ਹਨ ਕੁਝ ਤਜ਼ਰਬੇ ਵਜੋਂ ਹੋ ਰਹੇ ਸਭ ਕੁਝ ਨੂੰ ਇੱਕੋ ਰੱਸੇ ਬੰਨ੍ਹ ਕੇ ਊਲ-ਜਲੂਲ ਕਸਰਤ ਕਰਾਰ ਦੇ ਦਿੰਦੀਆਂ ਹਨ ਕੁਝ ਟੂਟੀਆਂ



ਡਾ. ਸੁਰਿੰਦਰ ਧੰਜਲ

ਬਹੁਤ ਤਿੱਖੀਆਂ, ਕੁਝ ਨਿਮਰਤਾ ਦੇ ਹੰਕਾਰ ਨਾਲ ਭਰੀਆਂ, ਕੁਝ ਥੱਕੀਆਂ, ਕੁਝ ਤਾਜ਼ਾ ਦਮ, ਕੁਝ ਜੋਸ਼ ਨਾਲ ਭਰੀਆਂ, ਕੁਝ ਠਰ੍ਹੰਮੇ ਵਾਲੀਆਂ ਕੁਝ ਸਿਆਣੀਆਂ, ਕੁਝ ਹੋਛੀਆਂ ਕੁਝ ਮੂੰਹ-ਫੱਟ, ਕੁਝ ਚਤੁਰ-ਚਲਾਕਣਾਂ ਟੂਟੀਆਂ ਬਹੁ-ਭਾਂਤੀਆਂ! ਅੱਜ ਚੁਣੌਤੀ ਵਾਲੀ ਗੱਲ ਇਹ ਹੈ ਕਿ ਪੰਜਾਬੀ ਰੰਗਮੰਚ ਪ੍ਰਤੀ ਪੰਜਾਬੀਆਂ ਦਾ ਮੋਹ ਵੀ ਵਧਿਆ ਐ ਅਤੇ ਸਿਆਣਪ ਵੀ। ਅੱਜ ਦੀਆਂ ਰੰਗਮੰਚੀ ਟੂਟੀਆਂ ਨੂੰ ਨਿੱਗਰ ਅਤੇ ਸਮੇਂ ਦੇ ਹਾਣੀ ਬਣਨਾ ਪਏਗਾ। ਇੱਟਾਂ-ਵੱਟੇ ਵੀ ਪੈਣਗੇ, ਧਮਕੀਆਂ ਵੀ ਮਿਲਣਗੀਆਂ, ਲੋੜਾਂ-ਥੁੜਾਂ ਵੀ ਪਾਸੇ ਭੰਨਣਗੀਆਂ, ਲੋਭ-ਲਾਲਚ ਵੀ ਲਿਸ਼ਕਾਰੇ ਮਾਰੂ, ਆਲੋਚਨਾ ਵੀ ਸੁਣਨੀ ਪਊ ਪਰ ਸਵੱਛ ਨਿਰਮਲ ਪਾਣੀ ਦੇਣ ਦਾ ਧਰਮ ਹਰ ਹਾਲ ਨਿਭਾਉਣਾ ਪਊ! ਗੱਲਾਂ ਹੋਰ ਬੜੀਆਂ ਨੇ ਕਰਨ ਵਾਲੀਆਂ ਪਰ ਹੁਣ ਆਹ ਮੇਰਾ ਫੋਨ ਫੇਰ ਖੜਕ ਪਿਆ ਹੈ। ਸਕਰੀਨ 'ਤੇ ਨਾਂਅ ਉੱਭਰਿਆ ਹੈ - ਡਾ. ਸਤੀਸ਼ ਕੁਮਾਰ ਵਰਮਾ! ਇਹ ਬੰਦਾ ਵੀ ਬੜਾ ਟੂਟੀ ਏ। ਪਤਾ ਨਹੀਂ ਕੀ ਇਸਪਾਤ ਗੱਡਿਆ ਇਹਦੇ ਸਰੀਰ ਵਿਚ ਤੇ ਕਿੰਨੇ ਕੁ ਮਗ਼ਜ਼ ਬਦਾਮ ਖਾਧੇ ਹੋਣਗੇ ਇਹਨੇ! ਜਿਸ ਮਰਜ਼ੀ ਵਿਸ਼ੇ 'ਤੇ ਵਿਚਾਰ ਪ੍ਰਗਟ ਕਰਨ ਲਈ ਬੁਲਾ ਲਓ, ਪੁਰੇ ਦੀ ਹਵਾ ਵਾਂਗ ਵਗ ਤੁਰਦਾ ਐ ਪ੍ਰਧਾਨਗੀਆਂ, ਪੇਪਰ ਰੀਡਿੰਗ, ਕਵਿਤਾ ਉਚਾਰਨ, ਅਖ਼ਬਾਰੀ ਕਾਲਮ, ਫਿਲਮਾਂ, ਰੰਗਮੰਚ, ਟੀ.ਵੀ., ਥੀਸਿਸ ਚੱਲ ਸੋ ਚੱਲ ਤੇ ਫੇਰ ਅਚਾਨਕ ਕਹੇਗਾ, "ਛੇਤੀ ਨਿਪਟਾ ਲਓ ਬਈ, ਸ਼ਾਮੀਂ ਮੈਂ ਮੁੰਬਈ ਪਹੁੰਚ ਕੇ ਇੱਕ ਫੰਕਸ਼ਨ ਦੀ ਸੰਚਾਲਨਾ ਕਰਨੀ ਐਂ।" ਸੋ ਪਿਆਰਿਓ! ਤੁਸੀਂ ਕੁਝ ਹੋਰ ਪੜ੍ਹੋ ਤੇ ਸਾਡਾ ਟੂਟੀ-ਮਿਲਾਪ ਹੋਣ ਦਿਓ ਕੀ ਪਤਾ 'ਪ੍ਰਪੱਕ' ਵਿਉਂਤਕਾਰੀ ਟੂਟੀ ਨੇ 'ਸ਼ਰਾਰਤੀ' ਸੰਵੇਦਨਸ਼ੀਲ ਟੂਟੀ ਨਾਲ ਕੀ ਵਿਚਾਰਾਂ ਕਰਨਗੀਆਂ ਹੋਣ!







SOUTH POINTE TOYOTA
2021 COROLLA ONLY $58 A WEEK! $0 DOWN! LE
2020 RAV4 ONLY $92 A WEEK! $0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE NEW CAR SALES MANAGER
ZAK BHANJI NEW CAR SALES MANAGER
PREZ TIWANA NEW CAR PRODUCT ADVISOR
MINAZ RATANSHI NEW CAR PRODUCT ADVISOR
AFSHEEN HARJEE NEW CAR PRODUCT ADVISOR
MUHAMMAD YOUSAF NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega Sanjha Punjab GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੁਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
Mega Sanjha Punjab
FRESH PRODUCE
403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8

broadview HOMES
A QUALICO Company

ਰੈਡਸਟੋਨ ਵਿੱਚ ਸਪੈਕ ਹੋਮ ਵਿਕਾਊ ਹਨ !!!

SCAN ME

ਅਹਿ ਕਿਊ ਆਰ ਕਲਿੱਕ ਕਰਕੇ ਘਰਾਂ ਦੀ ਉਪਲੱਬਧੀ ਦੇਖ ਸਕਦੇ ਹੋ !!!

ਤਿਆਰ ਹੋਏ ਘਰਾਂ ਵਿੱਚ ਮੂਵ ਹੋਵੋ
ਕਿਰਾਏ ਦੀਆਂ ਵਧਦੀਆਂ ਕੀਮਤਾਂ ਦੇ ਨਾਲ, ਬ੍ਰੌਡਵਿਊ ਹੋਮਸ ਤੁਹਾਨੂੰ ਮੌਜੂਦਾ ਵਿਆਜ ਦਰਾਂ 'ਤੇ ਹੁਣੇ ਉਪਲਬਧ ਮੂਵ-ਇਨ ਤਿਆਰ ਘਰਾਂ ਦੇ ਨਾਲ ਮਨ ਦੀ ਸ਼ਾਂਤੀ ਦਿਵਾਏਗਾ!!

ਰੈਡਸਟੋਨ ਕਮਿਓਨਿਟੀ ਵਿੱਚ ਥੋੜੇ ਜਿਹੇ ਘਰ ਹੀ ਬਾਕੀ ਹਨ !



Broadview Homes Calgary
• Contact Jason in Redstone at 403-978-1002
www.broadviewhomescalgary.com

A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
We're Pulling For You!
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco | Paper | Flashing | Wiring
Free Estimate BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB

For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ




Ambleton
A Qualico Community
ਡੁਪਲੈਕਸ ਘਰ
ਥੋੜੀਆਂ ਲਾਟਾਂ ਹੀ ਬਾਕੀ ਹਨ $400s ਤੱਕ
ਲੇਨਡ ਘਰ
ਥੋੜੀਆਂ ਲਾਟਾਂ ਹੀ ਬਾਕੀ ਹਨ $600s ਤੋਂ ਸ਼ੁਰੂ
ਫਰੰਟ ਗੈਰਾਜ ਵਾਲੇ ਘਰ
$600s ਅੱਧ ਤੋਂ ਸ਼ੁਰੂ
ਕੈਲਗਰੀ ਦਾ ਨਵਾਂ ਨਾਰਥ ਏਰੀਆ
ਨਵਾਂ ਫੇਸ ਹੁਣ ਵੇਚਿਆ ਜਾ ਰਿਹਾ ਹੈ !
liveinambleton.com
24 St NW
14 St NW
144 Ave NE
Evanston Dr NW
Symons Valley Pkwy NW
Stoney Trail NW
ਐਂਬਲਟਨ ਵਧੇ ਹੋਏ ਕੁਦਰਤੀ ਮਾਹੌਲ, ਵਿਲੱਖਣ ਥਾਵਾਂ ਅਤੇ ਦ੍ਰਿਸ਼ਾਂ ਦੇ ਨਾਲ, ਉੱਤਰ ਪੱਛਮੀ ਕੈਲਗਰੀ ਦਾ ਸਭ ਤੋਂ ਉੱਤਮ ਰੂਪ ਹੈ। ਖੇਡ ਖੇਤਰ, ਸਥਾਨਕ ਅਤੇ ਖੇਤਰੀ ਮਾਰਗ ਜਿਹੇ ਨੈੱਟਵਰਕ ਕਮਿਊਨਿਟੀ ਨੂੰ ਜਾਨਣ ਲਈ ਆਸਾਨ ਬਣਾਉਂਦੇ ਹਨ। ਕਾਫ਼ੀ ਪ੍ਰਚੂਨ ਅਤੇ ਨੇੜਲੇ ਸਕੂਲਾਂ ਦੇ ਨਾਲ, ਅਤੇ ਇੱਕ ਭਵਿੱਖੀ ਹਾਈ ਸਕੂਲ ਸਾਈਟ। ਐਂਬਲਟਨ ਕੋਲ ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ
1200 ਤੋਂ ਜਿਆਦਾ ਘਰ
8 ਫੇਸ ਹਨ
7.3 ਕਿਲੋਮੀਟਰ ਲੰਮਾਂ ਪਥ ਵੇਅ
5 ਪਾਰਕ
ਸਕੇਟਿੰਗ ਰਿੰਕ ਦੀ ਭਵਿੱਖੀ ਯੋਜਨਾ
ਹਾਈ ਸਕੂਲ ਦੀ ਭਵਿੱਖੀ ਯੋਜਨਾ
ਐਵਾਰਡ ਜੇਤੂ ਹੋਮ ਬਿਲਡਰ ਇਹ ਹਨ:
• Truman Homes • Shane Homes • Sterling Homes • Trico Homes • Broadview Homes • Jayman Built
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


DAWSON'S LANDING
TERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ।ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ,ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਵਾਂ ਹਨ,ਜਿਵੇਂ ਸਕੂਲ,ਪਾਰਕ,ਸ਼ਾਪਿੰਗ ਸੈਂਟਰ,ਓਤੇ ਹੋਰ ਬਹੁਤ ਕੁੱਝ।ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸਦੇ ਆਸਪਾਸ ਵਾਲੇ ਨਾਮਵਰ ਬਿਲਡਿਰਾਂ ਵੱਲੋਂ ਬਣਾਏ ਜਾ ਰਹੇ ਹਨ।ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ।ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ।ਚੈਸਟਰਮੀਅਰ ਵਿੱਚ ਡਾਵਸਨ ਦੀ ਲੈਂਡਿੰਗ ਦਾ ਕੁਆਲਿਕੋ ਕਮਿਊਨਿਟੀਜ਼ ਡਿਵੈਲਪਮੈਂਟ ਕੈਨੇਡਾ ਅਤੇ ਵਿਸ਼ਵ ਵਿੱਚ ਸਟੋਰਮ ਵਾਟਰ ਕਿਡਨੀ ਨੂੰ ਲਾਗੂ ਕਰਨ ਵਾਲਾ ਪਹਿਲਾ ਰਿਹਾਇਸ਼ੀ ਵਿਕਾਸ ਹੈ। TM
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
22 ਮਿੰਟ ਦੀ ਡਰਾਈਵ ਕੈਲਗਰੀ ਡਾਊਨਟਾਊਨ ਤੱਕ
4 ਮਿੰਟ ਦੀ ਡਰਾਈਵ ਐਨੀਵਰਸਿਰੀ ਪਾਰਕ ਤੱਕ
DUPLEX HOMES FROM THE MID $400s
LANED HOMES FROM THE LOW $500s
FRONT GARAGE FROM THE HIGH $600s
Stormwater Kidney™ Pathway System
Trans-Canada Highway 5 minutes
Chestermere Blvd
Stoney Trail 5 minutes
Chestermere Lake 4 minutes
Rainbow Rd
Glenmore Trail 5 minutes
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO® communities



PAINTED SKY
LANGDON
ਲੈਂਗਡਨ ਦੇ ਹੈਮਲੇਟ ਵਿੱਚ
ਤੁਹਾਡਾ ਸਵਾਗਤ ਹੈ
ਨਵੀਂ ਕਮਿਓਨਿਟੀ ਅਤੇ
ਸ਼ੋਅ ਹੋਮ ਹੁਣ ਖੁੱਲੇ ਹਨ
ਸ਼ੋਰ-ਸ਼ਰਾਬੇ ਵਾਲੇ ਸਹਿਰੀ ਵਾਤਾਵਰਣ ਤੋਂ ਥੋੜਾ ਪਾਸੇ ਹਟਵਾਂ ਬੇਅੰਤ ਪ੍ਰੇਰੀ ਦੇ ਰੂਪ ਵਿੱਚ,ਇੱਕ ਖੁੱਲੀ ਡੁੱਲੀ ਵਿਸਾਲ ਕਮਿਓਨਿਟੀ ਹੈ। ਪੇਂਟਡ ਸਕਾਈ ਇੱਕ ਪਰਿਵਾਰਕ ਕਮਿਓਨਿਟੀ ਹੈ । ਇਹ ਕਮਿਓਨਿਟੀ,ਰਿਹਾਇਸ,ਜੀਵਨ ਸ਼ੈਲੀ ਅਤੇ ਇੱਥੇ ਰਹਿਣ ਵਾਲਿਆਂ ਦੀਆਂ ਸਹੂਲਤਾਂ ਦੀਆਂ ਲੋੜਾਂ,ਜੋ ਘਰ ਦੇ ਨੇੜੇ ਸਕੂਲ,ਮੰਨੋਰੰਜਨ,ਅੱਗ ਬੁਝਾਊ ਅਤੇ ਪੁਲਿਸ ਦੀਆਂ ਸੇਵਾਵਾਂ ਚਾਹੁੰਦੇ ਹਨ, ਦੀ ਪੂਰਤੀ ਕਰਦੀ ,ਇਹੀ ਕੁੱਝ ਲੱਭ ਰਹੇ ਪਰਿਵਾਰਾਂ ਲਈ ਇਹ ਉਹਨਾਂ ਦਾ ਟਿਕਾਣਾ ਹੈ।ਜਿਸ ਦੀ ਬੁਨਿਆਦ ਰਿਹਾਇਸਾਂ ਦੀ ਵਿਭਿੰਨਤਾ,ਉੱਪਰ ਟਿਕੀ ਹੋਈ ਹੈ।ਜ਼ਿੰਦਗੀ ਨੂੰ ਪੂਰੀ ਤਰਾਂ ਜਿਉਣ ਲਈ ਇਹ ਕਮਿਓਨਿਟੀ ਤਿਆਰ ਕੀਤੀ ਗਈ ਹੈ।
ਅਗਰ ਤੁਸੀਂ ਪਹਿਲੇ 30 ਘਰ ਖਰੀਦਦਾਰਾਂ ਵਿੱਚੋਂ
ਇੱਕ ਬਣਦੇ ਹੋ ਤਾਂ ਵਿਸੇਸ਼ ਗਿਫਟ ਵੀ ਲੈ ਸਕਦੇ ਹੋ
ਲੇਨਡ ਹੋਮ
$500s
ਮੱਧ ਤੱਕ
ਫਰੰਟ ਗੈਰਾਜ ਹੋਮ
$600s
ਤੋਂ ਸੁਰੂ
ਵਾਈਡ ਸ਼ੈਲੋ ਫਰੰਟ
ਗੈਰਾਜ ਹੋਮ $500s
ਤੋਂ ਸੁਰੂ
18KM to Chestermere
797
Glenmore Trail
560
15KM to Calgary
Langdon
Rangeroad 273
Centre St
22x
www.paintedskyinlangdon.com
ਵੱਡੇ
ਸਾਈਜ ਦੀਆਂ ਲਾਟਾਂ
ਵੱਡੀਆਂ ਅਤੇ ਚੌੜੀਆਂ ਲਾਟਾਂ ਦਾ ਮਤਲਬ ਹੈ, ਵਧੇਰੇ ਕਮਰੇ ਅਤੇ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਜਗ੍ਹਾ। ਵੱਡੇ ਲਾਟ ਦੇ ਸਾਈਜ 42 ਫੁੱਟ ਚੌੜਾ ਅਤੇ 80 ਫੁੱਟ ਚੌੜਾ ਤੱਕ ਹਨ।
ਵੱਡਾ ਲਾਟ ਦਾ ਮਤਲਬ ਹੈ ਇੱਕ ਵੱਡਾ ਘਰ ਅਤੇ ਇਸ ਲਈ ਵਧੇਰੇ ਜਗ੍ਹਾ ਹਰ ਚੀਜ਼ ਜਿਸਦੀ ਤੁਹਾਨੂੰ ਲੋੜ ਹੈ। ਆਰ ਵੀ ਪਾਰਕਿੰਗ ਵੀ ਹੈ।ਪੇਂਟਡ ਸਕਾਈ ਵਿੱਚ ਵਾਧੂ ਸਟੋਰੇਜ, ਗਜ਼ੇਬੋਸ, ਜਾਂ ਪਲੇ ਸਟ੍ਰਕਚਰ,ਹੈ
46'
48'
13'
36'
ਪੇਂਟਡ ਸਕਾਈ ਲਾਟ
ਪੇਂਟਡ ਸਕਾਈ 3 ਗੈਰਾਜ ਲਾਟ
ਸਿਟੀ ਆਫ ਕੈਲਗਰੀ ਲਾਟ
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities

# ਯੂਨਾਈਟਡ ਹਾਕਸ ਸਪੋਰਟਸ ਕਲੱਬ ਕੈਲਗਰੀ ਵੱਲੋਂ ਕਰਵਾਇਆ ਗਿਆ ਦਸਵਾਂ ਹਾਕਸ ਹਾਕੀ ਗੋਲਡ ਕੱਪ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਇਆ







ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਜੈਨੇਸਿਸ ਸੈਂਟਰ ਵਿਖੇ ਦਸਵੇਂ ਹਾਕਸ ਹਾਕੀ ਗੋਲਡ ਕੱਪ ਦੇ ਤਿੰਨ ਦਿਨਾਂ ਖੇਡ ਮੇਲੇ ਦੌਰਾਨ ਜੇਤੂ ਟੀਮਾਂ ਵੇਰਵੇ ਇਸ ਪ੍ਰਕਾਰ ਹਨ। ਹਾਕੀ ਪ੍ਰੀਮੀਅਰ ਵਿੱਚ ਹਾਕਸ ਫਰੈਂਡਜ ਹਾਕੀ ਕਲੱਬ ਦੀ ਟੀਮ ਪਹਿਲੇ ਸਥਾਨ ਉੱਪਰ ਰਹੀ ਜਦੋਂ ਕਿ ਯੂਨਾਈਟਿਡ ਹਾਕਸ ਰੈਡ ਨੂੰ ਦੂਜਾ ਸਥਾਨ ਮਿਲਿਆ। ਹਾਕੀ ਸੋਸ਼ਲ ਵਿੱਚ ਐਡਮਿੰਟਨ ਰੈਡ ਹਾਕੀ ਕਲੱਬ ਨੂੰ ਜੇਤੂ ਦਾ ਖਿਤਾਬ ਮਿਲਿਆ ਪਰ ਪੰਜਾਬ ਹਾਕੀ ਕਲੱਬ ਕੈਲਗਰੀ ਉਪ ਜੇਤੂ ਹੀ ਰਹੀ। ਰੱਸਾ ਕਸੀ ਮੁਕਾਬਲਿਆਂ ਵਿੱਚ ਬੱਬਰ ਕਲੱਬ ਕੈਲਗਰੀ ਵਾਲੇ ਪਹਿਲਾ ਇਨਾਮ ਖਿੱਚਕੇ ਆਪਣੇ ਵੱਲ ਲੈ ਗਏ ਜਦੋਂ ਕਿ ਮੋਗਾ ਕਲੱਬ ਕੈਲਗਰੀ ਨੂੰ ਦੂਜੇ ਨੰਬਰ ਉੱਪਰ ਹੀ ਸਬਰ ਕਰਨਾ ਪਿਆ। ਤਾਸ਼ ਖੇਡਣ ਦੇ ਮੁਕਾਬਲੇ ਬੜੇ ਰੌਚਿਕ ਰਹੇ। ਪਰਮਜੀਤ ਬਰਾੜ ਆਲਮਵਾਲਾ ਅਤੇ ਰੰਗੀਲਾ ਟੇਲਰ ਬਰਨਾਲਾ ਦੀ ਟੀਮ ਪਹਿਲੇ ਨੰਬਰ ਉੱਪਰ ,ਪਰੀਤਮ ਸਿੰਘ ਅਤੇ ਨਛੱਤਰ ਗਿੱਲ ਦੀ ਟੀਮ ਦੂਜੇ,ਹਰਬੰਸ ਸਿੰਘ ਅਤੇ ਦਵਿੰਦਰ ਗਰਚਾ ਤੀਜੇ,ਹਰਬੰਸ ਗਰੇਵਾਲ ਅਤੇ ਅਮਰਜੀਤ ਸਿੱਧੂ ਦੀ ਟੀਮ ਚੌਥੇ ਨੰਬਰ ਉੱਪਰ ਰਹੀ । ਦਸਤਾਰ ਮੁਕਾਬਲਿਆਂ ਦੌਰਾਨ ਸੋਹਣੀ ਪੱਗ ਬੰਨਣ ਦਾ ਖਿਤਾਬ ਗੁਰਜਸਪਾਲ ਸਿੰਘ ਲੈ ਗਿਆ ਜਦੋਂ ਕਿ ਜਸ਼ਨਦੀਪ ਸਿੰਘ ਅਤੇ ਹਾਕਮ ਸਿੰਘ ਚਾਹਲ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ ਉੱਪਰ ਰਹੇ। ਦਰਸਕਾਂ ਦੀ ਹਾਜਰੀ ਬਰਕਰਾਰ ਰੱਖਣ ਲਈ 6 ਆਕਰਸਿਕ ਲੱਕੀ ਡਰਾਅ ਵੀ ਕੱਢੇ ਗਏ ਜਿਹਨਾਂ ਵਿੱਚ ਕੌਸਕੋ ਸਟੋਰ ਦੇ ਕਾਰਡ, ਅਰਮਾਨੀ ਦੀਆਂ ਘੜੀਆਂ, ਅਤੇ ਐਪਲ ਦੇ ਏਅਰਪੌਡਸ ਹਾਜਰੀਨ ਖੁਸਕਿਸਮਤ ਦਰਸਕਾਂ ਦੇ ਹੱਥ ਆਏ। ਪੰਜਾਬੀ ਫੋਕ ਡਾਂਸ ਅਕੈਡਮੀ ਕੈਲਗਰੀ ਵੱਲੋਂ ਭੰਗੜਾ ਪੇਸ਼ਕਾਰੀ ਕੀਤੀ ਗਈ। ਆਪੋ ਆਪਣੇ ਖੇਤਰਾਂ ਵਿੱਚ ਚੰਗਾ ਯੋਗਦਾਨ ਪਾਉਣ ਬਦਲੇ ਕੈਲਗਰੀ ਗੁਰੂਘਰ ਦੇ ਸਾਬਕਾ ਪ੍ਰਧਾਨ ਅਮਨਪ੍ਰੀਤ ਸਿੰਘ ਗਿੱਲ ਨੂੰ ਸ਼ਾਨ-ਏ-ਪੰਜਾਬ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਅਮਰਜੀਤ ਸਿੰਘ ਬਰਾੜ, ਦਲਜਿੰਦਰ ਸਿੰਘ ਹੋਠੀ, ਜੱਗਾ ਰਾਊਕੇ ਅਤੇ ਰੇਡੀਓ ਰੈਡ ਐਫ ਐਮ ਕੈਲਗਰੀ ਦੀ ਨਾਮਵਰ ਹੋਸਟ ਗੁਰਪ੍ਰੀਤ ਕੌਰ ਰਤਨ ਨੂੰ ਵਿਸੇਸ ਪੁਰਸਕਾਰਾਂ ਨਾਲ ਸਨਮਾਨਿਆ ਗਿਆ। ਪਰਾਈਮ ਏਸੀਆ ਟੈਲੀਵੀਜਨ ਦੀ ਸਮੁੱਚੀ ਟੀਮ ਯੋਗਰਾਜ ਸਿੰਘ ਕਾਹਲੋਂ,ਗੁਰਪ੍ਰੀਤ ਸਿੰਘ ਸੰਧਾਵਾਲੀਆ,ਅਵਨੀਤ ਸਿੰਘ ਤੇਜਾ,ਹਰਬੰਸ ਬੁੱਟਰ ਅਤੇ ਗਗਨ ਜਟਾਣਾ ਵੱਲੋਂ ਤਿੰਨੇ ਦਿਨ ਇਸ ਗੋਲਡ ਕੱਪ ਦੀਆਂ ਝਲਕੀਆਂ ਨੂੰ ਦੁਨੀਆ ਭਰ ਅੰਦਰ ਝਲਕਾਉਣ ਦੇ ਉਪਰਾਲੇ ਕੀਤੇ ਗਏ । ਪੰਜਾਬ ਤੋਂ ਪੀ ਐਨ ਓ ਮੀਡੀਆ ਗਰੁੱਪ ਵਾਲੇ ਪੱਤਰਕਾਰ ਸੁਖਨੈਬ ਸਿੱਧੂ ਅਤੇ ਪੰਜਾਬ ਪੁਲਿਸ ਵਿੱਚੋਂ ਹੁਣੇ ਹੁਣੇ ਸੇਵਾਮੁਕਤ ਹੋਕੇ ਆਏ ਡਿਪਟੀ ਸੁਪਰਡੈਂਟ ਪੁਲਿਸ ਸ: ਬਹਾਦਰ ਸਿੰਘ ਰਾਓ ਨੂੰ ਉਹਨਾਂ ਦੀਆਂ ਆਪੋ ਆਪਣੇ ਖੇਤਰ ਵਿੱਚ ਸੁਚੱਜੇ ਯੋਗਦਾਨ ਬਦਲੇ ਵਿਸੇਸ ਸਨਮਾਨ ਵੀ ਇਹਨਾਂ ਗਰਾਉਂਡਾਂ ਵਿੱਚ ਹੀ ਹੋਇਆ। ਤਿੰਨੇ ਦਿਨ ਦਰਸਕਾਂ ਲਈ ਗੁਰੂਘਰ ਦੇ ਸਹਿਯੋਗ ਨਾਲ ਗੁਰੁ ਕਾ ਲੰਗਰ ਅਤੁੱਟ ਵਰਤਦਾ ਰਿਹਾ।

## ਡੈਨੀਅਲ ਸਮਿੱਥ ਨੇ ਅਲਬਰਟਾ ਦੀ 19ਵੀਂ ਪ੍ਰੀਮੀਅਰ ਵੱਜੋਂ ਸਹੁੰ ਚੁੱਕੀ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਡੈਨੀਅਲ ਸਮਿੱਥ ਨੇ ਅਲਬਰਟਾ ਦੀ ਉਨੀ ਵੇਂ ਪ੍ਰੀਮੀਅਰ ਵੱਜੋਂ ਸਹੁੰ ਚੁੱਕ ਲਈ ਹੈ। ਡੈਨੀਅਲ ਸਮਿੱਥ ਜੋ ਪਿਛਲੇ ਦਿਨੀਂ ਸੱਤਾਧਾਰੀ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਚੋਣ ਜਿੱਤ ਕੇ ਜੇਸਨ ਕੇਨੀ ਦੀ ਜਗ੍ਹਾ ਪ੍ਰੀਮੀਅਰ ਬਣੇ ਹਨ, ਹੁਣ ਅਗਲੇ ਸਾਲ 29 ਮਈ ਨੂੰ ਹੋ ਰਹੀਆਂ ਸੂਬਾਈ ਚੋਣਾਂ ਤੱਕ ਪ੍ਰੀਮੀਅਰ ਬਣੇ ਰਹਿਣਗੇ । ਡੈਨੀਅਲ ਸਮਿੱਥ ਨੂੰ ਅਹੁਦੇ ਦੀ ਸਹੁੰ ਲੈਫ਼ਟੀਨੈਂਟ ਗਵਰਨਰ ਸਲਮਾ ਲਖਾਨੀ ਵੱਲੋਂ ਗਵਰਨਮੈਂਟ ਹਾਊਸ ਐਡਮਿੰਟਨ ਵਿੱਚ ਚੁਕਾਈ ਗਈ । ਸਹੁੰ ਚੁੱਕਣ ਉਪਰੰਤ ਡੈਨੀਅਲ ਸਮਿੱਥ ਨੇ ਇੱਕ ਵਾਰ ਫੇਰ ਤੋਂ ਅਲਬਰਟਾ ਦੇ ਲੋਕਾਂ ਦੇ ਹੱਕਾਂ ਦੀ ਗੱਲ ਕੀਤੀ ਅਤੇ ਇਸ ਦੇ ਨਾਲ ਹੀ ਜਿਸ ਤਰ੍ਹਾਂ ਉਹ ਆਪਣੇ ਚੋਣ ਪ੍ਰਚਾਰ ਦੌਰਾਨ ਪ੍ਰਭੂਸੱਤਾ ਐਕਟ ਦੀ ਗੱਲ ਕਰਦੇ ਰਹੇ ਹਨ ਇੱਥੇ ਵੀ ਉਨ੍ਹਾਂ ਨੇ ਇਸ ਉੱਪਰ ਅੱਗੇ ਵਧਣ ਹੀ ਦਾ ਸੰਕੇਤ ਦਿੱਤਾ ।

## ਸਰੀ ਵਿੱਚ ਆਰ ਸੀ ਐਮ ਪੀ ਦੀ ਜਗ੍ਹਾ ਸਰੀ ਪੁਲਿਸ ਦੀ ਯੋਜਨਾ ਨੂੰ ਰੋਕਿਆ ਜਾਵੇਗਾ - ਬ੍ਰੈਂਡਾ ਲੌਕ



ਸਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 15 ਅਕਤੂਬਰ ਨੂੰ ਬ੍ਰਿਟਿਸ਼ ਕੋਲੰਬੀਆ ਦੀਆਂ ਮਿਊਂਸੀਪੈਲਟੀਆਂ ਦੀਆਂ ਚੋਣਾਂ ਦੌਰਾਨ ਕਈ ਅਹਿਮ ਮੁੱਦਿਆਂ ਤੇ ਇਹ ਚੋਣਾਂ ਲੜ੍ਹੀਆਂ ਗਈਆਂ ਸਨ ਇਨਾਂ ਮੁੱਦਿਆਂ ਚੋਣ ਸਰੀ ਸ਼ਹਿਰ ਦੀ ਗੱਲ ਕੀਤੀ ਜਾਵੇ ਤਾਂ ਚੋਣ ਪ੍ਰਚਾਰ ਸ਼ੁਰੂ ਹੋਣ ਤੋਂ ਲੈਕੇ ਚੋਣ ਪ੍ਰਚਾਰ ਖ਼ਤਮ ਹੋਣ ਤੱਕ ਸਰੀ ਵਿੱਚ ਆਰ ਸੀ ਐਮ ਪੀ ਦੇ ਬਦਲ ਵੱਜੋਂ ਸਰੀ ਪੁਲਿਸ ਲਿਆਉਣਾ ਸਭ ਤੋਂ ਵੱਡਾ ਮੁੱਦਾ ਬਣਿਆ ਰਿਹਾ। ਬ੍ਰੈਂਡਾ ਲੌਕ ਵੱਲੋਂ ਆਰ ਸੀ ਐਮ ਪੀ ਦੀ ਹੋਂਦ ਬਰਕਰਾਰ ਰੱਖਣ ਦੇ ਵਾਅਦੇ ਨੂੰ ਲੋਕਾਂ ਵੱਲੋਂ ਪਸੰਦ ਕੀਤਾ ਗਿਆ ਅਤੇ ਬ੍ਰੈਂਡਾ ਲੌਕ ਨੂੰ ਮੇਅਰ ਚੁਣ ਲਿਆ ਗਿਆ ਹੁਣ ਬ੍ਰੈਂਡਾ ਵੱਲੋਂ ਆਪਣੇ ਇਸ ਵਾਅਦੇ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ ਗਿਆ ਹੈ।

## 54 ਮਿਲੀਅਨ ਡਾਲਰ ਦੀ ਅਰਾਈਵ ਕੈਨ ਐਪ ਸਬੰਧੀ ਜਸਟਿਨ ਟਰੂਡੋ ਨੇ ਸਪੱਸ਼ਟੀਕਰਨ ਦਿੱਤਾ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਮਹਾਂਮਾਰੀ ਦੇ ਦੌਰਾਨ ਕੈਨੇਡਾ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਅਰਾਈਵ ਕੈਨ ਐਪ ਜਿਸ ਉੱਪਰ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਯਾਤਰੀਆਂ ਵੱਲੋਂ ਆਪਣੀ ਜਾਣਕਾਰੀ ਅਪਲੋਡ ਕੀਤੀ ਜਾਂਦੀ ਸੀ । ਹੁਣ ਇਸ ਐਪ ਉਪਰ ਜਾਣਕਾਰੀ ਦੇ ਨਿਯਮ ਨੂੰ ਸਮਾਪਤ ਕਰ ਦਿੱਤਾ ਗਿਆ ਹੈ । ਇਹ ਐਪ ਤਾਂ ਭਾਵੇਂ ਹੁਣ ਵਰਤੋਂ ਵਿਚ ਨਹੀਂ ਰਹੀ ਪਰ ਇਸ ਉੱਪਰ ਖ਼ਰਚੇ ਗਏ 54 ਮਿਲੀਅਨ ਡਾਲਰਾਂ ਕਾਰਨ ਸਰਕਾਰ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਇਸ ਸੰਬੰਧੀ ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਸਪੱਸ਼ਟੀਕਰਨ ਦਿੰਦਿਆਂ ਆਖਿਆ ਕਿ ਕਰੋਨਾ ਮਹਾਂਮਾਰੀ ਦੇ ਦੌਰਾਨ ਸਾਡੀ ਪਹਿਲ ਕੈਨੇਡਾ ਦੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਸੀ,ਜਿਸ ਲਈ ਵੱਖ ਵੱਖ ਤਰ੍ਹਾਂ ਦੇ ਟੂਲ ਵਰਤੇ ਜਾ ਰਹੇ ਸਨ । ਅਰਾਈਵ ਕੈਨ ਸਬੰਧੀ ਉਨ੍ਹਾਂ ਆਖਿਆ ਕਿ ਮੈਂ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਲਈ ਪ੍ਰਤੀਯੋਗੀ ਪ੍ਰਕਿਰਿਆ ਅਪਣਾਈ ਗਈ ਹੈ।




## 17ਵਾਂ ਪਰਵਾਸੀ ਭਾਰਤੀ ਸੰਮੇਲਨ 8 ਤੋਂ 10 ਜਨਵਰੀ ਨੂੰ ਇੰਦੌਰ ਵਿੱਚ ਹੋਵੇਗਾ




ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਸਰਕਾਰ ਵੱਲੋਂ ਸਤਾਰਵਾਂ ਪਰਵਾਸੀ ਭਾਰਤੀ ਸੰਮੇਲਨ ਅਗਲੇ ਸਾਲ ਜਨਵਰੀ ਮਹੀਨੇ ਵਿੱਚ ਅੱਠ ਤੋਂ ਦਸ ਜਨਵਰੀ ਦੇ ਦੌਰਾਨ ਮੱਧ ਪ੍ਰਦੇਸ਼ ਦੇ ਇੰਦੌਰ ਵਿਖੇ ਕਰਵਾਇਆ ਜਾ ਰਿਹਾ ਹੈ । ਇਸ ਸੰਮੇਲਨ ਸਬੰਧੀ ਵੈਂਬਸਾਈਟ ਲਾਂਚ ਕੀਤੀ ਗਈ ਹੈ, ਜਿਸ ਵਿੱਚ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ, ਵਿਦੇਸ਼ ਰਾਜ ਮੰਤਰੀ ਵੀ ਮੁਰਲੀਧਰਨ ਦੀ ਮੌਜੂਦਗੀ ਵਿੱਚ ਸੰਬੋਧਨ ਕਰਦਿਆਂ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਆਖਿਆ ਕਿ ਇਸ ਵਕਤ ਵਿਦੇਸ਼ਾਂ ਵਿਚ ਲਗਪਗ ਤਿੰਨ ਕਰੋੜ ਵੀਹ ਲੱਖ ਭਾਰਤੀ ਰਹਿ ਰਹੇ ਹਨ ਜਿਨ੍ਹਾਂ ਵਿੱਚੋਂ ਇੱਕ ਕਰੋੜ ਅੱਸੀ ਲੱਖ ਭਾਰਤੀਆਂ ਨੇ ਉਨ੍ਹਾਂ ਦੇਸ਼ਾਂ ਦੀ ਨਾਗਰਿਕਤਾ ਹਾਸਲ ਕਰ ਲਈ ਹੈ ਜਿਨ੍ਹਾਂ ਦੇਸ਼ਾਂ ਵਿਚ ਉਹ ਰਹਿੰਦੇ ਹਨ। ਜਦੋਂ ਕਿ ਇੱਕ ਕਰੋੜ ਚਾਲੀ ਲੱਖ ਦੇ ਕਰੀਬ ਪਰਵਾਸੀ ਭਾਰਤੀਆਂ ਕੋਲ ਭਾਰਤੀ ਪਾਸਪੋਰਟ ਹੈ ਉਨ੍ਹਾਂ ਆਖਿਆ ਕਿ ਵਿਦੇਸ਼ਾਂ ਵਿੱਚ ਵਸੇ ਭਾਰਤੀਆਂ ਨੇ ਹਰੇਕ ਖੇਤਰ ਵਿੱਚ ਸਖ਼ਤ ਮਿਹਨਤ ਨਾਲ ਆਪਣਾ ਮੁਕਾਮ ਹਾਸਲ ਕੀਤਾ ਹੈ। ਉਨ੍ਹਾਂ ਆਖਿਆ ਕਿ ਪਰਵਾਸੀ ਭਾਰਤੀ ਸੰਮੇਲਨ ਇੱਕ ਅਜਿਹਾ ਪਲੇਟਫਾਰਮ ਹੈ ਜਿਸ ਰਾਹੀਂ ਪਰਵਾਸੀ ਭਾਰਤੀ ਆਪਣੇ ਤਜਰਬੇ ਸਾਂਝੇ ਕਰਦਿਆਂ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਬਣਾ ਸਕਦੇ ਹਨ।

## ਬੈਂਕਾਂ ਅਨੁਸਾਰ ਕੈਨੇਡਾ ਵਿੱਚ ਅਗਲੇ ਸਾਲ ਦੇ ਸ਼ੁਰੂ ਵਿੱਚ ਮੰਦਵਾੜਾ ਆ ਸਕਦਾ ਹੈ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਫੈਡਰਲ ਸਰਕਾਰ ਵੱਲੋਂ ਬੀਤੇ ਕਈ ਹਫ਼ਤਿਆਂ ਤੋਂ ਇਹ ਦਾਅਵੇ ਕੀਤੇ ਜਾ ਰਹੇ ਹਨ ਕਿ ਮਹਿੰਗਾਈ ਉੱਪਰ ਕਾਬੂ ਪਾਉਣ ਲਈ ਸਰਕਾਰ ਸਿਰ ਤੋੜ ਯਤਨ ਕਰ ਰਹੀ ਹੈ ਪਰ ਹਕੀਕੀ ਤੌਰ ਤੇ ਅਜੇ ਇਸ ਦੇ ਨਤੀਜੇ ਮਿਲਦੇ ਨਜ਼ਰ ਨਹੀਂ ਆ ਰਹੇ। ਹਾਊਸਿੰਗ ਮਾਰਕੀਟ ਬਾਰੇ ਵੀ ਸਰਕਾਰ ਵੱਲੋਂ ਇਹ ਦਾਅਵੇ ਕੀਤੇ ਜਾਂਦੇ ਰਹੇ ਹਨ ਕਿ ਵਧੀਆਂ ਹੋਈਆਂ ਵਿਆਜ ਦਰਾਂ ਨਾਲ ਹਾਊਸਿੰਗ ਮਾਰਕੀਟ ਨੂੰ ਠੱਲ੍ਹ ਪਵੇਗੀ। ਪਰ ਜੇਕਰ ਕੈਨੇਡਾ ਦੇ ਪ੍ਰਮੁੱਖ ਸ਼ਹਿਰ ਵੈਨਕੂਵਰ ਅਤੇ ਟੋਰਾਂਟੋ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਹਾਊਸਿੰਗ ਮਾਰਕੀਟ ਅਜੇ ਵੀ ਉਸੇ ਤਰ੍ਹਾਂ ਚੱਲ ਰਹੀ ਹੈ। ਘਰਾਂ ਦੀਆਂ ਕੀਮਤਾਂ ਵਿੱਚ ਰਿਕਾਰਡ ਵਾਧਾ ਦਰਜ ਕੀਤਾ ਗਿਆ ਹੈ। ਇਹ ਜਾਣਕਾਰੀ ਸਵਿਸ ਬੈਂਕ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਸਾਂਝੀ ਕੀਤੀ ਗਈ ਹੈ। ਪਿਛਲੇ ਦਿਨੀਂ ਟੀਡੀ ਬੈਂਕ ਵੱਲੋਂ ਇਹ ਭਵਿੱਖਬਾਣੀ ਕੀਤੀ ਗਈ ਸੀ ਕਿ ਅਗਲੇ ਸਾਲ ਦੇ ਸ਼ੁਰੂ ਵਿਚ ਕੈਨੇਡਾ ਵਿਚ ਘਰਾਂ ਦੀਆਂ ਔਸਤਨ ਕੀਮਤਾਂ ਵਿੱਚ ਕਮੀ ਆਵੇਗੀ। ਇਸ ਦੇ ਨਾਲ ਹੀ ਅਗਲੇ ਸਾਲ ਕੈਨੇਡਾ ਵਿੱਚ ਮੰਦੀ ਆਉਣ ਦੀਆਂ ਵੀ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ ।ਹੁਣ ਇਸੇ ਤਰ੍ਹਾਂ ਦੀ ਇਕ ਭਵਿੱਖਬਾਣੀ ਆਰਬੀਸੀ ਬੈਂਕ ਦੇ ਵਿੱਤੀ ਮਾਹਿਰਾਂ ਵੱਲੋਂ ਕੀਤੀ ਗਈ ਹੈ ਜਿਨ੍ਹਾਂ ਅਨੁਸਾਰ ਅਗਲੇ ਸਾਲ ਦੀ ਪਹਿਲੀ ਤਿਮਾਹੀ ਵਿੱਚ ਕੈਨੇਡਾ ਨੂੰ ਮੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਇੰਡੋ ਕੈਨੇਡੀਅਨ ਐਸੋਸੀਏਸ਼ਨ ਆਫ ਇਮੀਗ੍ਰਾਂਟ ਸੀਨੀਅਰ ਦੇ ਜਰਨੈਲ ਸਿੰਘ ਤੱਗੜ ਮੁੜ ਪ੍ਰਧਾਨ ਬਣੇ

### ਡਾ: ਮਹਿੰਦਰ ਸਿੰਘ ਹੱਲਣ ਨੂੰ ਐਸੋਸੀਏਸ਼ਨ ਦਾ ਸਰਪ੍ਰਸਤ ਥਾਪਿਆ ਗਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫਾਲਕਿਨਰਿੱਜ ਕਮਿਊਨਟੀ ਹਾਲ ਵਿੱਚ ਇੰਡੋ ਕੈਨੇਡੀਅਨ ਐਸੋਸੀਏਸ਼ਨ ਆਫ ਇਮੀਗ੍ਰਾਂਟ ਸੀਨੀਅਰ ਦੀ ਮੀਟਿੰਗ ਜਰਨੈਲ ਤੱਗੜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਸਮਾਪਤੀ ਤੋਂ ਬਾਅਦ ਐਸੋਸੀਏਸ਼ਨ ਦੇ ਸਕੱਤਰ ਨਰਿੰਦਰ ਸਿੰਘ ਢਿੱਲੋਂ ਨੇ ਜਾਰੀ ਕੀਤੇ ਪ੍ਰੈੱਸ ਨੋਟ ਵਿੱਚ ਦੱਸਿਆ ਕਿ ਐਸੋਸੀਏਸ਼ਨ ਦੀ ਅਗਲੀ ਟਰਮ ਲਈ ਚੋਣ ਕੀਤੀ ਗਈ ਹੈ । ਚੋਣ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਨ ਲਈ ਸ੍ਰੀ ਜੋਗਿੰਦਰ ਸਿੰਘ ਢਿੱਲੋਂ ਰਿਟਾਇਰਡ ਪ੍ਰਿੰਸੀਪਲ ਨੂੰ ਪ੍ਰਜਾਈਡਿੰਗ ਅਫ਼ਸਰ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਚੋਣ ਸੰਬੰਧੀ ਸਮੂਹ ਮੈਂਬਰਾਂ ਨੇ ਆਪਣੇ ਵਿਚਾਰ ਰੱਖੇ ਤੇ ਪਹਿਲਾਂ ਤੋਂ ਹੀ ਕੰਮ ਕਰਦੀ ਆ ਰਹੀ ਕਮੇਟੀ ਦੇ ਕੰਮ ਤੇ ਤਸੱਲੀ ਪ੍ਰਗਟ ਕਰਦਿਆਂ ਸਰਬਸੰਮਤੀ ਨਾਲ ਮੁੜ ਉਸੇ ਦੀ ਹੀ ਚੋਣ ਕਰ ਦਿੱਤੀ ਗਈ । ਦੋ ਕੁ ਮੈਂਬਰ ਜੋ ਮਾੜੀ ਸਿਹਤ ਕਾਰਨ ਸਰਗਰਮ ਨਹੀਂ ਹੋ ਸਕਦੇ ਸਨ ਉਨ੍ਹਾਂ ਦੀ ਥਾਂ ਨਵੇਂ ਮੈਂਬਰਾਂ ਨੂੰ ਸ਼ਾਮਲ ਕਰ ਲਿਆ ਗਿਆ। ਹੁਣ ਨਵੀਂ ਚੋਣ ਅਨੁਸਾਰ ਸਰਵ ਸ੍ਰੀ ਜਰਨੈਲ ਸਿੰਘ ਤੱਗੜ ਪ੍ਰਧਾਨ ਹੋਣਗੇ। ਦਿਲਾਵਰ ਸਿੰਘ ਸਮਰਾ ਮੀਤ ਪ੍ਰਧਾਨ, ਨਰਿੰਦਰ ਸਿੰਘ ਢਿੱਲੋਂ ਸਕੱਤਰ, ਪ੍ਰੇਮ ਭੰਡਾਰੀ ਕੈਸ਼ੀਅਰ, ਡਾ ਮਨਜੀਤ ਸਿੰਘ ਸੋਹਲ, ਸੁਖਦਰਸ਼ਨ ਸਿੰਘ ਜੱਸਲ, ਰਣਜੀਤ ਸਿੰਘ ਆਹਲੂਵਾਲੀਆ, ਜਗਦੀਸ਼ ਸਿੰਘ ਚੋਹਕਾ, ਅਜਾਇਬ ਸਿੰਘ ਭੰਗੂ ਅਤੇ ਸ਼ਿਵ ਕੁਮਾਰ ਸ਼ਰਮਾ ਸਾਰੇ ਡਾਇਰੈਕਟਰ ਚੁਣੇ ਗਏ ਹਨ । ਸਭ ਮੈਂਬਰਾਂ ਤੋਂ ਵੱਡੀ ਉਮਰ 94 ਸਾਲ ਦੇ ਬਜ਼ੁਰਗ ਡਾ: ਮਹਿੰਦਰ ਸਿੰਘ ਹੱਲਣ ਨੂੰ ਐਸੋਸੀਏਸ਼ਨ ਦਾ ਸਰਪ੍ਰਸਤ ਥਾਪਿਆ ਗਿਆ। ਕੋਰੋਨਾ ਕਾਲ ਕਾਰਨ ਲਗਪਗ ਦੋ ਸਾਲ ਤੋਂ ਬਾਅਦ ਹੋਈ ਮੀਟਿੰਗ ਵਿੱਚ ਐਸੋਸੀਏਸ਼ਨ ਲਈ ਲੰਮੇ ਸਮੇਂ ਤੋਂ ਸਰਗਰਮ ਪੰਜ ਮੈਂਬਰਾਂ ਸਰਵਸ੍ਰੀ ਜੋਗਿੰਦਰ ਸਿੰਘ ਢਿੱਲੋਂ, ਸੁਦਰਸ਼ਨ ਸੈਣੀ, ਜਗਦੀਸ਼ ਸਿੰਘ ਚੋਹਕਾ, ਰਣਜੀਤ ਸਿੰਘ ਆਹਲੂਵਾਲੀਆ ਅਤੇ ਡਾ ਮਨਜੀਤ ਸਿੰਘ ਸੋਹਲ ਨੂੰ ਸਨਮਾਨਤ ਕਰਨ ਦਾ ਫ਼ੈਸਲਾ ਲਿਆ ਗਿਆ। ਸਨਮਾਨ ਸਮਾਰੋਹ ਵਿੱਚ ਸਾਰੇ ਮੈਂਬਰ ਆਪਣੇ ਪਰਿਵਾਰਕ ਮੈਂਬਰਾਂ ਨਾਲ ਸ਼ਾਮਲ ਹੋਣਗੇ । ਇੱਕ ਸ਼ੋਕ ਮਤੇ ਵਿੱਚ ਐਸੋਸੀਏਸ਼ਨ ਦੇ ਮੈਂਬਰ ਸਰਦਾਰ ਜਗੀਰ ਸਿੰਘ ਘੁੰਮਣ ਦੀ ਮੌਤ ਤੇ ਅਫ਼ਸੋਸ ਪ੍ਰਗਟ ਕੀਤਾ ਗਿਆ।




# ਬਰਫ ਵਾਲੀ ਖੇਡ ਹਾਕੀ ਦਾ ਪ੍ਰਬੰਧਕੀ ਢਾਂਚਾ ਤਿਲਕ ਗਿਆ ਹੈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਜਿਸਮਾਨੀ ਛੇੜਛਾੜ ਦੀਆਂ ਘਟਨਾਵਾਂ ਅਤੇ ਇਨ੍ਹਾਂ ਘਟਨਾਵਾਂ ਉੱਪਰ ਪਰਦਾ ਪਾਉਣ ਲਈ ਹਾਕੀ ਕੈਨੇਡਾ ਵੱਲੋਂ ਫੰਡਾਂ ਦੀ ਕੀਤੀ ਗਈ ਦੁਰਵਰਤੋਂ ਤੋਂ ਬਾਅਦ ਚਾਰੇ ਪਾਸਿਓਂ ਆਲੋਚਨਾ ਦਾ ਸ਼ਿਕਾਰ ਹੋ ਰਹੀ ਇਸ ਸੰਸਥਾ ਦੇ ਸਾਰੇ ਹੀ ਪ੍ਰਮੁੱਖ ਅਹੁਦੇਦਾਰਾਂ ਵੱਲੋਂ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਗਏ ਹਨ। ਹਾਲਾਂਕਿ ਦੇਸ਼ ਦੇ ਸਾਰੇ ਹੀ ਪ੍ਰਮੁੱਖ ਆਗੂਆਂ ਵੱਲੋਂ ਹਾਕੀ ਕੈਨੇਡਾ ਦੇ ਬਦਲ ਬਾਰੇ ਲੰਬੇ ਸਮੇਂ ਤੋਂ ਬਿਆਨ ਦਿੱਤੇ ਜਾ ਰਹੇ ਸਨ ਹੁਣ ਇਨ੍ਹਾਂ ਅਧਿਕਾਰੀਆਂ ਨੇ ਜੋ ਅਸਤੀਫ਼ੇ ਦਿੱਤੇ ਹਨ ਉਹ ਅਸਲ ਵਿੱਚ ਸਾਬਕਾ ਜੱਜ ਵੱਲੋਂ ਦਿੱਤੇ ਗਏ ਮਸ਼ਵਰੇ ਅਨੁਸਾਰ ਦਿੱਤੇ ਗਏ ਹਨ।

## ਪਾਕਿਸਤਾਨ ਅੰਦਰ ਸਿਆਸੀ ਹਿੱਲਜੁੱਲ ਹੋ ਰਹੀ ਹੈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ 'ਚ ਬੀਤੇ ਐਤਵਾਰ ਨੂੰ ਹੋਈਆਂ ਜ਼ਿਮਨੀ ਚੋਣਾਂ 'ਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਨੂੰ ਵੱਡੀ ਸਫਲਤਾ ਮਿਲੀ ਹੈ। ਪੀਟੀਆਈ ਨੇ ਨੈਸ਼ਨਲ ਅਸੈਂਬਲੀ ਤੇ ਪੰਜਾਬ ਵਿਧਾਨ ਸਭਾ ਦੀਆਂ ਕੁੱਲ 11 ਸੀਟਾਂ 'ਤੇ ਹੋਈਆਂ ਚੋਣਾਂ 'ਚੋਂ ਅੱਠ ਸੀਟਾਂ ਜਿੱਤ ਕੇ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਮਨੋਵਿਗਿਆਨਕ ਬੜ੍ਹਤ ਹਾਸਲ ਕਰ ਲਈ ਹੈ।

# ਰੂਸ ਵੱਲੋਂ ਯੂਕਰੇਨ ਦੀ ਰਾਜਧਾਨੀ ਕੀਵ ਉੱਪਰ ਡਰੋਨ ਹਮਲਿਆਂ 'ਚ 4 ਜਣਿਆਂ ਦੀ ਮੌਤ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਨੇ ਇੱਕ ਵਾਰ ਫਿਰ ਯੂਕਰੇਨ 'ਤੇ ਹਵਾਈ ਹਮਲਾ ਕੀਤਾ ਹੈ, ਜਿਸ 'ਚ ਕਈ ਲੋਕਾਂ ਦੀ ਮੌਤ ਹੋ ਗਈ ਹੈ। ਯੂਕਰੇਨ ਦੇ ਗ੍ਰਹਿ ਮੰਤਰੀ ਡੇਨਿਸ ਮੋਨਾਸਟਿਰਸਕੀ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਯੂਕਰੇਨ ਦੇ ਸ਼ਹਿਰਾਂ 'ਤੇ ਰੂਸੀ ਹਵਾਈ ਹਮਲਿਆਂ 'ਚ ਕਈ ਲੋਕ ਮਾਰੇ ਗਏ। ਇਸ ਤੋਂ ਪਹਿਲਾਂ ਰੂਸ ਕੈਮੀਕਾਜ਼ ਡਰੋਨ ਨਾਲ ਕੀਵ 'ਤੇ ਹਮਲਾ ਕਰ ਚੁੱਕਾ ਹੈ। ਇਸ ਦੌਰਾਨ ਸਾਇਰਨ ਦੀ ਉੱਚੀ ਆਵਾਜ਼ ਸੁਣਾਈ ਦਿੰਦੀ ਹੈ। ਇਨ੍ਹਾਂ ਹਮਲਿਆਂ ਨੇ ਘਰਾਂ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ। ਪਿਛਲੇ ਹਫਤੇ ਵੀ ਰੂਸ ਨੇ ਯੂਕਰੇਨ 'ਤੇ ਭਿਆਨਕ ਹਮਲਾ ਕੀਤਾ ਸੀ, ਜਿਸ 'ਚ ਕਈ ਲੋਕ ਮਾਰੇ ਗਏ ਸਨ। ਇਸ ਤੋਂ ਪਹਿਲਾਂ ਪੂਰਬੀ ਯੂਕਰੇਨ ਦੇ ਸ਼ਹਿਰ ਡੋਨੇਟਸਕ 'ਚ ਮੇਅਰ ਦੇ ਦਫਤਰ 'ਤੇ ਰਾਕੇਟ ਨਾਲ ਹਮਲਾ ਕੀਤਾ ਗਿਆ। ਇਸ ਹਮਲੇ 'ਚ ਦਫਤਰ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਸਥਾਨਕ ਵੱਖਵਾਦੀ ਅਧਿਕਾਰੀਆਂ ਨੇ ਹਮਲੇ ਦਾ ਦੋਸ਼ ਯੂਕਰੇਨ 'ਤੇ ਲਗਾਇਆ ਹੈ। ਰੂਸ ਦੇ ਬੇਲਗੋਰੋਡ 'ਚ ਹੋਏ ਹਮਲੇ 'ਚ 11 ਫੌਜੀ ਮਾਰੇ ਗਏ ਤੇ 15 ਜ਼ਖਮੀ ਹੋ ਗਏ। ਯੂਕਰੇਨ ਵਿਚ ਜੰਗ ਕਾਰਨ ਵਧੇ ਤਣਾਅ ਦੇ ਮੱਦੇਨਜ਼ਰ 'ਨਾਟੋ' ਨੇ ਉੱਤਰ-ਪੱਛਮੀ ਯੂਰੋਪ ਵਿਚ ਸਾਲਾਨਾ ਪਰਮਾਣੂ ਅਭਿਆਸ ਆਰੰਭ ਦਿੱਤਾ ਹੈ। ਜ਼ਿਕਰਯੋਗ ਹੈ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਆਪਣੇ ਮੁਲਕ ਦੇ ਖੇਤਰਾਂ ਦੀ ਰਾਖੀ ਲਈ ਕੋਈ ਵੀ ਕਦਮ ਚੁੱਕਣ ਦੀ ਚਿਤਾਵਨੀ ਦਿੱਤੀ ਹੈ। ਨਾਟੋ ਗੱਠਜੋੜ ਦੇ 30 ਮੈਂਬਰਾਂ ਵਿੱਚੋਂ 14 ਇਨ੍ਹਾਂ ਅਭਿਆਸਾਂ ਵਿਚ ਹਿੱਸਾ ਲੈਣਗੇ, ਤੇ ਇਸ ਵਿੱਚ 60 ਜਹਾਜ਼ ਸ਼ਾਮਲ ਹੋਣਗੇ। ਉਧਰ, ਰੂਸ ਵੱਲੋਂ ਯੂਕਰੇਨ 'ਤੇ ਧਮਾਕਾਖੇਜ਼ ਸਮੱਗਰੀ ਨਾਲ ਲੱਦੇ ਡਰੋਨਾਂ ਰਾਹੀਂ ਹਮਲੇ ਕੀਤੇ ਜਾ ਰਹੇ ਹਨ। ਕੀਵ ਵਿੱਚ ਇਸ ਕਾਰਨ ਕਈ ਇਮਾਰਤਾਂ ਨੂੰ ਅੱਗ ਲੱਗ ਗਈ ਤੇ ਲੋਕਾਂ ਨੂੰ ਬਾਹਰ ਸ਼ਰਨ ਲੈਣੀ ਪਈ। ਹਮਲਿਆਂ ਵਿੱਚ ਇਰਾਨ ਦੇ ਬਣੇ ਡਰੋਨ ਵੀ ਵਰਤੇ ਗਏ ਹਨ।

MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING
OWNER OPERATOR
NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

FASTARA CARRIER
HIRING NEW OWNER-OPREATOR AND DRIVERS
AT BOTH TERMINALS
ਓਨਰ-ਓਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ
• Automatic Truck
• Long Haul US-Canada Runs
• Dedicated Runs
• Great Mile Rates
• Will Help With Immigration
Apply Now
Send Resume at:
Email: Info@fastaracarrier.com
Phone:1800-210-5201
Cell: 639 560 0561

FREE
ਸਾਨੂੰ ਡਰਾਇਵਰਾਂ ਦੀ ਵੀ ਲੋੜ ਹੈ
FREE
SWIFT CABS
YOUR DESTINATION IS OUR GOAL
CONTACT: BILL SINGH
306 515 0604
GREAT NEWS: NO DISPATCH FEES FOR NEW OPERATORS
306-999-2229
www.swiftcabs.ca
PROUDLY SERVING REGINA
SWIFT CABS WILL PROVIDE FOLLOWING BENEFITS TO THE OPERATIONS AND EMPLOYERS ABSOLUTELY FREE:
• GROUP HEALTH & DENTAL BENEFITS
• LONG TERM DISABILITY BENEFITS
• LOTS OF OTHER EMPLOYEE BENEFITS INCLUDED
ALL BENEFITS WILL BE PROVIDED BY CANADA'S BEST AND LARGEST INSURANCE COMPANY FOR FREE
TaxiCaller

CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Khalsa Professional Services Corp.
Gurtej Singh Grewal
Accountant
• Tax filling
• New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700 Montague Street Regina Saskathcewan, S4S 0J9

Gurtej Singh Grewal
Mortgage Associate
License # 316959
ਕਿਸੇ ਵੀ ਕਿਸਮ ਦੀ ਮੌਰਗੇਜ ਕਰਵਾਉਣ ਲਈ ਇੱਕ ਵਾਰ ਸਾਡੇ ਰੇਟ ਜ਼ਰੂਰ ਚੈਕ ਕਰੋ।
The Mortgage Centre
We work for you, not the lenders.
Fax: 1-855-621-0802
Website- kpscorp.ca
Email: grewal.g@mortgagecentre.com
www: mortgagecentre.com/gurtejgrewal
#10-2700 MONTAGUE ST, REGINA (SK) S4S 0J9
Office: 306 450 3223
Cell: 306 501 4070